Punjabi Parwaz

# ਪੰਜਾਬੀ ਪਰਵਾਜ਼

ਅੰਕ 17ਵਾਂ (ਸ਼ਿਕਾਗੋ): 6 ਜਨਵਰੀ ਤੋਂ 19 ਜਨਵਰੀ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਪੰਜਾਬ ਦੀਆਂ ਝਾਕੀਆਂ ਰੱਦ ਕਰਨ ’ਤੇ ਸਿਆਸੀ ਰੇੜਕਾ

**ਜਸਵੀਰ ਸਿੰਘ ਸ਼ੀਰੀ**

### ਗਣਤੰਤਰ ਦਿਵਸ ਪਰੇਡ-2024

### ਆਜ਼ਾਦੀ ਸੰਘਰਸ਼ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੇ ਪੰਜਾਬ ਦੇ ਸ਼ਹੀਦਾਂ ਦਾ ਅਪਮਾਨ-ਭਗਵੰਤ ਮਾਨ

26 ਜਨਵਰੀ ਨੂੰ ਨਵੀਂ ਦਿੱਲੀ ਵਿੱਚ ਗਣਤੰਤਰ ਦਿਵਸ ਪਰੇਡ ਲਈ ਪੰਜਾਬ ਸਰਕਾਰ ਵੱਲੋਂ ਤਜਵੀਜ਼ ਕੀਤੀਆਂ ਗਈਆਂ ਤਿੰਨੋਂ ਝਾਕੀਆਂ ਕੇਂਦਰ ਸਰਕਾਰ ਵੱਲੋਂ ਰੱਦ ਕਰ ਦਿੱਤੀਆਂ ਗਈਆਂ ਹਨ। ਇਸ ਵਾਰ ਦੀ ਗਣਤੰਤਰ ਦਿਵਸ ਪਰੇਡ ਵਿੱਚ 20 ਸੂਬਿਆਂ ਦੀਆਂ ਝਾਕੀਆਂ ਵਿਖਾਈਆਂ ਜਾਣਗੀਆਂ, ਪਰ ਇਨ੍ਹਾਂ ਵਿੱਚ ਪੰਜਾਬ ਦੀਆਂ ਝਾਕੀਆਂ ਲਗਾਤਾਰ ਦੂਜੀ ਵਾਰ ‘ਤਕਨੀਕੀ ਕਾਰਨਾਂ’ ਕਰਕੇ ਰੱਦ ਕਰ ਦਿੱਤਿਆਂ ਗਈਆਂ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਦੀ ਜ਼ੋਰਦਾਰ ਆਲੋਚਨਾ ਕੀਤੀ ਹੈ ਅਤੇ ਕਿਹਾ ਕਿ ਪੰਜਾਬ ਨਾਲ ਸਬੰਧਤ ਤਿੰਨੋਂ ਝਾਕੀਆਂ 20 ਜਨਵਰੀ ਤੋਂ ਦਿੱਲੀ ਦੇ ਪੰਜਾਬ ਭਵਨ ਵਿੱਚ ਪ੍ਰਦਰਸ਼ਤ ਕੀਤੀਆਂ ਜਾਣਗੀਆਂ। ਇਸ ਦਰਮਿਆਨ ਪੰਜਾਬ ਭਾਜਪਾ ਦੇ ਮੁਖੀ ਸੁਨੀਲ ਜਾਖੜ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਝਾਕੀਆਂ ਵਿੱਚ ਪੰਜਾਬ ਅਤੇ ਦਿੱਲੀ ਦੇ ਮੁੱਖ ਮੰਤਰੀਆਂ ਦੀਆਂ ਤਸਵੀਰਾਂ ਲੱਗੀਆਂ ਹੋਣ ਕਾਰਨ ਇਹ ਰੱਦ ਕੀਤੀਆਂ ਗਈਆਂ ਹਨ, ਜਦਕਿ ਕੇਂਦਰ ਸਰਕਾਰ ਦਾ ਆਖਣਾ ਹੈ ਕਿ ਕੁੱਝ ਤਕਨੀਕੀ ਕਾਰਨਾਂ ਕਰਕੇ ਇਹ ਝਾਕੀਆਂ ਰੱਦ ਕੀਤੀਆਂ ਗਈਆਂ ਹਨ।

ਯਾਦ ਰਹੇ, ਪੰਜਾਬ ਤੋਂ ਇਲਾਵਾ ਪੱਛਮੀ ਬੰਗਾਲ ਦੀਆਂ ਝਾਕੀਆਂ ਵੀ ਰੱਦ ਕੀਤੀਆਂ ਗਈਆਂ ਹਨ। ਬੀਤੇ ਦਿਨੀਂ ਇਸ ਮਸਲੇ ਨੂੰ ਲੈ ਕੇ ਬੁਲਾਈ ਇੱਕ ਪ੍ਰੈਸ ਕਾਨਫਰੰਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਵੱਲੋਂ ਗਣਤੰਤਰ ਦਿਵਸ ‘ਤੇ ਝਾਕੀ ਬਾਰੇ ਪੁੱਛੇ ਜਾਣ ‘ਤੇ ਤਿੰਨ ਬਦਲ ਭੇਜੇ ਜਾਣ ਦੀ ਗੱਲ ਕੀਤੀ ਸੀ। ਪੰਜਾਬ ਵੱਲੋਂ ਤਿੰਨੇ ਬਦਲ ਤਿਆਰ ਕੀਤੇ ਗਏ ਸਨ। ਪਹਿਲਾ ਪੰਜਾਬ ਦੀਆਂ ਸ਼ਹਾਦਤਾਂ ਅਤੇ ਕੁਰਬਾਨੀਆਂ ਬਾਰੇ ਹੈ। ਦੂਜਾ ਮਾਈ ਭਾਗੋ ਇਸਤਰੀ ਸ਼ਕਤੀ ਕਰਨ ਅਤੇ ਤੀਜਾ ਪੰਜਾਬ ਦਾ ਅਮੀਰ ਵਿਰਸਾ ਤੇ ਇਸ ਦੀ ਪੇਸ਼ਕਾਰੀ ਹੈ। ਤਿੰਨਾਂ ਦੇ ਦੋ-ਦੋ ਡਿਜ਼ਾਈਨ ਭੇਜੇ ਗਏ ਸਨ, ਪਰ ਇਹ ਸਾਰੇ ਤਕਨੀਕੀ ਕਾਰਨਾਂ ਦੀ ਢੁੱਚਰ ਡਾਹ ਕੇ ਰੱਦ ਕਰ ਦਿੱਤੇ ਗਏ। ਸ. ਮਾਨ ਨੇ ਕਿਹਾ ਕਿ ਭਾਜਪਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਝਾਕੀ (ਸੰਕਲਪ ਯਾਤਰਾ) ਲੈ ਕੇ ਦੇਸ਼ ਵਿੱਚ ਘੁੰਮ ਰਹੀ ਹੈ, ਕੀ ਨਰਿੰਦਰ ਮੋਦੀ ਸ਼ਹੀਦਾਂ ਨਾਲੋਂ ਵੀ ਉੱਪਰ ਹੋ ਗਏ ਹਨ? ਇਸ ਮੁੱਦੇ ‘ਤੇ ਪ੍ਰਤੀਕਰਮ ਦਿੰਦਿਆਂ ਭਾਜਪਾ ਦੇ ਕੌਮੀ ਬੁਲਾਰੇ ਆਰ.ਪੀ. ਸਿੰਘ ਨੇ ਕਿਹਾ ਕਿ ਭਗਵੰਤ ਮਾਨ ਸਿਆਸਤ ਕਰ ਰਹੇ ਹਨ। ਇਹ ਝਾਕੀਆਂ ਕਿਸੇ ਤਕਨੀਕੀ ਕਾਰਨ ਕਰਕੇ ਰੱਦ ਕੀਤੀਆਂ ਗਈਆਂ ਹੋਣਗੀਆਂ। ਭਗਵੰਤ ਮਾਨ ਨੂੰ ਹਰ ਮੁੱਦੇ ‘ਤੇ ਸਿਆਸਤ ਕਰਨ ਦੀ ਆਦਤ ਹੈ। ਪੰਜਾਬ ਭਾਜਪਾ ਦੇ ਮੁਖੀ ਸੁਨੀਲ ਜਾਖੜ ਨੇ ਮੁੱਖ ਮੰਤਰੀ ਦੇ ਬਿਆਨ ‘ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਗਣਤੰਤਰ ਦਿਵਸ ਪਰੇਡ ਵਿੱਚ ਪੰਜਾਬ ਦੀ ਝਾਕੀ ਨੂੰ ਥਾਂ ਨਾ ਮਿਲਣਾ ਯਕੀਨਨ ਸਾਡੇ ਲਈ ਨਿਰਾਸ਼ਾਜਨਕ ਹੈ, ਪਰ ਭਾਵਨਾਵਾਂ ਭੜਕਾਉਣ ਲਈ ਇਸ ਮੁੱਦੇ ਦਾ ਫਾਇਦਾ ਉਠਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਦੀ ਭਾਸ਼ਾ ਮੁੱਖ ਮੰਤਰੀ ਨੇ ਇਸਤੇਮਾਲ ਕੀਤੀ ਹੈ, ਉਹ ਕਿਸੇ ਵੀ ਪੰਜਾਬੀ ਨੂੰ ਸੋਭਾ ਨਹੀਂ ਦਿੰਦੀ। ਆਪਣੇ ਇੱਕ ਹੋਰ ਬਿਆਨ ਵਿੱਚ ਉਨ੍ਹਾਂ ਇਹ ਇਲਜ਼ਾਮ ਵੀ ਲਗਾਇਆ ਕਿ ਪੰਜਾਬ ਅਤੇ ਦਿੱਲੀ ਦੇ ਮੁੱਖ ਮੰਤਰੀਆਂ ਦੀਆਂ ਫੋਟੋਆਂ ਇਨ੍ਹਾਂ ਝਾਕੀਆਂ ਵਿੱਚ ਲੱਗੀਆਂ ਹੋਣ ਕਾਰਨ ਇਨ੍ਹਾਂ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ। ਸੁਨੀਲ ਜਾਖੜ ਦੇ ਇਸ ਬਿਆਨ ਦਾ ਜੁਆਬ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜੇ ਕਿਸੇ ਵੀ ਝਾਕੀ ਵਿੱਚ ਮੇਰੀ ਤੇ ਕੇਜਰੀਵਾਲ ਦੀ ਫੋਟੋ ਲੱਗੀ ਸੁਨੀਲ ਜਾਖੜ ਸਾਬਤ ਕਰ ਦੇਣ ਤਾਂ ਮੈਂ ਸਿਆਸਤ ਛੱਡ ਦਿਆਂਗਾ, ਨਹੀਂ ਤਾਂ ਸੁਨੀਲ ਜਾਖੜ ਪੰਜਾਬ ਵਿੱਚ ਪੈਰ ਨਾ ਪਾਉਣ। ਮੁੱਖ ਮੰਤਰੀ ਨੇ ਕਿਹਾ ਕਿ ਸੁਨੀਲ ਜਾਖੜ ਨਵੇਂ-ਨਵੇਂ ਭਾਜਪਾ ਵਿੱਚ ਗਏ ਹਨ, ਇਸ ਲਈ ਝੂਠ ਬੋਲਣ ਵਿੱਚ ਹਾਲੇ ਉਹ ਪੂਰੇ ਮਾਹਿਰ ਨਹੀਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਤੱਥ ਛੁਪਾਉਣ ਲਈ ਹਮੇਸ਼ਾ ਹਾਈਕਮਾਂਡ ਤੋਂ ਤਿਆਰ-ਬਰ-ਤਿਆਰ ਸਕਰਿਪਟ ਦਾ ਰਟਣ ਮੰਤਰ ਕਰਦੇ ਹਨ। ਉਨ੍ਹਾਂ ਕਿਹਾ ਕਿ 26 ਜਨਵਰੀ ਨੂੰ ਪੰਜਾਬ ਵਿੱਚ ਹੋਣ ਵਾਲੇ ਸਾਰੇ ਸਮਾਗਮਾਂ ਵਿੱਚ ਇਨ੍ਹਾਂ ਝਾਕੀਆਂ ਨੂੰ ਵਿਖਾਇਆ ਜਾਵੇਗਾ। ਇਸ ਤੋਂ ਇਲਾਵਾ 20 ਜਨਵਰੀ ਤੋਂ ਦਿੱਲੀ ਦੇ ਪੰਜਾਬ ਭਵਨ ਵਿਖੇ ਇਨ੍ਹਾਂ ਝਾਕੀਆਂ ਨੂੰ ਪ੍ਰਦਰਸ਼ਤ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਦੱਸਿਆ ਕਿ ਝਾਕੀਆਂ ਵਿੱਚ ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਭਾ, ਰਾਜਗੁਰੂ, ਸੁਖਦੇਵ ਅਤੇ ਲਾਲਾ ਲਾਜਪਤ ਰਾਏ ਦੀਆਂ ਫੋਟੋਆਂ ਹਨ। ਮਾਈ ਭਾਗੋ ਦਾ ਜ਼ਿਕਰ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੇ ਸੂਬੇ ਦਾ ਸਭਿਆਚਾਰ ਚੰਗਾ ਨਹੀਂ ਲੱਗਿਆ। ਉਂਝ ਕੇਂਦਰੀ ਰੱਖਿਆ ਮੰਤਰਾਲੇ ਨੇ ਕਿਹਾ ਕਿ ਪੰਜਾਬ ਦੀ ਝਾਕੀ ਨੂੰ 23 ਤੋਂ 31 ਜਨਵਰੀ ਤੱਕ ਲਾਲ ਕਿਲੇ ‘ਤੇ ਆਯੋਜਤ ਕੀਤੇ ਜਾਣ ਵਾਲੇ ‘ਭਾਰਤ ਪਰਵ’ ਵਿੱਚ ਭੇਜ ਦਿੱਤਾ ਜਾਵੇ। ਪਰ ਪੰਜਾਬ ਦੇ ਮੁੱਖ ਮੰਤਰੀ ਨੇ ਕੇਂਦਰ ਦੀ ਇਸ ਤਜਵੀਜ਼ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ‘ਨਾ-ਮਨਜ਼ੂਰ ਸ਼੍ਰੇਣੀ ਵਿਚ’ ਪ੍ਰਦਰਸ਼ਿਤ ਕੀਤੀਆਂ ਜਾਣ ਵਾਲੀਆਂ ਝਾਕੀਆਂ ਵਿੱਚ ਉਹ ਪੰਜਾਬ ਦੀ ਝਾਕੀ ਨਹੀਂ ਭੇਜਣਗੇ। ਉਧਰ ਰੱਖਿਆ ਮੰਤਰਾਲੇ ਨੇ ਜਵਾਬ ਵਿੱਚ ਕਿਹਾ ਹੈ ਕਿ ਇਸ ਸਾਲ ਦੇ ਥੀਮ ਦੇ ਅਨੁਕੂਲ ਨਾ ਹੋਣ ਕਰਕੇ ਪੰਜਾਬ ਦੀ ਝਾਕੀ ਤੀਜੇ ਗੇੜ ਤੋਂ ਅੱਗੇ ਨਹੀਂ ਜਾ ਸਕੀ। ਮੰਤਰਾਲੇ ਦਾ ਕਹਿਣਾ ਹੈ ਕਿ ਵਿਸ਼ਾ ਮਾਹਿਰਾਂ ਵੱਲੋਂ ਝਾਕੀ ਦੀ ਤਕਨੀਕੀ ਨਜ਼ਰੀਏ ਤੋਂ ਘੋਖ ਕੀਤੀ ਜਾਂਦੀ ਹੈ।



**ਗੋਇੰਦਵਾਲ ਥਰਮਲ ਪਲਾਂਟ ਪੰਜਾਬ ਸਰਕਾਰ ਨੇ ਖਰੀਦਿਆ:** ਨਵੇਂ ਸਾਲ ਦੇ ਪਹਿਲੇ ਦਿਨ ਪੰਜਾਬ ਸਰਕਾਰ ਨੇ 1080 ਕਰੋੜ ਰੁਪਏ ਵਿੱਚ ਗੋਇੰਦਵਾਲ ਥਰਮਲ ਪਲਾਂਟ ਖਰੀਦ ਲਿਆ ਹੈ। ਮੁੱਖ ਮੰਤਰੀ ਨੇ ਇਸ ਖਰੀਦ ਨੂੰ ਇਤਿਹਾਸਕ ਕਿਹਾ ਹੈ। ਇਹ ਥਰਮਲ ਪਲਾਂਟ ਅਕਾਲੀ ਸਰਕਾਰ ਵੇਲੇ ਇੱਕ ਪ੍ਰਾਈਵੇਟ ਫਰਮ ਨੇ ਲਾਇਆ ਸੀ। ‘ਪੰਜਾਬੀ ਟ੍ਰਿਬਿਊਨ’ ਨੇ ਵੀ ਆਪਣੇ ਸੰਪਾਦਕੀ ਵਿੱਚ ਇਸ ਨੂੰ ਇਤਿਹਾਸਕ ਤੇ ਲਾਹੇ ਦਾ ਸੌਦਾ ਕਰਾਰ ਦਿੱਤਾ ਹੈ। ਅਖਬਾਰ ਅਨੁਸਾਰ ਨਿੱਜੀਕਰਨ ਦੀ ਹਨੇਰੀ ਵਿੱਚ ਇਹ ਉਲਟੇ ਰੁਖ ਪੁੱਟਿਆ ਗਿਆ ਕਦਮ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਪਲਾਂਟ ਦੀ ਖਰੀਦ ਨਾਲ ਪੰਜਾਬ ਨੂੰ ਬਿਜਲੀ ਸਸਤੀ ਪਵੇਗੀ ਅਤੇ ਪੰਜਾਬ ਨੂੰ 350 ਕਰੋੜ ਸਾਲਾਨਾ ਦਾ ਫਾਇਦਾ ਹੋਵੇਗਾ।

⇒ ਬਾਕੀ ਸਫਾ 4 ਉਤੇ ਪੜ੍ਹੋ

Maaco COLLISION REPAIR & AUTO PAINTING
AMERICA'S BODYSHOP
*We Work With All Insurance Co.
*Referrals Receive 10% Off
*We Replace Windshields
*Rental Car On Site *Free Towing
252 Commonweal Dr,
Carol Stream, IL 60188
Ph: 630-752-9240
MAACOCAROLSTREAM@YAHOO.COM
Jatin Patel






Rajveer S. Gill
847-907-1525
773-517-0574
www.RegalJewels.com



# ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ 'ਤੇ ਅੰਦੋਲਨ ਭਖਣ ਦੇ ਆਸਾਰ

ਪੰਜਾਬੀ ਪਰਵਾਜ਼ ਬਿਊਰੋ

## ਪੰਜ ਰਾਜਾਂ ਦੀਆਂ ਚੋਣਾਂ ਵਿੱਚ ਮਿਲੀ ਸਫਲਤਾ ਪਿੱਛੋਂ ਭਾਜਪਾ ਦੀ ਹੈਂਕੜ ਵਧੀ

ਬੰਦੀ ਸਿੰਘਾਂ ਦੀ ਰਿਹਾਈ ਅਤੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਗੁਮਸ਼ੁਦਗੀ/ਸ਼ਹਾਦਤ ਸਬੰਧੀ ਹਾਲ ਹੀ ਵਿੱਚ ਜਾਰੀ ਹੋਏ ਇੱਕ ਪੜਤਾਲੀਆ ਰਿਪੋਰਟ ਦੇ ਅੰਸ਼ ਰਵਾਇਤੀ ਅਕਾਲੀ ਸਿਆਸੀ ਲੀਡਰਸ਼ਿੱਪ ਲਈ ਵੱਡੀ ਔਕੜ ਬਣਦੇ ਵਿਖਾਈ ਦੇ ਰਹੇ ਹਨ। ਪਿੱਛੇ ਜਿਹੇ ਸ਼੍ਰੋਮਣੀ ਅਕਾਲੀ ਦਲ ਦੇ ਸਥਾਪਨਾ ਦਿਵਸ ਮੌਕੇ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਆਪਣੀ ਲੀਡਰਸ਼ਿਪ ਤੋਂ ਜਾਣੇ ਜਾਂ ਅਣਜਾਣੇ ਵਿੱਚ ਹੋਈਆਂ ਗਲਤੀਆਂ ਅਤੇ ਭੁੱਲਾਂ ਦੀ ਮੁਆਫੀ ਮੰਗੀ ਗਈ ਸੀ। ਇਸ ਤੋਂ ਬਾਅਦ ਕੁਝ ਦਿੱਲੀ ਦੇ ਸਿੱਖ ਆਗੂ ਅਕਾਲੀ ਦਲ ਵਿੱਚ ਪਰਤੇ ਹਨ। ਇਸ ਤੋਂ ਬਾਅਦ ਸੰਯੁਕਤ ਅਕਾਲੀ ਦਲ ਦੇ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਵੀ ਸੁਖਬੀਰ ਵੱਲੋਂ ਮੰਗੀ ਗਈ ਮੁਆਫੀ ਨੂੰ ਹਾਂਮੁਖੀ ਢੰਗ ਨਾਲ ਲਿਆ ਸੀ ਅਤੇ ਅਕਾਲੀ ਦਲ (ਬਾਦਲ) ਨਾਲ ਏਕਤਾ ਦੀ ਗੱਲ ਤੁਰ ਪਈ ਸੀ। ਢੀਂਡਸਾ ਗਰੁੱਪ ਵੱਲੋਂ ਏਕਤਾ ਦੇ ਮੁੱਦੇ 'ਤੇ ਆਪਣੇ ਕਾਡਰ ਦੀ ਰਾਏ ਲੈਣ ਲਈ ਇੱਕ ਕਮੇਟੀ ਦਾ ਵੀ ਗਠਨ ਕੀਤਾ ਗਿਆ ਹੈ; ਪਰ ਸਿੱਖ ਸਿਆਸਤ ਦੇ ਬਾਅਦ ਵਿੱਚ ਉਧੜੇ ਰਦੇਅਮਲ ਵਿੱਚ ਜਥੇਦਾਰ ਕਾਉਂਕੇ ਨੂੰ ਹਿਰਾਸਤ ਵਿੱਚ ਖੁਰਦ-ਬੁਰਦ ਕਰਨ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਦੇ ਉਭਰ ਆਉਣ ਕਾਰਨ ਅਕਾਲੀ ਏਕਤਾ ਵੱਟੇ-ਖਾਤੇ ਪੈਂਦੀ ਨਜ਼ਰ ਆ ਰਹੀ ਹੈ। ਇਸ ਦਰਮਿਆਨ ਜਥੇਦਾਰ ਕਾਉਂਕੇ ਤੇ ਬੰਦੀ ਸਿੰਘਾਂ ਦਾ ਮਾਮਲਾ ਸਿੱਖ ਸਿਆਸਤ ਦੇ ਕੇਂਦਰੀ ਮੁੱਦੇ ਬਣਦੇ ਨਜ਼ਰ ਆ ਰਹੇ ਹਨ।

ਯਾਦ ਰਹੇ, 'ਵਾਰਸ ਪੰਜਾਬ ਦੇ' ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਵੱਲੋਂ ਪੰਜ ਸਿੱਖ ਤਖਤਾਂ 'ਤੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਸਮਾਗਮਾਂ ਦੀ ਲੜੀ ਚਲਾਈ ਗਈ ਸੀ। ਇਹ ਲੜੀ 31 ਦਸੰਬਰ ਨੂੰ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਕੀਤੀ ਗਈ ਅਰਦਾਸ ਨਾਲ ਮੁਕੰਮਲ ਹੋ ਗਈ। ਪਰਿਵਾਰ ਵੱਲੋਂ ਇਹ ਰੋਸ ਵੀ ਸਾਹਮਣੇ ਆਇਆ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਗਏ ਇਨ੍ਹਾਂ ਅਰਦਾਸ ਸਮਾਗਮਾਂ ਨੂੰ ਰੋਕਣ ਲਈ ਪੁਲਿਸ ਵੱਲੋਂ ਕਾਫੀ ਯਤਨ ਕੀਤੇ ਗਏ। ਇਹ ਵੀ ਕਿਹਾ ਜਾ ਰਿਹਾ ਹੈ ਕਿ ਪੁਲਿਸ ਦਬਾਅ ਪਾਉਂਦੀ ਰਹੀ ਕਿ ਅਰਦਾਸ ਵੇਲੇ ਬੰਦੀ ਸਿੰਘਾਂ ਦੇ ਨਾਮ ਨਾ ਲਏ ਜਾਣ, ਪਰ ਸੰਗਤ ਵੱਲੋਂ ਨਾਮ ਲੈ ਕੇ ਅਰਦਾਸ ਕੀਤੀ ਗਈ। ਸਿੱਖ ਸੰਗਤ ਤਖਤ ਸਾਹਿਬ ਦੇ ਸਨਮੁਖ ਹੋ ਕੇ ਅਰਦਾਸ ਕਰਨਾ ਚਾਹੁੰਦੀ ਸੀ, ਪਰ ਇਸ ਨੂੰ ਪੁਲਿਸ ਵੱਲੋਂ ਰੋਕ ਦਿੱਤਾ ਗਿਆ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮਰਹੂਮ ਕਾਂਗਰਸੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਜੇਲ੍ਹ ਵਿੱਚ ਬੰਦ ਬਲਵੰਤ ਸਿੰਘ ਰਾਜੋਆਣਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 31 ਦਸੰਬਰ ਤੱਕ ਅਲਟੀਮੇਟਮ ਦਿੱਤਾ ਹੋਇਆ ਸੀ ਕਿ ਇਸ ਦਿਨ ਤੱਕ ਸ਼੍ਰੋਮਣੀ ਕਮੇਟੀ ਰਹਿਮ ਦੀ ਅਪੀਲ ਦਾ ਕੋਈ ਨਿਪਟਾਰਾ ਨਹੀਂ ਕਰਵਾ ਸਕਦੀ ਤਾਂ ਉਹ ਅਗਲਾ ਐਕਸ਼ਨ ਉਲੀਕਣਗੇ। ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮਾਮਲੇ ਨੂੰ ਹੱਲ ਕਰਨ ਲਈ ਬਣਾਈ ਕਮੇਟੀ ਨੂੰ ਕੁਝ ਸਮਾਂ ਹੋਰ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਅਨੁਸਾਰ ਕੇਂਦਰ ਸਰਕਾਰ ਨਾਲ ਖਤੋ ਖਿਤਾਬ ਚੱਲ ਰਹੀ ਹੈ, ਇਸ ਲਈ ਮਾਮਲੇ ਨੂੰ ਨਜਿੱਠਣ ਲਈ ਬਣਾਈ ਗਈ ਕਮੇਟੀ ਨੂੰ ਕੁਝ ਹੋਰ ਸਮਾਂ ਦਿੱਤਾ ਜਾਣਾ ਚਾਹੀਦਾ ਹੈ। ਇਸ ਦਰਮਿਆਨ ਬਲਵੰਤ ਸਿੰਘ ਰਾਜੋਆਣਾ ਨੇ ਵੀ ਆਪਣੇ ਵੱਲੋਂ ਇੱਕ ਪੱਤਰ ਲਿਖ ਕੇ ਸਮਾਂ ਵਧਾਏ ਜਾਣ ਦੀ ਮੰਗ ਨੂੰ ਸਹਿਮਤੀ ਦੇ ਦਿੱਤੀ ਹੈ।

ਬੰਦੀ ਸਿੰਘਾਂ ਦਾ ਹਾਲ ਇਹ ਹੈ ਕਿ ਪੰਜਾਬ ਦੇ ਹੀ ਕਈ ਸਿਆਸੀ ਕੈਦੀ 30 ਸਾਲਾਂ ਦੀ ਸਜ਼ਾ ਪੂਰੀ ਹੋਣ ਨੂੰ ਟੱਪ ਗਏ ਹਨ ਅਤੇ ਰਿਹਾਈ ਦੀ ਹਾਲੇ ਕਿਧਰੇ ਆਸ ਵੀ ਵਿਖਾਈ ਨਹੀਂ ਦਿੰਦੀ। ਇੱਥੋਂ ਤੱਕ ਕਿ ਮਾਨਸਿਕ ਤੌਰ 'ਤੇ ਬਿਮਾਰ ਹੋ ਚੁੱਕੇ ਪ੍ਰੋ. ਭੁੱਲਰ ਨੂੰ ਵੀ ਸਰਕਾਰ ਰਿਹਾਅ ਕਰਨ ਲਈ ਤਿਆਰ ਨਹੀਂ।

ਬੰਦੀ ਸਿੰਘਾਂ ਦੀ ਰਿਹਾਈ ਲਈ ਮੁਹਾਲੀ ਵਿੱਚ ਇੱਕ ਮੋਰਚਾ ਵੀ ਚੱਲ ਰਿਹਾ ਹੈ, ਜਿਸ ਨੂੰ ਸਾਲ ਤੋਂ ਉਪਰ ਦਾ ਸਮਾਂ ਹੋ ਚੁੱਕਾ ਹੈ। ਪਰ ਰਾਜ ਅਤੇ ਕੇਂਦਰ ਸਰਕਾਰ ਇਸ ਸਭ ਕੁਝ ਨੂੰ ਅਣਗੌਲਿਆ ਕਰ ਰਹੀਆਂ ਹਨ। ਪਿਛਲੇ ਦਿਨੀਂ ਬੀਬੀ ਹਰਸਿਮਰਤ ਕੌਰ ਬਾਦਲ ਵੱਲੋਂ ਬਲਵੰਤ ਸਿੰਘ ਰਾਜੋਆਣਾ ਦਾ ਮਾਮਲਾ ਜਦੋਂ ਪਾਰਲੀਮੈਂਟ ਵਿੱਚ ਉਠਾਇਆ ਗਿਆ ਤਾਂ ਕੇਂਦਰੀ ਗ੍ਰਹਿ ਮੰਤਰੀ ਨੇ ਸਾਫ ਕਰ ਦਿੱਤਾ ਕਿ ਰਾਜੋਆਣਾ ਦੇ ਮਾਮਲੇ ਵਿੱਚ ਥਰਡ ਪਾਰਟੀ ਦੀ ਰਹਿਮ ਦੀ ਅਪੀਲ ਨਹੀਂ ਵਿਚਾਰੀ ਜਾ ਸਕਦੀ। ਉਨ੍ਹਾਂ ਹੋਰ ਕਿਹਾ ਕਿ ਜਿਸ ਵਿਅਕਤੀ ਨੂੰ ਆਪਣੇ ਕੀਤੇ ਜੁਰਮ 'ਤੇ ਕੋਈ ਪਛਤਾਵਾ ਨਹੀਂ, ਉਸ ਦੀ ਸਜ਼ਾ ਕਿਵੇਂ ਮੁਆਫ ਕੀਤੀ ਜਾ ਸਕਦੀ ਹੈ? ਇਸ ਬਿਆਨ ਤੋਂ ਬਾਅਦ ਇਸੇ ਮਾਮਲੇ ਵਿੱਚ ਬੰਦ ਕੀਤੇ ਗਏ ਦੋ ਹੋਰ ਸਿੱਖ ਕੈਦੀਆਂ- ਜਗਤਾਰ ਸਿੰਘ ਤਾਰਾ ਅਤੇ ਪਰਮਜੀਤ ਸਿੰਘ ਭਿਓਰਾ ਨੇ ਆਪਣੇ ਇੱਕ ਬਿਆਨ ਵਿੱਚ ਸਾਫ ਕੀਤਾ ਕਿ ਉਹ ਆਪਣੇ ਕੀਤੇ ਲਈ ਕੋਈ ਮੁਆਫੀ ਨਹੀਂ ਮੰਗਣਗੇ। ਉਨ੍ਹਾਂ ਕਿਹਾ ਕਿ ਸਾਡੇ ਲਈ ਇਹੋ ਬਹੁਤ ਹੈ ਕਿ ਸਾਡੀ ਕੌਮ ਸਾਡੇ ਲਈ ਸੰਘਰਸ਼ ਕਰ ਰਹੀ ਹੈ। ਬਲਵੰਤ ਸਿੰਘ ਰਾਜੋਆਣਾ ਮੁਆਫੀ ਸਬੰਧੀ ਪਹਿਲਾਂ ਹੀ ਆਪਣੀ ਪੁਜੀਸ਼ਨ ਸਾਫ ਕਰ ਚੁੱਕਾ ਹੈ ਤੇ ਵਾਰ-ਵਾਰ ਜਲਦੀ ਫਾਂਸੀ ਦੇਣ ਦੀ ਮੰਗ ਕਰ ਚੁੱਕਾ ਹੈ।

ਇਸ ਸਾਰੇ ਘਟਨਾਕ੍ਰਮ ਤੋਂ ਲਗਦਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਉਲਝਣ ਦੇ ਆਸਾਰ ਹਨ। ਗ੍ਰਹਿ ਮੰਤਰੀ ਦੇ ਉਪਰੋਕਤ ਬਿਆਨ ਤੋਂ ਬਾਅਦ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਨਾਲ ਟੈਲੀਫੋਨ 'ਤੇ ਸਿੱਧੇ ਤੌਰ 'ਤੇ ਮਸਲਾ ਉਠਾਇਆ, ਪਰ ਗੱਲ ਕਿਸੇ ਬੰਨੇ ਕੰਢੇ ਨਹੀਂ ਲੱਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ 'ਤੇ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਕਿਸੇ ਸੰਵਿਧਾਨਕ ਅਹੁਦੇਦਾਰ ਨੂੰ ਸਿੱਖ ਕੈਦੀਆਂ ਬਾਰੇ ਇਸ ਕਿਸਮ ਦਾ ਬਿਆਨ ਨਹੀਂ ਦੇਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਮਿਤ ਸ਼ਾਹ ਵੱਲੋਂ ਸੰਸਦ ਵਿੱਚ ਦਿੱਤੇ ਗਏ ਬਿਆਨ ਨਾਲ ਸਿੱਖ ਮਨਾਂ 'ਤੇ ਗਹਿਰੀ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦਾ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਸੀ, ਜਿਸ 'ਤੇ ਅਮਲ ਨਹੀਂ ਹੋਇਆ। ਐਡਵੋਕੇਟ ਧਾਮੀ ਨੇ ਆਪਣੇ ਇੱਕ ਹੋਰ ਬਿਆਨ ਵਿੱਚ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਅਤੇ ਸਿੱਖ ਸੰਗਤ ਲੜਾਈ ਲੜ ਰਹੀ ਹੈ, ਭੀਖ ਨਹੀਂ ਮੰਗ ਰਹੀ। ਉਨ੍ਹਾਂ ਅਮਿਤ ਸ਼ਾਹ ਨੂੰ ਗਲਤ ਕਰਾਰ ਦਿੰਦਿਆਂ ਕਿਹਾ ਕਿ ਕੇਂਦਰ ਸਰਕਾਰ ਇਸ ਮਸਲੇ ਨੂੰ ਗੱਲਬਾਤ ਰਾਹੀਂ ਹੱਲ ਕਰਨ ਦਾ ਯਤਨ ਕਰੇ।

ਇੱਥੇ ਜ਼ਿਕਰਯੋਗ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿੱਚ ਗੱਲਬਾਤ ਅੱਗੇ ਤੋਰਨ ਲਈ ਪੰਜ ਮੈਂਬਰੀ ਕਮੇਟੀ ਕਾਇਮ ਕੀਤੀ ਗਈ ਹੈ। ਇਸ ਕਮੇਟੀ ਦੇ ਦੋ ਮੈਂਬਰਾਂ- ਹਰਮੀਤ ਸਿੰਘ ਕਾਲਕਾ ਅਤੇ ਵਿਰਸਾ ਸਿੰਘ ਵਲਟੋਹਾ ਵਿਚਕਾਰ ਤਿੱਖੇ ਮੱਤਭੇਦ ਪੈਦਾ ਹੋ ਗਏ ਸਨ, ਪਰ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਦਖਲ ਦੇਣ 'ਤੇ ਆਪਸੀ ਟਕਰਾਅ ਦੂਰ ਕਰ ਲਿਆ ਗਿਆ ਹੈ।

ਸਮੁੱਚੇ ਘਟਨਾਕ੍ਰਮ ਤੋਂ ਇੰਜ ਜਾਪਦਾ ਹੈ ਕਿ ਹਾਲ ਹੀ ਵਿੱਚ ਪੰਜ ਰਾਜਾਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਮਿਲੀ ਵੱਡੀ ਸਫਲਤਾ ਤੋਂ ਪਿੱਛੋਂ ਭਾਜਪਾ ਲੀਡਰਸ਼ਿੱਪ ਅਤਿ ਉਤਸ਼ਾਹੀ ਮੂਡ ਵਿੱਚ ਹੈ। ਇਨ੍ਹਾਂ ਚੋਣਾਂ ਤੋਂ ਪਹਿਲਾਂ ਜਿਹੜੀ ਭਾਜਪਾ ਅਕਲੀ ਦਲ ਨਾਲ ਸਮਝੌਤੇ ਲਈ ਕੁਝ ਨਾ ਕੁਝ ਲੈ-ਦੇ ਕਰਨ ਲਈ ਤਿਆਰ ਸੀ, ਹੁਣ ਉਸ ਤੋਂ ਵੀ ਪਿੱਛੇ ਹਟ ਗਈ ਹੈ। ਭਾਜਪਾ ਨੂੰ ਲੱਗਣ ਲੱਗਾ ਹੈ ਕਿ ਉਹ ਆਪਣੇ ਭਾਈਵਾਲਾਂ ਤੋਂ ਬਿਨਾ ਵੀ ਲੋਕ ਸਭਾ ਚੋਣਾਂ ਜਿੱਤਣ ਦੇ ਸਮਰੱਥ ਹੈ। ਇਸੇ ਕਰਕੇ ਭਾਜਪਾ ਲੀਡਰਸ਼ਿੱਪ ਦੀ ਹੈਂਕੜ ਵਧ ਗਈ ਹੈ। ਇਸ ਕਿਸਮ ਦਾ ਰਵੱਈਆ ਸਿੱਖ ਬੰਦੀਆਂ ਦੀ ਰਿਹਾਈ ਅਤੇ ਮਾਨਵ ਅਧਿਕਾਰਾਂ ਦੀ ਹਿਫਾਜ਼ਤ ਵਾਸਤੇ ਅੰਦੋਲਨ ਨੂੰ ਵੀ ਜਨਮ ਦੇ ਸਕਦਾ ਹੈ।

### ਰਾਜੋਆਣਾ ਨੇ ਅਮਿਤ ਸ਼ਾਹ ਦੇ ਬਿਆਨ ਦੇ ਜੁਆਬ 'ਚ ਚਿੱਠੀ ਲਿਖੀ

ਨੱਬੇਵਿਆਂ ਦੇ ਸ਼ੁਰੂ ਵਿੱਚ ਉਸ ਸਮੇਂ ਦੇ ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਬਲਵੰਤ ਸਿੰਘ ਰਾਜੋਆਣਾ ਨੇ ਅਮਿਤ ਸ਼ਾਹ ਦੇ ਉਸ ਬਿਆਨ ਦੇ ਜੁਆਬ ਵਿੱਚ ਇੱਕ ਲੰਮੀ ਚਿੱਠੀ ਜਾਰੀ ਕੀਤੀ ਹੈ, ਜਿਸ ਵਿੱਚ ਉਸ ਨੇ ਮੁੜ ਦੁਹਰਾਇਆ ਹੈ ਕਿ ਜਦੋਂ ਉਸ ਨੇ ਕੋਈ ਗੁਨਾਹ ਹੀ ਨਹੀਂ ਕੀਤਾ ਤਾਂ ਮੁਆਫੀ ਕਿਸ ਗੱਲ ਦੀ? ਯਾਦ ਰਹੇ, 28 ਸਾਲ ਤੋਂ ਜੇਲ੍ਹ ਵਿੱਚ ਬੰਦ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਦਾ ਮਸਲਾ ਹਰਸਿਮਰਤ ਕੌਰ ਨੇ ਪਾਰਲੀਮੈਂਟ ਵਿੱਚ ਉਠਾਇਆ ਸੀ, ਜਿਸ ਦੇ ਜੁਆਬ ਵਿੱਚ ਗ੍ਰਹਿ ਮੰਤਰੀ ਨੇ ਕਿਹਾ ਸੀ ਕਿ ਤੀਜੀ ਧਿਰ ਵੱਲੋਂ ਦਾਖਲ ਕੀਤੀ ਗਈ ਰਹਿਮ ਦੀ ਅਪੀਲ ਸਵੀਕਾਰ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਇਹ ਵੀ ਕਿਹਾ ਸੀ ਕਿ ਜਿਸ ਵਿਅਕਤੀ ਨੂੰ ਆਪਣੇ ਕੀਤੇ ਗੁਨਾਹ 'ਤੇ ਪਛਤਾਵਾ ਹੀ ਨਹੀਂ ਹੈ, ਉਸ ਨੂੰ ਮੁਆਫ ਕਿਵੇਂ ਕੀਤਾ ਜਾ ਸਕਦਾ!

ਭਾਈ ਰਾਜੋਆਣਾ ਨੇ ਆਪਣੀ ਚਿੱਠੀ ਵਿੱਚ ਗ੍ਰਹਿ ਮੰਤਰੀ ਨੂੰ ਸੰਬੋਧਨ ਕਰਦਿਆਂ ਲਿਖਿਆ ਹੈ ਕਿ ਤੁਹਾਡਾ ਇਨਸਾਫ ਦਾ ਤਰਾਜੂ ਇਕਪਾਸੜ ਝੁਕਿਆ ਹੋਇਆ ਹੈ। ਤੁਸੀਂ ਬੰਦੇ ਦਾ ਧਰਮ ਦੇਖ ਕੇ ਫੈਸਲਾ ਕਰਦੇ ਹੋ। ਤੁਸੀਂ ਬਿਲਕਸ ਬਾਨੋ ਰੇਪ ਕੇਸ ਦੇ ਦੋਸ਼ੀ ਮੁਆਫੀ ਮੰਗਾ ਕੇ ਛੱਡੇ ਹਨ? ਦਿੱਲੀ ਦੰਗਿਆਂ ਦੇ ਕਈ ਦੋਸ਼ੀਆਂ ਨੂੰ ਬਿਨਾ ਮੁਆਫੀ ਤੋਂ ਰਿਹਾਈ ਦਿੱਤੀ। ਉਨ੍ਹਾਂ ਲਿਖਿਆ ਹੈ ਕਿ ਤੁਹਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਨਾਨਕ ਪਾਤਸ਼ਾਹ ਦੇ 550 ਸਾਲਾ ਪ੍ਰਕਾਸ਼ ਦਿਵਸ 'ਤੇ ਸਿੱਖ ਬੰਦੀਆਂ ਨੂੰ ਰਿਹਾਅ ਕਰਨ ਦਾ ਨੋਟੀਫਿਕਸ਼ਨ ਜਾਰੀ ਕੀਤਾ ਸੀ, ਪਰ ਹੁਣ ਉਸ ਤੋਂ ਸਾਫ ਮੁੱਕਰ ਗਏ ਹੋ। ਭਾਈ ਰਾਜੋਆਣਾ ਨੇ ਲਿਖਿਆ ਕਿ ਤੁਹਾਡੀ ਕਹਿਣੀ ਅਤੇ ਕਰਨੀ ਵਿੱਚ ਜ਼ਮੀਨ ਆਸਮਾਨ ਦਾ ਅੰਤਰ ਹੈ। ਇੱਕ ਪਾਸੇ ਤੁਸੀਂ 'ਬੇਟੀ ਬਚਾਓ ਬੇਟੀ ਪੜ੍ਹਾਓ' ਦਾ ਰਾਗ ਅਲਾਪਦੇ ਹੋ, ਔਰਤ ਨੂੰ ਦੇਵੀ ਆਖਦੇ ਹੋ, ਦੂਜੇ ਪਾਸੇ ਦੇਸ਼ ਲਈ ਮੈਡਲ ਜਿੱਤਣ ਵਾਲੀਆਂ ਪਹਿਲਵਾਨ ਕੁੜੀਆਂ ਦਾ ਜਿਣਸੀ ਸੋਸ਼ਣ ਕਰਨ ਵਾਲੇ ਬਿਰਜ ਭੂਸ਼ਨ ਨਾਲ ਖੜ੍ਹੇ ਨਜ਼ਰ ਆਉਂਦੇ ਹੋ?

DJ RJB Entertainment Inc.
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Social: Instagram
Facebook
Youtube: djrjbmusic
Website: djrjbmusic.com
Ph: 630-770-0007
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

BUY | SELL | RENT
FOR ALL YOUR REAL ESTATE NEEDS
COLDWELL BANKER REALTY
VENKAT TALARI
REALTOR
847-372-9986
venkat@cbrealty.com
The Best Investmenton EARTH is REAL ESTATE

An Illinois Residential Mortgage Lincensee
MORTGAGE LOAN OFFICER
KRISHNA KAIRAMKONDA
NMLS#2239754
FIND OUT MORE FOR LOW INTEREST RATES & QUALITY SERVICE
Contact :
210-862-0139
krishna@hmsiloans.com
For more information
www.hmsiloans.com/krishna

Let's Build Wealth Together
ACCELERATE GROWTH MINIMIZE RISK
Rajesh Ravikumar
Licensed Financial Professional
Financial Independence begins with Proper Financial Education
210-859-9042 // 630-245-3435
www.MyFortuneCreators.com
FINANCIAL SERVICES
WEALTH STRATGIES
RETIREMENT STRATGIES
COLLEGE PLANNING
LIVING WILL & TRUST
LIFE INSURANCE
TAX GUIDELINES
401K ROLLOVER
MANAGED GROWTH

# ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ (ਸ਼ਿਕਾਗੋ)

## PAO ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ

# 2024

HAPPY NEW YEAR

ਪੂਰੀ ਟੀਮ ਵੱਲੋਂ ਨਵੇਂ ਸਾਲ ਦੀ ਆਮਦ 'ਤੇ ਦਿਲੀ ਕਾਮਨਾ ਹੈ ਕਿ ਵਾਹਿਗੁਰੂ ਸਭਨਾਂ ਨੂੰ ਨਵੇਂ ਸਾਲ 2024 ਅਤੇ ਜ਼ਿੰਦਗੀ ਦੇ ਆਉਣ ਵਾਲੇ ਹਰ ਪਲ ਵਿੱਚ ਚੰਗੀ ਸਿਹਤ ਤੇ ਖੁਸ਼ੀਆਂ ਦੀ ਰਹਿਮਤ ਨਾਲ ਨਿਵਾਜੇ।

## ਮਰਦ ਅਗੰਮੜੇ, ਚੋਜੀ ਪਾਤਸ਼ਾਹ, ਸਰਬੰਸ ਦਾਨੀ
## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਦੀਆਂ
## ਸਮੂਹ ਸੰਗਤਾਂ ਨੂੰ ਬਹੁਤ ਬਹੁਤ ਵਧਾਈਆਂ

## Teeyan Da Mela-2024 on July 21st, 2024

ਸਾਨੂੰ ਆਪਣੇ ਸਪਾਂਸਰਾਂ ਉਤੇ ਮਾਣ ਹੈ, ਜਿਨ੍ਹਾਂ ਨੇ 'ਤੀਆਂ ਦੇ ਮੇਲੇ' ਨੂੰ ਸਫਲ ਬਣਾਉਣ ਲਈ ਭਰਵਾਂ ਸਹਿਯੋਗ ਦਿੱਤਾ ਅਤੇ ਪਰਿਵਾਰਾਂ ਸਮੇਤ ਸ਼ਮੂਲੀਅਤ ਕਰ ਕੇ ਮੇਲੇ ਦੀਆਂ ਰੌਣਕਾਂ ਨੂੰ ਚਾਰ ਚੰਨ ਲਾਏ

Debra and Darshan Dhaliwal
Jodi and Mac Bhamra
Professional Health Care Lab, Inc.
Raj and Bhupinder Dhaliwal
Minni and Gulzar Multani (Pan-Oceanic Inc.)
Jasmeet and Jasbir Suga (Suga Builders)
Malinder (Rani) K. Dandona
Naina and Devinder Singh (The Goddard School)
Sukhi and Jesse Singh (Re/Max American Dream Real Estate Broker)
Kamal and Lucky Sahota (Safeway Transportation Corp.)
Satwant Kaur Kaler - Kaler Brothers

## PAO Board

Mr. Gulzar Singh
Mr. Jagmeet Singh
Mr. Sukhwinder S. Hunjan
Mr. Harjinder S. Khaira
Mr. Savi S. Attal
Ms. Naiha Walia

Ms. Rajinder K. Mago
*President*
Mr. Devinder Singh
Ms. Naina Singh
Ms. Amrita Dandona
Ms. Jolly Dandona

Ms. Jasmeet K. Suga
*Sr. Vice President*
Ms. Sheetal Kalra
Ms. Rosie Rehal
Ms. Shaloo Chhabra
Ms. Prabjot Khaira

Ms. Sukhwinder Kaur
*Vice President*
Ms. Kamaljeet Hunjan
Ms. Minni Multani
Ms. Gurpreet Kaur
Ms. Parmjit Sangha

# Punjabi American Organization

# ਜਥੇਦਾਰ ਕਾਉਂਕੇ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਦੀ ਮੰਗ ਮੁੜ ਉਭਰੀ

ਅਕਾਲ ਤਖਤ ਸਾਹਿਬ ਦੇ ਸਾਬਕਾ (ਲਾਪਤਾ) ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਇੱਕ ਪੜਤਾਲੀਆ ਰਿਪੋਰਟ ਦੇ ਕੁਝ ਅੰਸ਼ ਜਨਤਕ ਹੋਣ ਨਾਲ ਇਸ ਮਸਲੇ ਨੇ ਜਨਤਕ ਬਹਿਸ (ਪਬਲਿਕ ਡਿਬੇਟ) ਦਾ ਅੱਧਾ ਆਕਾਸ਼ ਮੱਲ ਲਿਆ ਹੈ। ਵਿਸ਼ੇਸ਼ ਤੌਰ 'ਤੇ ਸੋਸ਼ਲ ਮੀਡੀਆ ਦੇ ਬਹੁਗਿਣਤੀ ਚੈਨਲ ਇਸੇ ਮਸਲੇ ਦੀ ਪੁਣ-ਛਾਣ ਵਿੱਚ ਲੱਗੇ ਹੋਏ ਹਨ। ਇਸ ਤੋਂ ਇਲਾਵਾ ਸ਼ਹੀਦੀ ਪੰਦਰਵਾੜੇ ਦੇ ਬਾਵਜੂਦ ਇਹ ਮਸਲਾ ਪੰਜਾਬੀ ਅਖਬਾਰਾਂ ਦੇ ਪੰਨਿਆਂ 'ਤੇ ਛਾਇਆ ਰਿਹਾ।


ਜਥੇਦਾਰ ਗੁਰਦੇਵ ਸਿੰਘ ਕਾਉਂਕੇ

ਯਾਦ ਰਹੇ, ਜਥੇਦਾਰ ਗੁਰਦੇਵ ਸਿੰਘ ਕਾਉਂਕੇ 25 ਦਸੰਬਰ 1992 ਨੂੰ ਉਨ੍ਹਾਂ ਦੇ ਪਿੰਡੋਂ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਏ ਗਏ ਸਨ। ਉਨ੍ਹਾਂ ਨੂੰ ਹਿਰਾਸਤ ਵਿੱਚ ਤਸ਼ੱਦਦ ਨਾਲ ਨਿਢਾਲ ਰੂਪ ਵਿੱਚ ਵੇਖਣ ਵਾਲੇ ਕੁਝ ਚਸ਼ਮਦੀਦ ਗਵਾਹਾਂ ਅਨੁਸਾਰ ਇਸ ਪਿੱਛੋਂ 31 ਦਸੰਬਰ ਅਤੇ ਪਹਿਲੀ ਜਨਵਰੀ ਦੀ ਵਿਚਕਾਰਲੀ ਰਾਤ ਨੂੰ ਉਨ੍ਹਾਂ ਨੂੰ ਗੋਲੀ ਮਾਰਨ ਤੋਂ ਬਾਅਦ ਲਾਸ਼ ਦੇ ਟੁਕੜੇ ਕਰਕੇ ਨਹਿਰ ਵਿੱਚ ਵਹਾ ਦਿੱਤਾ ਗਿਆ ਸੀ। ਬਾਅਦ ਵਿੱਚ ਉਨ੍ਹਾਂ ਨੂੰ ਪੁਲਿਸ ਹਿਰਾਸਤ ਵਿੱਚੋਂ ਫਰਾਰ ਹੋਏ ਕਰਾਰ ਦੇ ਦਿੱਤਾ ਗਿਆ।

ਅਕਾਲੀ-ਭਾਜਪਾ ਸਰਕਾਰ ਵੇਲੇ 7 ਜੂਨ 1998 ਨੂੰ ਪੰਜਾਬ ਪੁਲਿਸ ਦੇ ਇੱਕ ਐਡੀਸ਼ਨਲ ਡੀ.ਜੀ.ਪੀ. ਸ੍ਰੀ ਬੀ.ਪੀ. ਤਿਵਾੜੀ ਨੂੰ ਇਸ ਮਸਲੇ ਦੀ ਪੜਤਾਲ ਕਰਨ ਦਾ ਜਿੰਮਾ ਦਿੱਤਾ ਗਿਆ ਸੀ ਅਤੇ ਪੂਰੀ ਦਰਿਆਫਤ ਤੋਂ ਬਾਅਦ ਦਰਜ ਕੀਤੀ ਗਈ ਰਿਪੋਰਟ ਵਿੱਚ ਜਥੇਦਾਰ ਕਾਉਂਕੇ ਦੇ ਹਿਰਾਸਤ ਵਿੱਚੋਂ ਫਰਾਰ ਹੋਣ ਦੀ ਕਹਾਣੀ ਝੂਠੀ ਪਾਈ ਗਈ। ਰਿਪੋਰਟ ਵਿੱਚ ਇਸ ਮਾਮਲੇ ਵਿੱਚ ਸਬੰਧਤ ਦੋਸ਼ੀਆਂ ਖਿਲਾਫ ਕੇਸ ਦਰਜ ਕਰਨ ਦੀ ਸਿਫਾਰਸ਼ ਵੀ ਕੀਤੀ ਗਈ ਸੀ; ਪਰ ਅਕਾਲੀ-ਭਾਜਪਾ ਸਰਕਾਰ ਦੇ ਦੋਵੇਂ ਕਾਰਜ ਕਾਲਾਂ ਦੌਰਾਨ ਇਸ ਰਿਪੋਰਟ ਨੂੰ ਜਨਤਕ ਨਹੀਂ ਸੀ ਕੀਤਾ ਗਿਆ ਅਤੇ ਨਾ ਹੀ ਇਸ 'ਤੇ ਕੋਈ ਕਾਰਵਾਈ ਕੀਤੀ ਗਈ ਸੀ। ਪਿਛੋਂ ਬਣੀ ਕਾਂਗਰਸ ਸਰਕਾਰ ਅਤੇ ਹੁਣ ਵਾਲੀ 'ਆਪ' ਸਰਕਾਰ ਦੇ ਕਾਰਜਕਾਲ ਵਿੱਚ ਵੀ ਇਹ ਰਿਪੋਰਟ ਫਾਈਲਾਂ ਵਿੱਚ ਦੱਬੀ ਰਹੀ। ਹੁਣ ਕੁਝ ਦਿਨ ਪਹਿਲਾਂ ਇਸ ਰਿਪੋਰਟ ਦੇ ਕੁਝ ਅੰਸ਼ ਪੰਜਾਬ ਮੁਨੁੱਖੀ ਅਧਿਕਾਰ ਸੰਗਠਨ ਨਾਲ ਸਬੰਧਤ ਇੱਕ ਵਕੀਲ ਸਰਬਜੀਤ ਸਿੰਘ ਵੱਲੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਸੌਂਪੇ ਗਏ ਤਾਂ ਜਥੇਦਾਰ ਸਾਹਿਬ ਵੱਲੋਂ ਰਿਪੋਰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਕੇ ਕਤਲ ਕੇਸ ਦਰਜ ਕਰਵਾਉਣ ਦੇ ਹੁਕਮ ਦਿੱਤੇ ਗਏ ਹਨ। ਯਾਦ ਰਹੇ, ਇਸ ਮਾਮਲੇ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਐਸ.ਐਸ.ਪੀ. ਸਵਰਨ ਸਿੰਘ ਘੋਟਣਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ।

ਸਬੰਧਤ ਮੁੱਦੇ 'ਤੇ ਬੋਲਦਿਆਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੱਲੋਂ ਕੀਤੀ ਗਈ ਸਿੱਖ ਨਸਲਕੁਸ਼ੀ ਦੀ ਇਹ ਘਿਨਾਉਣੀ ਮਿਸਾਲ ਹੈ। ਇਸ ਦੇ ਕਾਤਲ ਬੇਪਰਦ ਹੋਣੇ ਚਾਹੀਦੇ ਹਨ ਅਤੇ ਇਸ ਨਾਲ ਸਬੰਧਤ ਦੋਸ਼ੀਆਂ ਖਿਲਾਫ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਚੇਤੇ ਰਹੇ, ਇਸ ਮਾਮਲੇ ਵਿੱਚ ਪੜਤਾਲੀਆ ਰਿਪੋਰਟ ਜੁਲਾਈ 1999 ਵਿੱਚ ਸ੍ਰੀ ਬੀ.ਪੀ. ਤਿਵਾੜੀ ਵੱਲੋਂ ਅਕਾਲੀ ਦਲ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਸੌਂਪੀ ਗਈ ਸੀ ਅਤੇ ਹਾਲੇ ਤੱਕ ਵੀ ਇਹ ਅਧਿਕਾਰਤ ਤੌਰ 'ਤੇ ਜਨਤਕ ਨਹੀਂ ਕੀਤੀ ਗਈ। ਇਸ ਪੂਰੀ ਰਿਪੋਰਟ ਨੂੰ ਅਧਿਕਾਰਤ ਤੌਰ 'ਤੇ ਜਨਤਕ ਕਰਨ ਦਾ ਦਬਾਅ ਮੌਜੂਦਾ 'ਆਪ' ਸਰਕਾਰ 'ਤੇ ਵੀ ਆਉਣ ਵਾਲੇ ਦਿਨਾਂ ਵਿੱਚ ਵਧ ਸਕਦਾ ਹੈ।

ਉਧਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਅਤੇ ਐਮ.ਪੀ. ਸਿਮਰਨਜੀਤ ਸਿੰਘ ਮਾਨ ਨੇ ਵੀ ਜਥੇਦਾਰ ਕਾਉਂਕੇ ਦੇ ਕਾਤਲਾਂ ਨੂੰ ਸਜ਼ਾ ਦਿੱਤੇ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਬੰਦੀ ਸਿੰਘਾਂ ਦੀ ਤੁਰੰਤ ਰਿਹਾਈ ਦੀ ਵੀ ਮੰਗ ਕੀਤੀ। ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਸਿੱਖ ਕੌਮ ਨਾਲ ਹੋ ਰਹੀਆਂ ਜ਼ਿਆਦਤੀਆਂ ਅਤੇ ਬੇਇਨਸਾਫੀਆਂ ਵਿਰੁਧ ਸੰਘਰਸ਼ ਜਾਰੀ ਰਹੇਗਾ। ਸ. ਮਾਨ ਨੇ ਦੋਸ਼ ਲਾਇਆ ਕਿ ਖੁਫੀਆ ਏਜੰਸੀਆਂ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਸਿੱਖ ਕੌਮ ਦੀ ਸੰਪੂਰਨ ਆਜ਼ਾਦੀ ਲਈ ਸੰਘਰਸ਼ਸ਼ੀਲ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਸਿੱਖਾਂ ਦੇ ਕਤਲਾਂ ਦੀ ਕੌਮਾਂਤਰੀ ਪੱਧਰ 'ਤੇ ਜਾਂਚ ਕਰਕੇ ਦੋਸ਼ੀ ਪਾਏ ਜਾਣ ਵਾਲੇ ਵਿਅਕਤੀਆਂ ਨੂੰ ਕੌਮਾਂਤਰੀ ਕਾਨੂੰਨਾਂ ਅਨੁਸਾਰ ਸਜ਼ਾ ਦਿਵਾਈ ਜਾਵੇ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਨਸ਼ਾ ਤਸਕਰਾਂ ਖਿਲਾਫ ਵੀ ਜ਼ੋਰਦਾਰ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਪੰਜਾਬ ਵਿੱਚ ਹੋ ਰਹੇ ਪੁਲਿਸ ਮੁਕਾਬਲੇ ਵੀ ਤੁਰੰਤ ਬੰਦ ਕੀਤੇ ਜਾਣ ਦੀ ਵੀ ਮੰਗ ਕੀਤੀ। ਯਾਦ ਰਹੇ, ਪਿਛਲੇ ਦਿਨੀਂ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਮੈਂਬਰ ਪਾਰਲੀਮੈਂਟ ਧਰਮਵੀਰ ਗਾਂਧੀ ਨੇ ਵੀ ਪੰਜਾਬ ਵਿੱਚ ਗਰੀਬ ਘਰਾਂ ਦੇ ਨੌਜਵਾਨਾਂ ਦੇ ਕੀਤੇ ਜਾ ਰਹੇ ਕਥਿਤ ਪਲਿਸ ਮੁਕਾਬਲਿਆਂ 'ਤੇ ਇਤਰਾਜ ਉਠਾਇਆ ਸੀ।

ਜਥੇਦਾਰ ਕਾਉਂਕੇ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 30 ਦਸੰਬਰ ਨੂੰ ਜੋ ਅਖੰਡ ਪਾਠ ਸਾਹਿਬ ਸ਼ੁਰੂ ਕੀਤਾ ਗਿਆ ਸੀ, ਉਸ ਦਾ ਭੋਗ ਪਹਿਲੀ ਜਨਵਰੀ ਨੂੰ ਅਕਾਲ ਤਖਤ ਸਾਹਿਬ 'ਤੇ ਪਾਇਆ ਗਿਆ। ਇਸ ਸਮਾਗਮ ਵਿੱਚ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਪਤਨੀ ਨੇ ਵੀ ਸ਼ਿਰਕਤ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ ਵਿੱਚ ਬੋਲਦਿਆਂ ਕਿਹਾ ਕਿ 1984 ਦੀ ਸਿੱਖ ਨਸਲਕੁਸ਼ੀ ਤੋਂ ਬਾਅਦ ਸਿੱਖਾਂ 'ਤੇ ਕੀਤੇ ਗਏ ਸਰਕਾਰੀ ਅੱਤਿਆਚਾਰ ਨੂੰ ਕੌਮ ਕਦੇ ਨਹੀਂ ਭੁੱਲ ਸਕਦੀ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਸਾਹਮਣੇ ਆਈ ਇਹ ਰਿਪੋਰਟ ਉਨ੍ਹਾਂ ਸਮਿਆਂ ਵਿੱਚ ਹੋਏ ਘੋਰ ਤਸ਼ੱਦਦ ਦੀ ਗਵਾਹੀ ਭਰਦੀ ਹੈ। ਇਸ ਤੋਂ ਇਲਾਵਾ ਪਿੰਡ ਕਾਉਂਕੇ ਵਿਖੇ ਸਿੱਖ ਰੈਡੀਕਲਜ਼ ਵੱਲੋਂ ਵੀ ਜਥੇਦਾਰ ਕਾਉਂਕੇ ਦੀ ਸ਼ਹੀਦੀ ਸਬੰਧੀ ਇੱਕ ਸਮਾਗਮ ਕੀਤਾ ਗਿਆ ਅਤੇ ਜਿਸ ਵਿੱਚ ਸਿਮਰਨਜੀਤ ਸਿੰਘ ਮਾਨ ਤੋਂ ਇਲਾਵਾ ਵੱਖ ਵੱਖ ਆਗੂਆਂ ਨੇ ਸ਼ਿਰਕਤ ਕੀਤੀ।

ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਕਾਨੂੰਨੀ ਕਾਰਵਾਈ ਕਰਨ ਦੇ ਹੁਕਮ ਦਿੱਤੇ ਜਾਣ ਤੋਂ ਪਿੱਛੋਂ ਕਮੇਟੀ ਦਾ ਇੱਕ ਵਫਦ ਪਿੰਡ ਕਾਉਂਕੇ ਕਲਾਂ ਵਿਖੇ ਉਨ੍ਹਾਂ ਦੀ ਪਤਨੀ ਗੁਰਮੇਲ ਕੌਰ ਨੂੰ ਮਿਲਿਆ ਸੀ ਅਤੇ ਉਨ੍ਹਾਂ ਦੇ ਪੁੱਤਰ ਭਾਈ ਹਰੀ ਸਿੰਘ ਤੋਂ ਇਲਾਵਾ ਪਿੰਡ ਦੀਆਂ ਨਾਮਵਰ ਸ਼ਖਸੀਅਤਾਂ ਨਾਲ ਮੁਲਾਕਾਤ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਗਰਾਓਂ ਤੋਂ ਮੈਂਬਰ ਗੁਰਚਰਨ ਸਿੰਘ ਗਰੇਵਾਲ ਅਨੁਸਾਰ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਵਿੰਗ ਦੇ ਸੇਵਾਦਾਰ ਭਗਵੰਤ ਸਿੰਘ ਸਿਆਲਕਾ ਅਤੇ ਉਨ੍ਹਾਂ ਦੀ ਟੀਮ ਦੀ ਇਸ ਮਾਮਲੇ ਨਾਲ ਨਜਿੱਠਣ ਲਈ ਡਿਊਟੀ ਲਗਾਈ ਹੈ।

## ਪੰਜਾਬ ਦੀਆਂ ਝਾਕੀਆਂ ਰੱਦ ਕਰਨ 'ਤੇ ਸਿਆਸੀ ਰੇੜਕਾ

⇒ *ਸਫਾ ਇੱਕ ਦੀ ਬਾਕੀ ...*

ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਦੇਸ਼ ਵਿੱਚ ਵਿਕੇ ਸਾਰੇ ਥਰਮਲ ਪਲਾਂਟਾਂ ਨਾਲੋਂ ਇਹ ਪਲਾਂਟ ਸਸਤੇ ਭਾਅ ਖਰੀਦਿਆ ਗਿਆ ਹੈ।

**ਆਪ-ਕਾਂਗਰਸ ਗੱਠਜੋੜ ਲਈ ਪੰਜਾਬ ਕਾਂਗਰਸ ਦੁਬਿਧਾ 'ਚ:** ਕਾਂਗਰਸ ਪਾਰਟੀ ਦੇ ਪ੍ਰਧਾਨ ਸ੍ਰੀ ਮਲਿਕਾਰਜੁਨ ਖੜਗੇ ਨੇ ਬੀਤੀ 26 ਦਸੰਬਰ ਨੂੰ ਨਵੀਂ ਦਿੱਲੀ ਵਿੱਚ ਕਾਂਗਰਸ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ ਬੁਲਾਈ, ਜਿਸ ਵਿੱਚ ਕੇ.ਸੀ. ਵੇਣੂਗੁਪਾਲ ਸਮੇਤ ਕਾਂਗਰਸ ਦੇ 30 ਸੀਨੀਅਰ ਆਗੂ ਸ਼ਾਮਲ ਹੋਏ। ਇਹ ਮੀਟਿੰਗ ਤਕਰੀਬਨ ਘੰਟਾ ਭਰ ਚੱਲੀ ਅਤੇ ਮੀਟਿੰਗ ਵਿੱਚ 'ਆਪ' ਨਾਲ ਸੀਟਾਂ ਦੀ ਵੰਡ ਨੂੰ ਲੈ ਕੇ ਪੰਜਾਬ ਦੇ ਆਗੂਆਂ ਨਾਲ ਸਲਾਹ ਮਸ਼ਵਰਾ ਵੀ ਕੀਤਾ ਗਿਆ। ਪੰਜਾਬ ਦੇ ਜ਼ਿਆਦਾਤਰ ਆਗੂਆਂ ਨੇ ਗੱਠਜੋੜ ਦੇ ਖਿਲਾਫ ਆਪਣੀ ਰਾਏ ਰੱਖੀ। ਇਨ੍ਹਾਂ ਦਾ ਕਹਿਣਾ ਸੀ ਕਿ ਇਸ ਗੱਠਜੋੜ ਵਿੱਚ ਕਾਂਗਰਸ ਨੂੰ ਨੁਕਸਾਨ ਹੋਵੇਗਾ। ਉਂਝ ਪੰਜਾਬ ਕਾਂਗਰਸ ਵੱਲੋਂ ਲੋਕ ਸਭਾ ਚੋਣਾਂ ਲੜਨ ਦੇ ਚਾਹਵਾਨ ਆਗੂ ਗੱਠਜੋੜ ਦੇ ਪੱਖ ਵਿੱਚ ਜਾਪੇ।

**ਪਰਵਾਸੀ ਪੰਜਾਬੀਆਂ ਲਈ ਨਵੀਂ ਵੈਬਸਾਈਟ ਜਾਰੀ:** ਬੀਤੀ 29 ਦਸੰਬਰ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਐਨ.ਆਰ.ਆਈ. ਮਸਲਿਆਂ ਦੇ ਵਿਭਾਗ ਦੀ ਇੱਕ ਨਵੀਂ ਵੈਬਸਾਈਟ (nri.punjab.gov.in) ਜਾਰੀ ਕੀਤੀ ਗਈ। ਮੁੱਖ ਮੰਤਰੀ ਨੇ ਦੱਸਿਆ ਕਿ ਪਰਵਾਸੀਆਂ ਦੇ ਬਕਾਇਆ ਮਸਲਿਆਂ ਲਈ 3 ਫਰਵਰੀ ਤੋਂ ਐਨ.ਆਰ.ਆਈ. ਮਿਲਣੀਆਂ ਕਰਵਾਈਆਂ ਜਾਣਗੀਆਂ। ਵੈਬਸਾਈਟ ਵਿੱਚ ਐਨ.ਆਰ.ਆਈ. ਪੁਲਿਸ ਵਿੰਗ, ਕਮਿਸ਼ਨ ਅਤੇ ਐਨ.ਆਰ.ਆਈ. ਸਭਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਵੈਬਸਾਈਟ ਨਾਲ ਪਰਵਾਸੀ ਪੰਜਾਬੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਜਾਣਕਾਰੀ ਇੱਕੋ ਕਲਿਕ 'ਤੇ ਹਾਸਲ ਹੋ ਜਾਵੇਗੀ। ਇਹ ਵੈਬਸਾਈਟ ਐਨ.ਆਰ.ਆਈਜ਼ ਨੂੰ ਦਸਤਾਵੇਜ਼ ਤਸਦੀਕ ਕਰਵਾਉਣ ਵਿੱਚ ਵੀ ਮੱਦਦ ਕਰੇਗੀ। ਇੱਥੇ ਹੈਲਪਲਾਈਨ ਨੰਬਰ, ਈ-ਮੇਲ ਪਤਿਆਂ ਅਤੇ ਵੱਟਸਐਪ ਸ਼ਿਕਾਇਤ ਨੰਬਰ ਦੀ ਜਾਣਕਾਰੀ ਵੀ ਮਿਲੇਗੀ।

**ਐਸ.ਵਾਈ.ਐਲ. ਦਾ ਰੇੜਕਾ ਜਿਉਂ ਦਾ ਤਿਉਂ:** ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਦੀ ਵਿਚੋਲਗੀ ਨਾਲ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਿਚਾਲੇ ਬੀਤੇ ਦਿਨੀਂ ਹੋਈ ਮੀਟਿੰਗ ਤੋਂ ਬਾਅਦ ਵੀ ਐਸ.ਵਾਈ.ਐਲ. ਦਾ ਪਰਨਾਲਾ ਉਥੇ ਹੀ ਰਿਹਾ, ਜਿੱਥੇ ਪਹਿਲਾਂ ਸੀ। ਪੰਜਾਬ ਦਾ ਆਖਣਾ ਹੈ ਕਿ ਪੰਜਾਬ ਕੋਲ ਦੂਜੇ ਰਾਜਾਂ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ, ਜਦਕਿ ਹਰਿਆਣਾ ਨੇ ਫਿਰ ਇਹੋ ਦਲੀਲ ਦਿੱਤੀ ਕਿ ਪਾਣੀ ਹੈ ਜਾਂ ਨਹੀਂ, ਨਹਿਰ ਬਣਾਈ ਜਾਵੇ। ਪੰਜਾਬ ਦੇ ਮੁੱਖ ਮੰਤਰੀ ਨੇ ਇੱਕ ਹੋਰ ਦਲੀਲ ਵੀ ਦੁਹਰਾਈ ਕਿ ਐਸ.ਵਾਈ.ਐਲ. ਦੀ ਥਾਂ ਯਮੁਨਾ-ਸਤਲੁਜ ਲਿੰਕ ਨਹਿਰ (ਵਾਈ.ਐਸ.ਐਲ.) ਬਣਾਈ ਜਾਵੇ।

ਪੰਜਾਬ ਦੇ ਮੁੱਖ ਮੰਤਰੀ ਨੇ ਦਲੀਲ ਦਿੱਤੀ ਕਿ ਪੰਜਾਬ ਦੇ 76.5 ਫੀਸਦੀ ਬਲਾਕਾਂ ਵਿੱਚ ਪਾਣੀ ਬਹੁਤ ਜ਼ਿਆਦਾ ਨੀਵਾਂ ਜਾ ਚੁੱਕਾ ਹੈ, ਜਦਕਿ ਹਰਿਆਣਾ ਵਿੱਚ 61.5 ਫੀਸਦੀ ਬਲਾਕਾਂ ਵਿੱਚ ਪਾਣੀ ਹੇਠਾਂ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਕੁੱਲ 52 ਐਮ.ਏ.ਐਫ. ਪਾਣੀ ਦੀ ਜ਼ਰੂਰਤ ਹੈ, ਜਿਸ ਵਿਚੋਂ 73 ਫੀਸਦੀ ਪਾਣੀ ਦੀ ਪੂਰਤੀ ਜ਼ਮੀਨਦੋਜ਼ ਪਾਣੀ ਨਾਲ ਹੁੰਦੀ ਹੈ। ਸਾਨੂੰ ਆਪਣੇ ਲਈ ਹੋਰ ਵਧੇਰੇ ਨਹਿਰੀ ਆਧਾਰ ਢਾਂਚੇ ਅਤੇ ਪਾਣੀ ਦੀ ਲੋੜ ਹੈ।

## ਟਰੱਕਾਂ ਵਾਲਿਆਂ ਦੀ ਹੜਤਾਲ ਨੇ ਜ਼ਿੰਦਗੀ ਜਾਮ ਕੀਤੀ

ਹਾਲ ਹੀ ਵਿੱਚ ਸੋਧੇ ਗਏ ਇੱਕ ਕਾਨੂੰਨ ਦੇ ਵਿਰੁੱਧ ਨਵੇਂ ਸਾਲ ਦੇ ਪਹਿਲੇ ਦਿਨ ਦੇਸ਼ ਭਰ ਵਿੱਚ ਹੋਈ ਟਰੱਕਾਂ ਵਾਲਿਆਂ ਦੀ ਹੜਤਾਲ ਨੇ ਜ਼ਿੰਦਗੀ ਦਾ ਚੱਕਾ ਲਗਪਗ ਜਾਮ ਕਰ ਦਿੱਤਾ ਹੈ। ਟਰੱਕਾਂ ਅਤੇ ਟੈਂਕਰਾਂ ਦੇ ਬੰਦ ਹੋਣ ਨਾਲ ਡੀਜ਼ਲ ਅਤੇ ਪੈਟਰੋਲ ਦੀ ਸਪਲਾਈ ਰੁਕ ਗਈ ਹੈ। 3 ਜਨਵਰੀ ਨੂੰ ਇਸ ਹੜਤਾਲ ਦਾ ਤੀਜਾ ਦਿਨ ਸੀ ਅਤੇ ਇਸ ਕਾਰਨ ਪੈਟੌਰਲ ਪੰਪਾਂ 'ਤੇ ਲੰਮੀਆਂ ਲਾਈਨਾਂ ਲੱਗ ਗਈਆਂ ਸਨ। ਪੈਟਰੋਲ ਪੰਪਾਂ ਵਾਲੇ ਰਾਸ਼ਨ ਵਾਂਗ ਤੇਲ ਵੰਡ ਰਹੇ ਸਨ। ਬਾਈਕ ਵਾਲੇ ਨੂੰ 200 ਅਤੇ ਕਾਰ ਵਾਲੇ ਨੂੰ 500 ਰੁਪਏ ਦਾ ਤੇਲ ਪਾਇਆ ਗਿਆ ਤਾਂ ਕਿ ਉਹ ਆਪਣੇ ਟਿਕਾਣਿਆਂ 'ਤੇ ਪਹੁੰਚ ਸਕਣ।

ਪਨਬਸ ਵਾਲੇ ਠੇਕੇ ਦੇ ਕੰਡਕਟਰ-ਡਰਾਈਵਰਾਂ ਨੇ ਵੀ ਟਰੱਕ ਡਰਾਈਵਰਾਂ ਦੀ ਹੜਤਾਲ ਦੀ ਹਮਾਇਤ ਵਿੱਚ ਬੱਸਾਂ ਦਾ ਉਪਰੇਸ਼ਨ ਬੰਦ ਕਰ ਦਿੱਤਾ ਹੈ। ਇਸ ਨਾਲ ਆਮ ਸਵਾਰੀਆਂ ਵੀ ਬੱਸ ਅੱਡਿਆਂ 'ਤੇ ਰੁਲ਼ਦੀਆਂ ਨਜ਼ਰ ਆਈਆਂ। ਤੇਲ ਦੀ ਕਥਿਤ ਤੋਟ ਤੋਂ ਡਰਦੇ ਲੋਕ 'ਪੈਨਿਕ ਖਰੀਦ' ਕਰਨ ਲਈ ਭੱਜ-ਨੱਠ ਕਰਦੇ ਨਜ਼ਰ ਆਏ। ਇੱਥੇ ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ ਵਿਰੋਧੀ ਧਿਰ ਦੇ 143 ਪਾਰਲੀਮੈਂਟ ਮੈਂਬਰਾਂ ਨੂੰ ਮੁਅੱਤਲ ਕਰਕੇ ਜਿਹੜੇ ਕਾਨੂੰਨ ਸੋਧੇ ਜਾਂ ਨਵੇਂ ਬਣਾਏ ਗਏ ਹਨ, ਉਨ੍ਹਾਂ ਵਿੱਚ ਇਹ ਟਰਾਂਸਪੋਰਟ ਹਾਦਸਿਆਂ ਸਬੰਧੀ 'ਹਿੱਟ ਐਂਡ ਰੰਨ' ਕਾਨੂੰਨ ਵੀ ਸ਼ਾਮਲ ਹੈ, ਜਿਸ ਵਿੱਚ ਕਿਸੇ ਨੂੰ ਟੱਕਰ ਮਾਰ ਕੇ ਦੌੜਨ ਵਾਲੇ ਡਰਾਈਵਰ ਨੂੰ 7 ਲੱਖ ਰੁਪਏ ਜੁਰਮਾਨਾ ਅਤੇ 10 ਸਾਲ ਦੀ ਕੈਦ ਦੀ ਵਿਵਸਥਾ ਕਰ ਦਿੱਤੀ ਹੈ।

ਟਰੱਕ ਡਰਾਈਵਰਾਂ ਦਾ ਆਖਣਾ ਹੈ ਕਿ ਇਸ ਕਾਨੂੰਨ ਦੀ ਗਾਜ਼ ਮੁੱਖ ਤੌਰ 'ਤੇ ਉਨ੍ਹਾਂ ਉਤੇ ਹੀ ਡਿੱਗਣੀ ਹੈ, ਕਿਉਂਕਿ ਕਸੂਰ ਭਾਵੇਂ ਛੋਟੀ ਗੱਡੀ ਵਾਲੇ ਦਾ ਹੋਵੇ ਪਰ ਦੋਸ਼ ਉਨ੍ਹਾਂ 'ਤੇ ਹੀ ਮੜ੍ਹਿਆ ਜਾਂਦਾ ਹੈ। ਜਦੋਂ ਹਾਦਸਾ ਵਾਪਰ ਜਾਂਦਾ ਹੈ ਤਾਂ ਆਲੇ-ਦੁਆਲੇ ਤੋਂ ਇਕੱਠੇ ਹੋਣ ਵਾਲੇ ਲੋਕ ਉਨ੍ਹਾਂ ਦੀ ਕੁੱਟ ਮਾਰ ਕਰਨ ਲਗਦੇ ਹਨ। ਇਸੇ ਲਈ ਡਰਾਈਵਰ ਹਾਦਸੇ ਵਾਲੀ ਥਾਂ ਤੋਂ ਦੌੜ ਜਾਂਦੇ ਹਨ। ਡਰਾਈਵਰਾਂ ਦਾ ਆਖਣ ਹੈ ਕਿ ਹਾਦਸੇ ਤੋਂ ਬਾਅਦ ਉਨ੍ਹਾਂ ਨੂੰ ਕੁੱਟਣ ਵਾਲੀ ਭੀੜ ਬਾਰੇ ਕਾਨੂੰਨ ਚੁੱਪ ਹੈ ਤੇ ਇਸ ਤਰ੍ਹਾਂ ਇਹ ਕਾਨੂੰਨ ਪੱਖਪਾਤੀ ਹੈ। ਡਰਾਈਵਰਾਂ ਦਾ ਆਖਣਾ ਹੈ ਕਿ ਉਨ੍ਹਾਂ ਦੀ ਤਨਖਾਹ ਬਹੁਤ ਘੱਟ ਹੁੰਦੀ ਹੈ, ਜੁਰਮਾਨੇ ਦੀ ਇੰਨੀ ਵੱਡੀ ਰਕਮ ਉਹ ਕਿਵੇਂ ਅਦਾ ਕਰ ਸਕਦੇ ਹਨ? ਡਰਾਈਵਰ ਯੂਨੀਅਨਾਂ ਦਾ ਆਖਣਾ ਹੈ ਕਿ ਜਦੋਂ ਤੱਕ ਇਹ ਕਾਨੂੰਨ ਵਾਪਸ ਨਹੀਂ ਲਿਆ ਜਾਂਦਾ, ਉਹ ਇੱਕ ਡਿੰਘ ਵੀ ਅੱਗੇ ਨਹੀਂ ਤੁਰਨਗੇ।

ਜ਼ਿਕਰਯੋਗ ਹੈ ਕਿ ਸਥਾਨਕ ਪ੍ਰਸ਼ਾਸਨ ਦੇ ਯਤਨਾਂ ਕਾਰਨ ਜਲੰਧਰ ਵਿੱਚ ਟਰੱਕ ਉਪਰੇਟਰਾਂ ਦੀ ਹੜਤਾਲ ਖੁਲ੍ਹਵਾ ਦਿੱਤੀ ਗਈ ਹੈ। ਭਾਰਤ ਪੈਟਰੋਲੀਅਮ ਦਾ ਵੱਡਾ ਡੀਪੂ ਜਲੰਧਰ ਵਿੱਚ ਮੌਜੂਦ ਹੈ, ਇਸ ਲਈ ਜ਼ਿਲ੍ਹੇ ਵਿੱਚ ਤੇਲ ਸਪਲਾਈ ਦੀ ਦਿੱਕਤ ਵੀ ਦੋ ਦਿਨ ਦੀ ਹੜਤਾਲ ਬਾਅਦ ਖਤਮ ਹੋ ਗਈ ਹੈ। ਪਰ ਸਧਾਰਨ ਵਰਤੋਂ ਦੀਆਂ ਚੀਜ਼ਾਂ ਖਾਸ ਕਰਕੇ ਦਾਲਾਂ-ਸਬਜ਼ੀਆਂ ਦੇ ਰੇਟ ਇਕਦਮ ਵਧ ਗਏ ਹਨ।


FOR SINGH LLC
COMMERCIAL PARKING
Grand Opening Special 20% Off First 3 Months
Daily / Weekly / Monthly
(630) 984-9401
1940 Wiesbrook Drive Oswego, IL 60543



SONA
WEDDING & EVENT PLANNERS
ONE STOP FOR YOUR DREAM EVENTS
- Weddings/Destination Weddings
- Social & Corporate Events
- Quinceañera/Themed Parties
- Catered Events
- Bridal Makeup/Henna
- Designer Dresses/Rental for Bride/Groom/Family/Friends
- Photography/Videography
- Photobooth rental of all types!
- Custom Decor
- DJ/Singer/Emcee/Lighting
- Venues

for more information and details contact us:
Mona Bhalla
Planner & Event Consultant
224.369.6100
info@sona-events.com
www.sona-events.com
sonaeventss
sonaeventss

**ਬਲਵਿੰਦਰ ਸਿੰਘ (ਬੌਬ) ਸੰਧੂ, ਜਸਵਿੰਦਰ ਸਿੰਘ (ਜੱਸੀ) ਸੰਧੂ ਤੇ ਸੋਨੀ ਜੱਜ ਅਤੇ ਸਮੂਹ ਪਰਿਵਾਰਾਂ ਵੱਲੋਂ**

# ਦੇਸ-ਵਿਦੇਸ਼ ’ਚ ਵੱਸਦੇ ਸਮੂਹ ਭਾਈਚਾਰੇ ਨੂੰ

# ਸਾਲ 2024 ਮੁਬਾਰਕ

## ਨਵੇਂ ਸਾਲ ਵਿੱਚ ਤੁਹਾਡੀ ਖੁਸ਼ਹਾਲੀ ਦੀ ਕਾਮਨਾ ਕਰਦੇ ਹਾਂ

# *Happy New Year to All of You*

May the New Year bring you Peace, Joy and Happiness.
Wishing you & yours health and prosperity in the New Year.



ਜਸਵਿੰਦਰ ਸਿੰਘ (ਜੱਸੀ) ਸੰਧੂ | ਸੋਨੀ ਜੱਜ | ਬਲਵਿੰਦਰ ਸਿੰਘ (ਬੌਬ) ਸੰਧੂ

# ਇਨਸਾਫ ਦੀ ਫਸੀਲ ਤੋਂ ਬੇਇਨਸਾਫੀਆਂ

**ਧੁਖਦੀ ਚੀਸ**

**ਕੁਲਜੀਤ ਦਿਆਲਪੁਰੀ**

ਅਦਾਲਤਾਂ ਦੀਆਂ ਸਰਦਲਾਂ ਤੋਂ ਜਦੋਂ ਇਨਸਾਫ ਮਿਲਣ ਦੀ ਬੇਉਮੀਦੀ ਹੋ ਜਾਵੇ, ਉਦੋਂ ਕਹਿਣ ਨੂੰ ਤਾਂ ਬੰਦਾ ਅੰਦਰੋਂ ਟੁੱਟ ਜਾਂਦਾ ਹੈ, ਪਰ ਅਸਲ ਵਿੱਚ ਉਸ ਦਾ ਅੰਦਰਲਾ ਇਨਸਾਨ ਪੱਥਰ ਹੋ ਜਾਂਦਾ ਹੈ। ਨਾਮਵਰ ਕਵੀ/ਸ਼ਾਇਰ ਸੁਰਜੀਤ ਪਾਤਰ ਨੇ ਬੇਇਨਸਾਫੀਆਂ ਦਾ ਦਰਦ ਇੰਜ ਬਿਆਨ ਕੀਤਾ ਹੈ: "ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ, ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ।" ਇਨਸਾਫ ਦੀ ਕਿਰਨ ਮੱਧਮ ਪੈਣ ਕਰਕੇ ਬੇਭਰੋਸਗੀ ਦਾ ਮਾਹੌਲ ਭਾਰੂ ਰਿਹਾ ਹੈ ਅਤੇ ਹੁਣ ਵੀ ਉਵੇਂ ਹੀ ਹੈ; ਤੇ ਇਸ ਮਾਹੌਲ ਵਿੱਚ ਪੱਸਰੀ ਬੇਚਾਰਗੀ ਦੀ ਖਾਮੋਸ਼ੀ ਲਈ ਕਥਿਤ ਤੌਰ 'ਤੇ ਜ਼ਿੰਮੇਵਾਰ ਧਿਰਾਂ ਦੀਆਂ ਚਾਂਗਰਾਂ ਦਾ ਸ਼ੋਰ ਟੀਸੀ 'ਤੇ ਹੈ।

ਸਮਾਜ ਵਿੱਚ ਆਪਣੇ ਨਾਲ ਹੋਈਆਂ ਬੇਇਨਸਾਫੀਆਂ ਨਾਲ ਜੂਝਦੇ ਕਿੰਨੇ ਹੀ ਲੋਕ ਦੁਨੀਆ ਤੋਂ ਰੁਖਸਤ ਹੋ ਗਏ ਹਨ ਅਤੇ ਕਿੰਨੇ ਹੀ ਇਨਸਾਫ ਲਈ ਥਾਣਿਆਂ/ਕਚਹਿਰੀਆਂ/ਅਦਾਲਤਾਂ ਦੀ ਖਾਕ ਛਾਣਦੇ ਮੁੱਕ ਰਹੇ ਹਨ। ਘਟਨਾ ਕੋਈ ਵੀ ਹੋਵੇ, ਇਨਸਾਫ ਲਈ ਲੋਕਾਂ ਨੂੰ ਲੜਨਾ ਪੈ ਰਿਹਾ ਹੈ, ਦਰ-ਦਰ ਭਟਕਣਾ ਪੈ ਰਿਹਾ ਹੈ- ਖਾਸ ਕਰ ਉਨ੍ਹਾਂ ਮੁਲਕਾਂ ਵਿੱਚ, ਜਿਨ੍ਹਾਂ ਵਿੱਚ ਮਾਨਵੀ ਕਦਰਾਂ-ਕੀਮਤਾਂ ਦਾ ਮੁੱਲ ਮਨਫੀ ਹੈ; ਕਿਉਂਕਿ ਹਕੂਮਤੀ ਧਾੜਾਂ ਇਨਸਾਫ ਲਈ ਆਵਾਜ਼ ਬੁਲੰਦ ਕਰਨ ਵਾਲਿਆਂ ਪ੍ਰਤੀ ਜਾਹਰਾ ਤੌਰ 'ਤੇ ਨਿਰਦਈ ਹਨ। ਵਾਕਫੀ ਗਿਣਤੀਆਂ-ਮਿਣਤੀਆਂ ਦੇ ਸਿਲਸਿਲੇ ਦੌਰਾਨ ਬੇਇਨਸਾਫੀ ਦਾ ਪੱਲੜਾ ਪਾਸਕੂ ਹੋ ਜਾਣਾ ਸੁਭਾਵਿਕ ਹੈ; ਉਦੋਂ ਤਾਂ ਬਿਲਕੁਲ ਹੀ, ਜਦੋਂ ਸੱਤਾ ਦੀਆਂ ਕੁੰਜੀਆਂ ਹੱਥ ਵਿੱਚ ਹੋਣ! ਤੇ ਫਿਰ ਗਵਾਹਾਂ ਦੇ ਮੁਕਰਨ-ਮੁਕਰਾਉਣ ਅਤੇ ਸਬੂਤਾਂ ਦਾ ਖੁਰਾਖੋਜ ਮਿਟਾਉਣ ਦੀਆਂ ਵਿਉਂਤਾਂ ਜ਼ੋਰ ਫੜ ਲੈਂਦੀਆਂ ਹਨ। ਕਿਸੇ ਨੇ ਇੰਜ ਲਿਖਿਆ ਹੈ:

ਮੁਨਸਿਫ ਵੀ ਉਸ ਦੇ, ਅਦਾਲਤ ਵੀ ਉਸ ਦੀ
ਗਵਾਹ ਵੀ ਉਸ ਦੇ ਤੇ ਵਕਾਲਤ ਵੀ ਉਸ ਦੀ
ਅਸੀਂ ਤਾਂ ਚੜ੍ਹ ਕੇ ਹੈ ਸੂਲੀ 'ਤੇ ਤੱਕਣਾ
ਜਿੱਤ ਵੀ ਉਸ ਦੀ ਤੇ ਜਲਾਲਤ ਵੀ ਉਸ ਦੀ।

ਇਹ ਵਰਤਾਰਾ ਕੋਈ ਨਵਾਂ ਨਹੀਂ ਤੇ ਨਾ ਹੀ ਰੁਕਣ ਵਾਲਾ ਹੈ। ਜਿੱਥੋਂ ਦਾ ਸਿਸਟਮ ਲੋਕਾਂ ਨੂੰ ਜਵਾਬਦੇਹੀ ਪ੍ਰਤੀ ਗੂੰਗਾ ਤੇ ਬੋਲਾ ਹੋ ਗਿਆ ਹੋਵੇ, ਉਥੇ ਇਨਸਾਫ ਦਾ ਮਰ ਜਾਣਾ ਲਾਜ਼ਮੀ ਹੈ। ਇਨਸਾਫਪਸੰਦ ਲੋਕ ਕਾਣੇ ਕਾਨੂੰਨ ਦੀਆਂ ਅੱਖਾਂ ਵਿੱਚ ਰੜਕਦੇ ਹੀ ਰਹੇ ਹਨ। ਮੁਲਕ ਪੱਧਰ ਦੀ ਗੱਲ ਤਾਂ ਛੱਡੋ, ਆਲਮੀ ਪੱਧਰ 'ਤੇ ਵੀ ਅਜਿਹੀ ਰੜਕ ਬੇਪਰਵਾਹ ਰੱਖੀ ਜਾਂਦੀ ਹੈ। ਚੌਧਰਾਂ ਦੀ ਸਿਆਸਤ ਵਿੱਚ ਦਹਿਸ਼ਤ ਨੂੰ ਸੁਲਘਾਈ ਰੱਖ ਕੇ ਮਨੁੱਖ ਵੱਲੋਂ ਮਨੁੱਖ ਖਿਲਾਫ ਬੇਪਨਾਹ ਬੇਇਨਸਾਫੀਆਂ ਕੀਤੀਆਂ ਜਾ ਰਹੀਆਂ ਹਨ। ਜ਼ਿਆਦਾਤਰ ਇਨਸਾਫ ਦੇ ਮੁਦੱਈ ਕਹਾਉਂਦੇ ਲੋਕ ਹੀ ਇਨਸਾਫ ਦੇ ਵਿਰੁੱਧ ਭੁਗਤ ਰਹੇ ਹਨ- ਜਾਣਬੁੱਝ ਕੇ ਵੀ ਅਤੇ ਮਜਬੂਰੀ ਵੱਸ ਵੀ; ਜਾਂ ਫਿਰ ਸੱਤਾਧਾਰੀਆਂ ਤੇ ਤਾਕਤੀ ਧਿਰਾਂ ਦੀ ਇੱਛਾ ਅਨੁਸਾਰ ਵੀ ਇਨਸਾਫ ਵਾਲੇ ਫੈਸਲੇ ਕਰਨ ਤੋਂ ਦੜ ਵੱਟ ਲੈਣ ਦਾ ਰੁਝਾਨ ਹੈ।

ਇਸ ਘਟਨਾਕ੍ਰਮ ਵਿੱਚ ਬੇਦੋਸ਼ਿਆਂ ਨੂੰ ਦੋਸ਼ੀ ਸਾਬਤ ਕਰ ਦਿੱਤਾ ਜਾਂਦਾ ਹੈ ਤੇ ਦੋਸ਼ਯੁਕਤ ਧਿਰ ਬਰੀ ਹੋ ਜਾਂਦੀ ਹੈ। ਕਿਸੇ ਨਾ ਕੀਤੇ ਗੁਨਾਹ ਦੀ ਲੰਮਾ ਸਮਾਂ ਸਜ਼ਾ ਭੁਗਤ ਰਹੇ ਜਾਂ ਭੁਗਤ ਚੁਕੇ ਲੋਕ ਇਨਸਾਫ ਪ੍ਰਾਪਤੀ ਲਈ ਜੱਦੋ-ਜਹਿਦ ਦੇ ਬਾਵਜੂਦ ਜਦ ਹਾਰ-ਹੰਭ ਜਾਣ ਤਾਂ ਰਾਹਤ ਲਈ ਗੁਹਾਰ ਕਿਸ ਕੋਲ ਪਾਉਣ? ਜਿਨ੍ਹਾਂ ਨੇ ਸੱਚ ਸਾਹਮਣੇ ਹੁੰਦੇ ਹੋਇਆਂ ਵੀ ਉਹਦੀ ਅਣਹੋਂਦ ਬਾਰੇ ਅਹਿਸਾਸ ਹੰਢਾਇਆ, ਜ਼ਿੰਦਗੀ ਭਰ ਦੀ ਤਕਲੀਫ ਨੂੰ ਉਹ ਕਿੱਥੇ ਦੱਬ ਆਉਣ ਕਿ ਉਨ੍ਹਾਂ ਦਾ ਨਿਆਂ-ਪ੍ਰਣਾਲੀ ਵਿੱਚ ਭਰੋਸਾ ਮੁੜ ਪੈਦਾ ਹੋਵੇ!

ਖੈਰ! ਅਮਰੀਕਾ 'ਚ ਇੱਕ ਮਾਮਲੇ ਬਾਰੇ ਓਕਲਾਹੋਮਾ ਦੇ ਇੱਕ ਜੱਜ ਨੇ ਜਦੋਂ 48 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਇੱਕ ਵਿਅਕਤੀ ਨੂੰ ਬੇਕਸੂਰ ਹੋਣ ਦਾ ਫੈਸਲਾ ਸੁਣਾ ਕੇ ਰਿਹਾਅ ਕਰ ਦਿੱਤਾ ਤਾਂ ਇਸ ਨੂੰ ਅਮਰੀਕਾ ਵਿੱਚ ਸਭ ਤੋਂ ਲੰਬੀ ਜਾਣੀ ਜਾਂਦੀ ਗ਼ਲਤ ਸਜ਼ਾ ਵਜੋਂ ਦੇਖਿਆ ਗਿਆ। ਦਰਅਸਲ ਹੁਣ 70 ਸਾਲਾਂ ਨੂੰ ਢੁੱਕੇ ਗਲਿਨ ਸਿਮੰਸ ਨੇ ਇੱਕ ਅਜਿਹੇ ਕਤਲ ਲਈ 48 ਸਾਲ ਜੇਲ੍ਹ ਵਿੱਚ ਬਿਤਾਏ, ਜੋ ਉਸ ਨੇ ਕੀਤਾ ਹੀ ਨਹੀਂ ਸੀ। ਆਖਰ ਕਮੀ ਕਿਤੇ ਨਾ ਕਿਤੇ ਤਾਂ ਸੀ, ਪਰ ਬੇਇਨਸਾਫੀ ਗਲਿਨ ਸਿਮੰਸ ਨਾਲ ਹੋਈ ਤੇ ਉਸ ਨੂੰ ਸਜ਼ਾ ਦਾ ਪਾਤਰ ਬਣਨਾ ਪਿਆ। ਅਦਾਲਤ ਨੇ ਦੇਖਿਆ ਕਿ ਉਸ ਦੇ ਕੇਸ ਵਿੱਚ ਅਹਿਮ ਸਬੂਤ ਉਸ ਦੇ ਬਚਾਅ ਪੱਖ ਦੇ ਵਕੀਲਾਂ ਨੂੰ ਨਹੀਂ ਸੌਂਪੇ ਗਏ ਸਨ। ਫਿਰ ਸਭ ਕਾਨੂੰਨੀ ਚਾਰਾਜੋਈਆਂ ਪਿੱਛੋਂ ਉਸ ਨੂੰ ਬੇਕਸੂਰ ਕਰਾਰ ਦਿੱਤਾ।

ਗਲਿਨ ਸਿਮੰਸ ਨੂੰ ਸਾਲ 1974 ਵਿੱਚ ਓਕਲਾਹੋਮਾ ਸਿਟੀ ਦੇ ਇੱਕ ਕਸਬੇ 'ਚ ਇੱਕ ਸ਼ਰਾਬ ਦੀ ਦੁਕਾਨ ਵਿੱਚ ਡਕੈਤੀ ਦੌਰਾਨ ਇੱਕ ਕਤਲ ਦੇ ਮਾਮਲੇ ਵਿੱਚ ਆਪਣੀ ਉਮਰ ਦਾ ਲੰਮਾ ਸਮਾਂ ਜੇਲ੍ਹ ਵਿੱਚ ਕੱਟਣਾ ਪਿਆ। ਖਬਰਾਂ ਮੁਤਾਬਕ ਸਿਮੰਸ ਉਦੋਂ 22 ਸਾਲ ਦਾ ਸੀ, ਜਦੋਂ ਉਸ ਨੂੰ ਅਤੇ ਇੱਕ ਸਹਿ-ਦੋਸ਼ੀ ਡੌਨ ਰੌਬਰਟਸ ਨੂੰ ਕਥਿਤ ਤੌਰ 'ਤੇ ਦੋਸ਼ੀ ਠਹਿਰਾਇਆ ਗਿਆ ਸੀ। 1975 ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ, ਪਰ ਅਮਰੀਕੀ ਸੁਪਰੀਮ ਕੋਰਟ ਦੇ ਫ਼ੈਸਲਿਆਂ ਕਾਰਨ ਮੌਤ ਦੀ ਸਜ਼ਾ ਨੂੰ ਬਾਅਦ ਵਿੱਚ ਉਮਰ ਕੈਦ ਵਿੱਚ ਬਦਲ ਦਿੱਤਾ ਗਿਆ ਸੀ। ਵਾਰਦਾਤ ਸਮੇਂ ਸਿਮੰਸ ਲੁਈਸਿਆਨਾ ਸਟੇਟ ਵਿੱਚ ਰਹਿੰਦਾ ਸੀ।

ਰਿਹਾਅ ਹੋਣ ਪਿੱਛੋਂ ਉਸ ਦਾ ਇਹ ਕਹਿਣਾ ਵੀ ਮਾਇਨੇ ਰੱਖਦਾ ਹੈ, "ਜੋ ਹੋ ਗਿਆ, ਉਹ ਹੋ ਗਿਆ, ਉਸ ਨੂੰ ਵਾਪਸ ਨਹੀਂ ਲਿਆਇਆ ਜਾ ਸਕਦਾ ਪਰ 'ਜਵਾਬਦੇਹੀ' ਤਾਂ ਹੋ ਸਕਦੀ ਹੈ!" 'ਜਵਾਬਦੇਹੀ' ਦੀ ਮੰਗ ਉਸ ਨੇ ਅਸਲ ਵਿੱਚ ਹੋਰ ਬੇਇਨਸਾਫੀਆਂ ਰੋਕਣ ਦੀ ਆਸ ਵਿੱਚ ਹੀ ਕੀਤੀ ਹੈ। ਉਸ ਦੀ ਭਾਵਨਾਤਮਕ ਸਥਿਤੀ ਬਿਆਨ ਕਰਨੀ ਮੁਸ਼ਕਿਲ ਹੈ, ਪਰ ਉਸ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਉਹ 'ਚਿਰਾਂ ਤੋਂ, ਕਾਫੀ ਚਿਰਾਂ ਤੋਂ, ਇਸ ਪਲ਼ ਦੀ ਉਡੀਕ ਕਰ ਰਿਹਾ ਸੀ।' ਇੱਕ ਇੰਟਰਵਿਊ ਵਿੱਚ ਕਹੇ ਉਸ ਦੇ ਇਨ੍ਹਾਂ ਬੋਲਾਂ ਦੇ ਦਰਦ ਨੂੰ ਉਹ ਹੀ ਸਮਝ ਸਕਦਾ ਹੈ, ਜਿਸ ਨੇ ਆਪਣੇ ਮਨ 'ਤੇ ਹੰਢਾਇਆ ਹੋਵੇ, "ਜਿਸ ਚੀਜ਼ ਨਾਲ ਤੁਹਾਡਾ ਕੋਈ ਲੈਣਾ-ਦੇਣਾ ਨਹੀਂ ਸੀ, ਉਸ ਲਈ ਕਰੀਬ 50 ਸਾਲਾਂ ਲਈ ਜੇਲ੍ਹ ਵਿੱਚ ਬੰਦ ਰਹਿਣ ਦਾ ਵਿਚਾਰ ਕਿਸੇ ਵਿਅਕਤੀ ਦੀ ਮਾਨਸਿਕ ਸਥਿਤੀ ਲਈ ਸਭ ਤੋਂ ਮਾੜੀਆਂ ਚੀਜ਼ਾਂ ਵਿੱਚੋਂ ਇੱਕ ਹੈ!" ਉਹ ਖੁਸ਼ ਹੈ ਕਿ ਉਸ ਦੇ ਨਾਂ 'ਤੇ ਲੱਗਿਆ ਕਲੰਕ ਸਾਫ ਹੋ ਗਿਆ ਹੈ, ਪਰ ਦੁੱਖ ਇਸ ਗੱਲ ਦਾ ਹੈ ਕਿ ਉਹ ਇਸ ਵੇਲੇ ਜਿਗਰ ਦੇ ਕੈਂਸਰ ਨਾਲ ਜੂਝ ਰਿਹਾ ਹੈ।

ਇਸੇ ਤਰ੍ਹਾਂ ਇੱਕ ਹੋਰ ਮਾਮਲਾ ਕਰੀਬ 20 ਸਾਲ ਅਮਰੀਕੀ ਫੌਜ ਦੀ ਜੇਲ੍ਹ ਗੁਆਂਤਾਨਾਮੋ ਬੇਅ 'ਚ ਕੈਦ ਰਹੇ ਪਾਕਿਸਤਾਨ ਦੇ ਰੱਬਾਨੀ ਭਰਾਵਾਂ ਨੂੰ ਉਨ੍ਹਾਂ 'ਤੇ ਲੱਗੇ ਸਾਰੇ ਇਲਜ਼ਾਮਾਂ ਤੋਂ ਮੁਕਤ ਕਰ ਕੇ ਰਿਹਾਅ ਕਰਨ ਦਾ ਹੈ। ਅਬਦੁਲ ਅਤੇ ਮੁਹੰਮਦ ਅਹਿਮਦ ਰੱਬਾਨੀ ਨਾਮ ਦੇ ਦੋ ਭਰਾਵਾਂ ਨੂੰ ਸਾਲ 2002 'ਚ ਪਾਕਿਸਤਾਨ 'ਚ ਗ੍ਰਿਫਤਾਰ ਕੀਤਾ ਗਿਆ ਸੀ। ਅਮਰੀਕੀ ਰੱਖਿਆ ਵਿਭਾਗ ਦੇ ਮੁੱਖ ਦਫ਼ਤਰ ਪੈਂਟਾਗਨ ਅਨੁਸਾਰ ਅਬਦੁਲ ਰੱਬਾਨੀ ਅਲ-ਕਾਇਦਾ ਲਈ ਇੱਕ ਸੁਰੱਖਿਅਤ ਪਨਾਹਗਾਹ ਦਾ ਸੰਚਾਲਨ ਕਰਦਾ ਸੀ, ਜਦਕਿ ਉਸ ਦੇ ਭਰਾ 'ਤੇ ਇਸ ਕੱਟੜਪੰਥੀ ਸੰਗਠਨ ਦੇ ਆਗੂਆਂ ਲਈ ਯਾਤਰਾ ਅਤੇ ਫੰਡਿੰਗ ਦਾ ਇੰਤਜ਼ਾਮ ਕਰਨ ਦੇ ਇਲਜ਼ਾਮ ਲੱਗੇ ਸਨ। ਰੱਬਾਨੀ ਭਰਾਵਾਂ ਨੂੰ ਵੀ ਤਸੀਹੇ ਝੱਲਣੇ ਪਏ ਅਤੇ ਆਪਣੇ ਆਪ ਨੂੰ ਬੇਗੁਨਾਹ ਸਾਬਤ ਕਰਨ ਲਈ ਉਹ ਭੁੱਖ ਹੜਤਾਲ ਵੀ ਕਰਦੇ ਰਹੇ। ਗੁਆਂਤਾਨਾਮੋ ਬੇਅ ਵਿੱਚ ਰਹਿਣ ਦੌਰਾਨ ਅਹਿਮਦ ਰੱਬਾਨੀ ਨੇ ਇੱਕ ਮੁਕੰਮਲ ਪੇਂਟਰ/ਚਿੱਤਰਕਾਰ ਵਜੋਂ ਆਪਣੀ ਪਛਾਣ ਕਾਇਮ ਕੀਤੀ ਸੀ।

ਸਿਤਮਜ਼ਰੀਫੀ ਇਹ ਕਿ ਦੋਹਾਂ ਭਰਾਵਾਂ ਨੂੰ 2021 'ਚ ਰਿਹਾਅ ਕੀਤੇ ਜਾਣ ਦੀ ਇਜਾਜ਼ਤ ਮਿਲ ਗਈ ਸੀ, ਪਰ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਸ ਦੇ ਬਾਵਜੂਦ ਉਨ੍ਹਾਂ ਨੂੰ ਕੈਦ 'ਚ ਕਿਉਂ ਰੱਖਿਆ ਗਿਆ? ਰਿਹਾਅ ਕੀਤੇ ਜਾਣ ਤੋਂ ਬਾਅਦ ਦੋਹਾਂ ਭਰਾਵਾਂ ਨੂੰ ਪਾਕਿਸਤਾਨ ਭੇਜ ਦਿੱਤਾ ਗਿਆ। ਦੋ ਦਹਾਕਿਆਂ ਦੀ ਇਸ ਕੈਦ ਨੂੰ ਇੱਕ 'ਤ੍ਰਾਸਦੀ' ਕਿਹਾ ਗਿਆ ਹੈ ਤੇ ਅਜਿਹੀ ਹੀ ਤ੍ਰਾਸਦੀ ਸਜ਼ਾਵਾਂ ਭੁਗਤ ਚੁਕੇ ਬੰਦੀ ਸਿੰਘ ਭਾਰਤੀ ਜੇਲ੍ਹਾਂ ਵਿੱਚ ਹੰਢਾਅ ਰਹੇ ਹਨ। ਕੀ ਇਸ ਬੇਇਨਸਾਫ਼ੀ ਦਾ ਭੁਗਤਾਨ ਕਦੇ ਹੋ ਸਕੇਗਾ?

ਹਾਲ ਹੀ ਵਿੱਚ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਹਿਰਾਸਤ 'ਚੋਂ 'ਲਾਪਤਾ' ਹੋਣ



ਦੀ ਜਾਂਚ ਰਿਪੋਰਟ ਬਾਰੇ ਖੁਲਾਸੇ ਹੋਏ ਤਾਂ ਜਥੇਦਾਰ ਕਾਉਂਕੇ ਦੀ ਪੁਲਿਸ ਹਿਰਾਸਤ ਦੌਰਾਨ ਕਥਿਤ ਤੌਰ 'ਤੇ ਹੋਈ ਮੌਤ ਦਾ ਮਾਮਲਾ ਕਰੀਬ ਤਿੰਨ ਦਹਾਕੇ ਬਾਅਦ ਮੁੜ ਚਰਚਾ ਵਿੱਚ ਆ ਗਿਆ। ਰਿਪੋਰਟ ਦੇ ਜਨਤਕ ਹੋਣ ਨਾਲ ਪੁਲਿਸ ਦੀ ਕਾਰਗੁਜ਼ਾਰੀ ਉੱਤੇ ਵੀ ਸਵਾਲ ਖੜ੍ਹੇ ਹੋ ਗਏ ਹਨ ਕਿ ਭਾਈ ਕਾਉਂਕੇ ਨੂੰ ਪੁਲਿਸ ਹਿਰਾਸਤ ਵਿੱਚ ਤਸੀਹੇ ਦੇ ਕੇ ਕਤਲ ਕਰ ਦਿੱਤਾ ਗਿਆ ਸੀ। ਜ਼ਿਕਰਯੋਗ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਅਜੀਤ ਸਿੰਘ ਬੈਂਸ ਵੱਲੋਂ ਸਥਾਪਤ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ 15 ਦਸੰਬਰ 2023 ਨੂੰ ਭਾਈ ਕਾਉਂਕੇ ਦੀ ਪੁਲਿਸ ਹਿਰਾਸਤ ਦੌਰਾਨ ਕਥਿਤ ਮੌਤ ਦੇ ਮਾਮਲੇ ਵਿੱਚ ਸਰਕਾਰੀ ਜਾਂਚ ਰਿਪੋਰਟ ਜਨਤਕ ਕੀਤੀ ਹੈ।

ਸਾਲ 1999 ਵਿੱਚ ਪੰਜਾਬ ਪੁਲਿਸ ਵੱਲੋਂ ਕੀਤੀ ਗਈ ਜਾਂਚ ਰਿਪੋਰਟ ਨੇ ਨਾ ਸਿਰਫ਼ ਗੁਰਦੇਵ ਸਿੰਘ ਕਾਉਂਕੇ ਦੀ ਗ੍ਰਿਫਤਾਰੀ ਬਾਰੇ ਪੁਲਿਸ ਦੇ ਦਾਅਵਿਆਂ ਉੱਤੇ ਸਵਾਲ ਖੜ੍ਹੇ ਕੀਤੇ ਸਨ, ਸਗੋਂ ਲੁਧਿਆਣਾ ਦਿਹਾਤੀ ਪੁਲਿਸ (ਜਗਰਾਓਂ) ਦੇ ਉਸ ਦਾਅਵੇ ਨੂੰ ਵੀ ਝੂਠਾ ਦੱਸਿਆ ਹੈ ਕਿ ਗੁਰਦੇਵ ਸਿੰਘ ਹਿਰਾਸਤ ਤੋਂ ਫਰਾਰ ਹੋ ਗਿਆ ਸੀ। ਇਸ ਮਾਮਲੇ ਦੀ ਇੱਕ ਮਾੜੀ ਗੱਲ ਇਹ ਵੀ ਹੈ ਕਿ ਜਥੇਦਾਰ ਕਾਉਂਕੇ ਨੂੰ ਪੁਲਿਸ ਦੇ ਕਾਗਜ਼ਾਂ ਅਨੁਸਾਰ ਭਗੌੜਾ ਕਰਾਰ ਦਿੱਤਾ ਹੋਇਆ ਹੈ। ਬੇਇਨਸਾਫੀ ਦੀ ਇਹ ਵੀ ਇੱਕ ਕਿਸਮ ਹੈ।

ਰਿਪੋਰਟ ਅਨੁਸਾਰ "ਸਾਰੇ ਬਿਆਨਾਂ ਦੀ ਘੋਖ ਕਰਨ ਤੋਂ ਬਾਅਦ ਲੱਗਦਾ ਹੈ ਕਿ ਕਾਉਂਕੇ ਨੂੰ ਪੁਲਿਸ ਹਿਰਾਸਤ ਵਿੱਚ ਰੱਖ ਕੇ ਝੂਠਾ ਕੇਸ ਬਣਾਉਣ ਦੀ ਕਹਾਣੀ ਦਾ ਸਾਰੇ ਛੋਟੇ ਅਤੇ ਵੱਡੇ ਅਫਸਰਾਂ ਨੂੰ ਪਤਾ ਸੀ; ਪਰ ਉਸ ਸਮੇਂ ਪੁਲਿਸ ਦਾ ਜੋ ਮਾਹੌਲ ਸੀ, ਉਸ ਤੋਂ ਜਾਹਰ ਹੁੰਦਾ ਹੈ ਕਿ ਪੁਲਿਸ ਅਧਿਕਾਰੀ ਜਾਂ ਤਾਂ ਜ਼ਿਮਨੀਆਂ ਲਿਖਦੇ ਹੀ ਨਹੀਂ ਸਨ ਜਾਂ ਛੋਟੇ ਅਫਸਰਾਂ ਦੁਆਰਾ ਲਿਖੀ ਜ਼ਿਮਨੀ ਉੱਤੇ ਬਿਨਾ ਪੜ੍ਹੇ ਦਸਤਖਤ ਕਰਦੇ ਰਹੇ ਸਨ।"

ਰਿਪੋਰਟ ਵਿੱਚ ਸਿਫਾਰਸ਼ ਕੀਤੀ ਗਈ ਸੀ ਕਿ ਗੁਰਦੇਵ ਸਿੰਘ ਕਾਉਂਕੇ ਨੂੰ ਕਥਿਤ ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖਣ ਅਤੇ ਝੂਠਾ ਰਿਕਾਰਡ ਬਣਾਉਣ ਦੇ ਮਾਮਲੇ ਵਿੱਚ ਸਬੰਧਤ ਮੁਲਾਜ਼ਮਾਂ ਖਿਲਾਫ ਕੇਸ ਦਰਜ ਕੀਤਾ ਜਾਵੇ। ਨਾਲ ਹੀ ਹੋਰ ਅਧਿਕਾਰੀਆਂ ਦੀ ਭੂਮਿਕਾ ਦੀ ਜਾਂਚ ਕਰਨ ਦੀ ਸਿਫਾਰਿਸ਼ ਵੀ ਕੀਤੀ ਗਈ ਸੀ। ਇਹ ਮਾਮਲਾ ਤਿੰਨ ਦਹਾਕਿਆਂ ਤੱਕ ਦਬਿਆ ਰਿਹਾ। ਵੱਡੀ ਨਾ-ਇਨਸਾਫੀ ਤਾਂ ਇਹ ਵੀ ਹੈ ਕਿ ਪਹਿਲਾਂ ਨਾ ਕਾਉਂਕੇ ਦੇ ਮਾਮਲੇ ਦੀ ਜਾਂਚ ਰਿਪੋਰਟ 'ਤੇ ਕੋਈ ਕਾਰਵਾਈ ਹੋਈ ਅਤੇ ਨਾ ਹੀ ਜਾਂਚ ਰਿਪੋਰਟ ਨੂੰ ਜਨਤਕ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ 1980-90ਵਿਆਂ ਦੇ ਦਹਾਕਿਆਂ ਵਿੱਚ ਪੰਜਾਬ ਵਿੱਚ ਖਾਲਿਸਤਾਨ ਦੇ ਮੁੱਦੇ 'ਤੇ ਸਿੱਖ ਖਾੜਕੂ ਲਹਿਰ ਚੱਲ ਰਹੀ ਸੀ। ਜਗਰਾਓਂ ਪੁਲਿਸ ਦਾ ਦਾਅਵਾ ਸੀ ਕਿ ਗੁਰਦੇਵ ਸਿੰਘ ਨੂੰ ਖਾੜਕੂਆਂ ਬਾਰੇ ਪੁੱਛਗਿੱਛ ਕਰਨ ਲਈ ਲਿਆਂਦਾ ਗਿਆ।

ਅਨਿਆਂ ਦੇ ਅਜਿਹੇ ਅਣਗਿਣਤ ਮਾਮਲੇ ਹਨ ਕਿ ਮਾਂਵਾਂ ਦੇ ਚੋਬਰ ਪੁੱਤਾਂ ਨੂੰ ਪੁਲਿਸ ਚੁੱਕ ਕੇ ਲੈ ਗਈ ਅਤੇ ਉਹ ਮੁੜ ਘਰ ਨਹੀਂ ਪਰਤੇ। ਭਾਈ ਜਸਵੰਤ ਸਿੰਘ ਖਾਲੜਾ ਇਸ ਬੇਇਨਸਾਫੀ ਖਿਲਾਫ ਆਵਾਜ਼ ਬੁਲੰਦ ਕਰਦਾ ਕਰਦਾ ਖੁਦ ਬੇਇਨਸਾਫੀ ਦਾ ਸ਼ਿਕਾਰ ਹੋ ਗਿਆ। ਗੈਰ-ਨਿਆਇਕ ਕਤਲਾਂ ਦੇ ਦਾਗ ਨੂੰ ਇਨਸਾਫ ਦੇਣ ਨਾਲ ਵੀ ਸ਼ਾਇਦ ਮਿਟਾਇਆ ਨਹੀਂ ਜਾ ਸਕਦਾ। ਤ੍ਰਾਸਦਿਕ ਪਹਿਲੂ ਇਹ ਹੈ ਕਿ ਅੱਜ ਵੀ ਪੀੜਤ ਪਰਿਵਾਰ ਇਨਸਾਫ ਲਈ ਲੜ ਰਹੇ ਹਨ ਜਾਂ ਫਿਰ ਕਈਆਂ ਨੇ ਤਾਂ ਨਿਆਂ ਦੀ ਆਸ ਹੀ ਛੱਡ ਦਿੱਤੀ ਹੈ; ਕਿਉਂਕਿ ਨਿਆਇਕ ਪ੍ਰਣਾਲੀ ਵਿੱਚ ਬੇਮੁਹਾਰੀਆਂ ਬੇਈਮਾਨੀਆਂ ਹੋਣ ਦੇ ਨਾਲ ਨਾਲ ਫਿਰਕਾਪ੍ਰਸਤ ਤਾਕਤਾਂ ਘੱਟਗਿਣਤੀਆਂ ਖਿਲਾਫ ਸ਼ੱਰ੍ਹੇਆਮ ਭੁਗਤ ਰਹੀਆਂ ਹਨ। ਭਾਈ ਕਾਉਂਕੇ ਨਾਲ ਸਬੰਧਤ ਘਟਨਾਕ੍ਰਮ ਵਾਲੇ ਸਮੇਂ ਦੌਰਾਨ ਪੰਜਾਬ ਵਿੱਚ ਸਿੱਖਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੀ ਸਿਆਸੀ ਪਾਰਟੀ ਅਕਾਲੀ ਦਲ ਦੀ ਸਰਕਾਰ ਸੀ। ਭਾਰਤੀ ਜਨਤਾ ਪਾਰਟੀ ਇਸ ਵਿੱਚ ਭਾਈਵਾਲ ਸੀ। ਹੁਣ ਫਿਰ ਦੋਹਾਂ ਸਿਆਸੀ ਪਾਰਟੀਆਂ ਵਿੱਚ ਗੱਠਜੋੜ ਹੋਣ/ਕਰਨ ਦੀਆਂ ਬੁਣਤੀਆਂ ਬੁਣੀਆਂ ਜਾ ਰਹੀਆਂ ਹਨ। ਪੰਜਾਬ ਦੇ ਨਾਜ਼ੁਕ ਦੌਰ ਸਮੇਂ ਸ਼ਹੀਦ ਹੋਏ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਲਈ ਫੰਡ ਇਕੱਠਾ ਕਰ ਕੇ ਡੱਕਾਰ ਜਾਣ ਵਾਲਿਆਂ ਦੀ ਬੇਇਨਸਾਫੀ ਵੀ ਅਣਡਿੱਠ ਨਹੀਂ ਕੀਤੀ ਜਾ ਸਕਦੀ। ਇਨਸਾਫ ਦੇ ਨਾਂ 'ਤੇ ਫੰਡ ਇਕੱਠਾ ਕਰਨ ਦਾ ਸਿਲਸਿਲਾ ਦੇਸ-ਵਿਦੇਸ਼ ਵਿੱਚ ਹੁਣ ਵੀ ਜਾਰੀ ਹੈ।

ਖੈਰ! ਨਿਆਂ ਦੀ ਲੜਾਈ ਦੌਰਾਨ ਕਈਆਂ ਦੇ ਘਰ-ਬਾਰ ਤੱਕ ਵਿਕ ਗਏ ਤੇ ਟੱਬਰਾਂ ਦੇ ਟੱਬਰ ਉੱਜੜ ਗਏ। ਇਸੇ ਤਰ੍ਹਾਂ ਗੁਰਦਾਸਪੁਰ ਦੇ ਇੱਕ ਝੂਠੇ ਪੁਲਿਸ ਮੁਕਾਬਲੇ ਦੀ ਕਹਾਣੀ ਹੈ। ਸੁਖਪਾਲ ਸਿੰਘ ਨੂੰ ਕਥਿਤ ਪੁਲਿਸ ਮੁਕਾਬਲੇ ਵਿੱਚ ਮੁਕਾ ਦਿੱਤਾ ਗਿਆ ਸੀ। ਕਰੀਬ ਤੀਹ ਸਾਲ ਬਾਅਦ ਵੀ ਪਰਿਵਾਰ ਨੂੰ ਇਨਸਾਫ ਨਹੀਂ ਮਿਲਿਆ। ਪਰਿਵਾਰ ਨੇ ਕੋਈ ਸਰਕਾਰੀ ਦਫ਼ਤਰ ਨਹੀਂ ਛੱਡਿਆ, ਪਰ ਨਾ ਸੁਖਪਾਲ ਆਪਣੇ ਪਿੰਡ ਕਾਲਾ ਅਫ਼ਗਾਨਾ ਵਾਪਸ ਆਇਆ ਤੇ ਨਾ ਉਸ ਦੀ ਲਾਸ਼! ਪਰਿਵਾਰ ਲਈ ਇਸ ਤੋਂ ਵੱਡਾ ਦੁਖਾਂਤ ਕੀ ਹੋਵੇਗਾ ਕਿ ਉਹ ਉਸ ਦੀਆਂ ਅੰਤਿਮ ਰਸਮਾਂ ਵੀ ਨਹੀਂ ਕਰ ਸਕਿਆ। ਦੋਸ਼ ਇਹ ਸਾਹਮਣੇ ਆਏ ਕਿ ਪੁਲਿਸ ਨੇ ਕਥਿਤ ਨਾਮੀ ਅਤਿਵਾਦੀ ਗੁਰਨਾਮ ਸਿੰਘ ਬੰਡਾਲਾ ਦੀ ਥਾਂ ਸੁਖਪਾਲ ਸਿੰਘ ਦਾ ਪੁਲਿਸ ਮੁਕਾਬਲਾ ਬਣਾ ਦਿੱਤਾ ਸੀ ਅਤੇ 5 ਲੱਖ ਦੀ ਇਨਾਮੀ ਰਕਮ ਹਾਸਲ ਕਰ ਲਈ ਗਈ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਇਨਸਾਫ ਲਈ ਅਦਾਲਤਾਂ ਤੱਕ ਪਹੁੰਚ ਕੀਤੀ ਗਈ, "ਸਾਨੂੰ ਸੀ ਕਿ ਇਨਸਾਫ਼ ਮਿਲ ਜਾਵੇਗਾ, ਉਦੋਂ ਮਿਲਿਆ ਨਹੀਂ, ਹੁਣ ਦਾ ਪਤਾ ਨਹੀਂ!" ਉਹ ਇਨਸਾਫ਼ ਦੀ ਉਡੀਕ ਵਿੱਚ ਹਨ।

ਇਹ ਤਾਂ ਚੰਦ ਕੁ ਮਿਸਾਲਾਂ ਹਨ, ਜਦਕਿ ਅਜਿਹੇ ਅਣਗਿਣਤ ਮਾਮਲੇ ਰਿਕਾਰਡਾਂ ਦੇ ਪੁਲੰਦਿਆਂ ਹੇਠ ਦੱਬੇ ਪਏ ਹਨ। ਫਿਲਹਾਲ ਇਨਸਾਫ ਦੀ ਫਸੀਲ ਤੋਂ ਵੱਡੀ ਗਿਣਤੀ ਵਿੱਚ ਬੇਇਨਸਾਫੀਆਂ ਜਾਰੀ ਹਨ। ਬੇਇਨਸਾਫੀਆਂ ਨੂੰ ਸਰਕਾਰੀ ਤੰਤਰ ਜਾਂ ਸਮਾਜਿਕ ਰੁਤਬੇ ਅਤੇ ਭਾਵੇਂ ਧਰਮ ਦੀ ਆੜ ਹੇਠ ਛੁਪਾਉਣ ਦੇ ਯਤਨ ਕੀਤੇ ਗਏ ਹੋਣ, ਸਦੀਆਂ ਬੀਤ ਜਾਣ ਦੇ ਬਾਵਜੂਦ ਰਹਿਣਾ ਉਨ੍ਹਾਂ ਬੇਇਨਸਾਫੀਆਂ ਹੀ ਹੈ। ਲਾਸਾਨੀ ਜਿਗਰੇ ਦੀ ਮਿਸਾਲ ਛੋਟੇ ਸਾਹਿਬਜ਼ਾਦੇ ਇਤਿਹਾਸ ਦੀ ਹਿੱਕ ਉਤੇ ਲਿਖ ਗਏ ਹਨ, ਪਰ ਸੂਬਾ ਸਰਹੰਦ ਦੀ ਬੇਇਨਸਾਫੀ ਤਵਾਰੀਖ ਵਿੱਚ ਦਰਜ ਹੀ ਰਹੇਗੀ।

**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074

Managed by:
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਸੰਨੀ ਧੂੜ (ਮਿਸ਼ੀਗਨ)
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ

# ਸ਼ਹੀਦੀ ਜੋੜ ਮੇਲ: ਵਿਵਾਦਾਂ ਦੇ ਬਾਵਜੂਦ ਸੰਗਤ ਦੀ ਪ੍ਰਭਾਵਸ਼ਾਲੀ ਆਮਦ

## ਕੇਂਦਰ ਨੇ 'ਵੀਰ ਬਾਲ ਦਿਵਸ' ਮਨਾਉਣ ਦਾ ਦਿੱਤਾ ਸੀ ਸੱਦਾ

ਦਸੰਬਰ ਦਾ ਮਹੀਨਾ ਸਿੱਖ ਇਤਿਹਾਸਕ ਯਾਦਾਂ ਦੇ ਪੱਖ ਤੋਂ ਬੇਹੱਦ ਸੰਵੇਦਨਸ਼ੀਲ ਮਹੀਨਾ ਹੈ। ਖਾਸ ਕਰਕੇ ਇਸ ਮਹੀਨੇ ਦੇ ਆਖਰੀ ਪੰਦਰਾਂ ਦਿਨ। ਇਸੇ ਮਹੀਨੇ ਵਿਚ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਮੁਗਲ ਲਸ਼ਕਰ ਦੀ ਘੇਰਾਬੰਦੀ ਕਾਰਨ ਅਨੰਦਪੁਰ ਸਾਹਿਬ ਛੱਡਣਾ ਪਿਆ, ਪਰਿਵਾਰ ਨਾਲੋਂ ਵਿਛੋੜਾ ਪੈ ਗਿਆ ਅਤੇ ਚਮਕੌਰ ਸਾਹਿਬ ਦੀ ਜੰਗ ਵਿਚ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਮੁਗਲ ਹਾਕਮ ਵਜ਼ੀਰ ਖਾਂ ਨੇ ਕੰਧਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ। ਇਹ ਸਿੱਖ ਸ਼ਹਾਦਤਾਂ ਜਿਵੇਂ ਕਿ ਦਸਵੇਂ ਪਾਤਸ਼ਾਹ ਨੇ ਨੂਰੇ ਮਾਹੀ ਨਾਲ ਬਚਨ ਕਰਦਿਆਂ ਕਿਹਾ ਸੀ, ਮੁਗਲ ਰਾਜ ਦੀਆਂ ਨੀਂਹਾਂ ਪੁੱਟਣ ਵਾਲੀਆਂ ਸਾਬਤ ਹੋਈਆਂ।

ਇਸ ਘਟਨਾ ਤੋਂ ਪਿੱਛੋਂ ਜ਼ਰਜ਼ਰਾ ਹੋ ਰਿਹਾ ਮੁਗਲ ਸਾਮਰਾਜ ਇੱਕ ਵਾਰ ਤਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਹਮਲੇ ਦੀ ਧਾਰ ਮੂਹਰੇ ਢਹਿ-ਢੇਰੀ ਹੁੰਦਾ ਵਿਖਾਈ ਦਿੱਤਾ। ਉਂਝ ਇਹ ਵੱਖਰੀ ਗੱਲ ਹੈ ਕਿ ਮੁਗਲ ਰਾਜ ਦੀ ਥੇਹ 'ਤੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਉਸਾਰਿਆ ਗਿਆ ਸਿੱਖ ਰਾਜ ਚਿਰ ਸਥਾਈ ਸਾਬਤ ਨਹੀਂ ਸੀ ਹੋ ਸਕਿਆ; ਪਰ ਇਸ ਸਾਰੇ ਘਟਨਾਕਰਮ ਨੇ ਸਿੱਖ ਮਾਨਸਿਕਤਾ ਅਤੇ ਪੰਜਾਬ ਦੇ ਸਮਾਜਿਕ-ਸਭਿਆਚਾਰਕ ਮਨ ਮਸਤਕ ਨੂੰ ਸਦਾ ਲਈ ਬਦਲ ਦਿੱਤਾ ਹੈ।

ਹਰ ਵਰ੍ਹੇ ਜਦੋਂ ਇਹ ਦਿਨ ਆਉਂਦੇ ਹਨ ਤਾਂ ਪੰਜਾਬ ਦਾ ਸਮੂਹਿਕ ਸਮਾਜਿਕ-ਸਭਿਆਚਾਰਕ ਮਨ ਅਤਿ ਦਾ ਸੰਵੇਦਨਸ਼ੀਲ ਹੋ ਜਾਂਦਾ ਹੈ। ਇਸ ਵਾਰ ਇਨ੍ਹਾਂ ਦਿਨਾਂ ਵਿਚ ਚਮਕੌਰ ਸਾਹਿਬ, ਮਾਛੀਵਾੜਾ ਅਤੇ ਫਤਿਹਗੜ੍ਹ ਸਾਹਿਬ ਵਿੱਚ ਖਾਸ ਕਰਕੇ, ਸੰਗਤਾਂ ਦਾ ਵੱਡਾ ਸੈਲਾਬ ਵੇਖਣ ਨੂੰ ਮਿਲਿਆ। ਉਂਝ ਇਸ ਦੌਰਾਨ ਇਸ ਵਾਰ ਇੱਕ-ਦੋ ਵਿਵਾਦ ਵੀ ਵੇਖਣ ਨੂੰ ਮਿਲੇ, ਪਰ ਫਿਰ ਵੀ ਕੁੱਲ ਮਿਲਾ ਕਿ ਸ਼ਹੀਦੀ ਦਿਹਾੜੇ ਸੁਖ-ਸ਼ਾਂਤੀ ਨਾਲ ਗੁਜ਼ਰ ਗਏ ਹਨ।

ਇੱਕ ਪਾਸੇ ਤਾਂ 'ਆਪ' ਵੱਲੋਂ, ਵਿਸ਼ੇਸ਼ ਤੌਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਨਤਮਸਤਕ ਹੋਣ ਲਈ ਮਾਤਮੀ ਬਿਗਲ ਵਜਾਉਣ ਦੇ ਐਲਾਨ ਨਾਲ ਵਿਵਾਦ ਪੈਦਾ ਹੋਇਆ। ਕਿਉਂਕਿ ਤਕਰੀਬਨ ਸਾਰੀਆਂ ਪੰਥਕ ਧਿਰਾਂ ਨੇ ਇਸ ਦਾ ਵਿਰੋਧ ਕਰ ਦਿੱਤਾ। ਪ੍ਰਮੁੱਖ ਪੰਥਕ ਸੰਸਥਾਵਾਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਅਤੇ ਅਕਾਲ ਤਖਤ ਸਾਹਿਬ ਵੱਲੋਂ ਸਰਕਾਰ ਦੇ ਉਪਰੋਕਤ ਯਤਨ ਦਾ ਇਸ ਆਧਾਰ 'ਤੇ ਵਿਰੋਧ ਕੀਤਾ ਗਿਆ ਕਿ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਸਿੱਖ ਪਰੰਪਰਾ ਵਿੱਚ ਮਾਤਮ ਦਾ ਨਹੀਂ, ਚੜ੍ਹਦੀ ਕਲਾ ਦਾ ਪ੍ਰਤੀਕ ਹਨ। ਇਸ ਲਈ ਮਾਤਮੀ ਬਿਗਲ ਵਜਾਉਣਾ ਸਿੱਖ ਪਰੰਪਰਾਵਾਂ ਦਾ ਸਿੱਧਾ ਵਿਰੋਧ ਹੋਏਗਾ। ਅਕਾਲੀ ਦਲ, ਦਲ ਖਾਲਸਾ, ਦਿੱਲੀ ਦੇ ਅਕਾਲੀ ਆਗੂ ਪਰਮਜੀਤ ਸਿੰਘ ਸਰਨਾ ਤੇ ਹਵਾਰਾ ਕਮੇਟੀ ਵੱਲੋਂ ਵੀ ਮਾਤਮੀ ਬਿਗਲ ਵਜਾਉਣ ਦਾ ਵਿਰੋਧ ਕੀਤਾ ਗਿਆ ਅਤੇ ਆਖਿਆ ਗਿਆ ਕਿ ਅਜਿਹਾ ਕਰਨਾ ਸਿੱਖ ਸਿਧਾਂਤਾਂ ਦੇ ਉਲਟ ਹੈ। ਬਾਅਦ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮਾਤਮੀ ਬਿਗਲ ਵਾਲਾ ਆਪਣਾ ਫੈਸਲਾ ਵਾਪਸ ਲੈ ਲਿਆ ਗਿਆ। ਉਨ੍ਹਾਂ ਆਪਣੇ ਇਸ ਸੱਦੇ ਨੂੰ ਵਾਪਸ ਲੈਂਦਿਆਂ ਕਿਹਾ ਕਿ ਉਹ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦੇ ਦਿਨਾਂ ਵਿੱਚ ਕਿਸੇ ਵੀ ਕਿਸਮ ਦਾ ਵਿਵਾਦ ਨਹੀਂ ਪੈਦਾ ਕਰਨਾ ਚਾਹੁੰਦੇ। ਇਸ ਦੌਰਾਨ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ 27 ਦਸੰਬਰ ਨੂੰ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਮੱਥਾ ਵੀ ਟੇਕਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਮੁਕੱਦਸ ਅਸਥਾਨ ਸਿਰਫ ਸਿੱਖਾਂ ਲਈ ਹੀ ਨਹੀਂ, ਸਗੋਂ ਸਮੁੱਚੀ ਮਨੁੱਖਤਾ ਲਈ ਪ੍ਰੇਰਣਾ ਸਰੋਤ ਹੈ। ਉਨ੍ਹਾਂ ਕਿਹਾ ਕਿ ਫਤਿਹਗੜ੍ਹ ਸਾਹਿਬ ਦੀ ਪਾਵਨ ਧਰਤੀ ਪੰਜਾਬੀਆਂ ਨੂੰ ਬੇਇਨਸਾਫੀ, ਜ਼ਬਰ ਜ਼ੁਲਮ ਅਤੇ ਦਮਨ ਵਿਰੁਧ ਜੂਝਣ ਲਈ ਪ੍ਰੇਰਦੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਪ੍ਰੇਰਦੀ ਰਹੇਗੀ।

ਦੂਜੇ ਪਾਸੇ, ਕੇਂਦਰ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ। ਪੰਥਕ ਧਿਰਾਂ ਵੱਲੋਂ ਪ੍ਰਧਾਨ ਮੰਤਰੀ ਵੱਲੋਂ ਐਲਾਨੇ ਗਏ ਇਸ ਪ੍ਰੋਗਰਾਮ ਦਾ ਵੀ ਵਿਰੋਧ ਕੀਤਾ ਗਿਆ। ਪੰਥਕ ਧਿਰਾਂ ਦਾ ਆਖਣਾ ਹੈ ਕਿ ਸਾਹਿਬਜ਼ਾਦਿਆ ਦੇ ਸੰਦਰਭ ਵਿੱਚ 'ਸ਼ਹੀਦ' ਸ਼ਬਦ ਨੂੰ ਹਟਾਉਣਾ ਅਤੇ ਇਸ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣਾ ਸਿੱਖ ਸਿਧਾਂਤ ਅਤੇ ਪਰੰਪਰਾਵਾਂ ਦੇ ਉਲਟ ਹੈ। ਪੰਥਕ ਧਿਰਾਂ ਦੇ ਵਿਰੋਧ ਦੇ ਬਾਵਜੂਦ ਕੇਂਦਰ ਸਰਕਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣ 'ਤੇ ਬਜ਼ਿੱਦ ਰਹੀ। ਸਿੱਟੇ ਵਜੋਂ ਦੇਸ਼ ਦੇ ਬਹੁਤ ਸਾਰੇ ਸਕੂਲਾਂ ਅਤੇ ਹੋਰ ਸੰਸਥਾਵਾਂ ਵਲੋਂ 'ਵੀਰ ਬਾਲ ਦਿਵਸ' ਮਨਾਇਆ ਗਿਆ। ਦੇਸ਼ ਦੇ ਕਈ ਹੋਰ ਸੂਬਿਆਂ ਦੇ ਸਕੂਲਾਂ ਵਿੱਚ ਸਾਹਿਬਜ਼ਾਦਿਆਂ ਦੇ ਕਿਰਦਾਰ ਬਣਾ ਕੇ ਨਾਟਕ ਵੀ ਖੇਡੇ ਗਏ। ਇਸ ਨੂੰ ਪੰਥਕ ਧਿਰਾਂ ਅਤੇ ਸ਼੍ਰੋਮਣੀ ਕਮੇਟੀ ਨੇ ਸਿੱਖ ਸਿਧਾਂਤ ਤੇ ਪਰੰਪਰਾਵਾਂ ਦੀ ਉਲੰਘਣਾ ਦੱਸਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੇਂਦਰ ਸਰਕਾਰ ਦੇ ਉਪਰੋਕਤ ਪੈਂਤੜੇ ਦਾ ਵਿਰੋਧ ਕਰਦਿਆਂ ਕਿਹਾ, 'ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਸਬੰਧੀ ਐਲਾਨੇ 'ਵੀਰ ਬਾਲ ਦਿਵਸ' ਤਹਿਤ ਸਕੂਲਾਂ ਵਿੱਚ ਹੋਏ ਸਮਾਗਮਾਂ ਵਿੱਚ ਸਿੱਖ ਕਿਰਦਾਰ ਨਿਭਾਏ ਜਾਣੇ ਸਿੱਖ ਸਿਧਾਂਤ ਅਤੇ ਰਵਾਇਤਾਂ ਦੇ ਉਲਟ ਹੈ। ਯਾਦ ਰਹੇ, ਸਕੂਲਾਂ ਵਿੱਚ ਮਨਾਏ ਗਏ ਇਨ੍ਹਾਂ ਸਮਾਗਮਾਂ ਦੇ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਨੂੰ ਉੜੀਸਾ, ਦਿੱਲੀ, ਫਰੀਦਾਬਾਦ ਅਤੇ ਬਿਹਾਰ ਤੋਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਸ. ਧਾਮੀ ਨੇ ਕਿਹਾ ਕਿ ਵੀਰ ਬਾਲ ਦਿਵਸ ਮਨਾਉਣ ਸਬੰਧੀ ਸਿੱਖ ਸੰਗਤ ਦੇ ਵੱਡੇ ਇਤਰਾਜ ਪੁੱਜੇ ਹਨ। ਸ. ਧਾਮੀ ਨੇ ਕਿਹਾ ਕਿ ਸਿੱਖ ਸਿਧਾਂਤ ਨੂੰ ਰਲਗੱਡ ਕਰਨ ਦੀਆਂ ਇਨ੍ਹਾਂ ਕੋਸ਼ਿਸ਼ਾਂ ਦਾ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਮੰਤਰਾਲਿਆਂ ਅਤੇ ਸੀ.ਬੀ.ਐਸ.ਸੀ. ਨੂੰ ਆਪਣਾ ਪੱਖ ਸਪਸ਼ਟ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖਤ ਦੇ ਆਦੇਸ਼ਾਂ ਅਨੁਸਾਰ ਕੇਂਦਰ ਸਰਕਾਰ ਨੂੰ ਇਸ ਦਿਹਾੜੇ ਦਾ ਨਾਮ ਨਾ ਬਦਲਣ ਲਈ ਵੀ ਲਿਖਿਆ ਗਿਆ ਸੀ, ਪਰ ਸਰਕਾਰ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਉਨ੍ਹਾਂ ਹੋਰ ਕਿਹਾ ਕਿ ਸਿੱਖ ਪਰੰਪਰਾਵਾਂ ਦੇ ਵਿਰੁੱਧ ਜਾ ਕੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਕਿਰਦਾਰ ਬੱਚਿਆਂ ਕੋਲੋਂ ਕਰਵਾਏ ਗਏ ਹਨ। ਇਸ ਸਿੱਖ ਵਿਰੋਧੀ ਵਰਤਾਰੇ ਦੀ ਜ਼ਿੰਮੇਵਾਰੀ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਅਤੇ ਸਬੰਧਤ ਸੂਬਾ ਸਰਕਾਰਾਂ ਦੀ ਬਣਦੀ ਹੈ।

ਯਾਦ ਰਹੇ, ਇਸ ਮਸਲੇ ਨੂੰ ਲੈ ਕੇ ਕੁਝ ਸਿੱਖ ਸੰਸਥਾਵਾਂ ਅਤੇ ਗਰੁੱਪਾਂ ਵੱਲੋਂ ਪਰਦੇਸਾਂ ਵਿੱਚ ਖਾਸ ਕਰਕੇ, ਵੀਰ ਬਾਲ ਦਿਵਸ ਦਾ ਆਯੋਜਨ ਕੀਤਾ ਗਿਆ। ਅਮਰੀਕਾ ਵਿੱਚ ਵਿਸਕਾਨਸਿਨ ਸਟੇਟ ਦੇ ਗੁਰਦੁਆਰਾ ਬਰੁਕਫੀਲਡ ਵਿੱਚ ਪ੍ਰਧਾਨ ਮੰਤਰੀ ਵੱਲੋਂ ਦਿੱਤੇ ਗਏ ਸੱਦੇ ਤਹਿਤ 'ਵੀਰ ਬਾਲ ਦਿਵਸ' ਮਨਾਇਆ ਗਿਆ। ਗਰਮਖਿਆਲੀ ਧਿਰਾਂ ਵਿੱਚ ਇਸ ਨੂੰ ਲੈ ਕੇ ਚਰਚਾ ਹੈ ਤੇ ਦਬਵੀਂ ਸੁਰ ਵਿੱਚ ਇਸ ਦੀ ਨਿੰਦਿਆ ਵੀ ਕੀਤੀ ਗਈ ਹੈ। ਇਵੇਂ ਗਰੀਸ, ਨਿਊਜ਼ੀਲੈਂਡ ਅਤੇ ਦੁਬਈ ਆਦਿ ਵਿੱਚ ਵੀ 'ਵੀਰ ਬਾਲ ਦਿਵਸ' ਆਯੋਜਤ ਕਰਨ ਦੀਆਂ ਖਬਰਾਂ ਮਿਲੀਆਂ ਹਨ।

ਉਂਝ ਇਨ੍ਹਾਂ ਵਿਵਾਦਾਂ ਤੋਂ ਨਿਰਲੇਪ ਰਹਿੰਦਿਆਂ 21 ਤੋਂ 23 ਦਸੰਬਰ ਤੱਕ ਚਮਕੌਰ ਸਾਹਿਬ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਸੰਗਤਾਂ ਵੱਲੋਂ ਵੱਡੀ ਪੱਧਰ 'ਤੇ ਸ਼ਾਮੂਲੀਅਤ ਕੀਤੀ ਗਈ। ਇਸ ਦੌਰਾਨ 22 ਦਸੰਬਰ ਨੂੰ ਸਿਆਸੀ ਕਾਨਫਰੰਸਾਂ ਵੀ ਹੋਈਆਂ, ਪਰ ਬਾਅਦ ਵਿੱਚ ਮਾਛੀਵਾੜਾ ਅਤੇ ਫਤਿਹਗੜ੍ਹ ਸਾਹਿਬ ਵਿਖੇ ਗੁਰੂ ਪਾਤਸ਼ਾਹ ਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਜੁੜੇ ਜੋੜ ਮੇਲਿਆਂ ਵਿੱਚ ਤੇ ਸ਼ਹੀਦੀ ਸਮਾਗਮਾਂ ਵਿੱਚ ਸਿਆਸੀ ਕਾਨਫਰੰਸਾਂ ਦੀ ਇਜਾਜ਼ਤ ਨਹੀਂ ਦਿੱਤੀ ਗਈ। ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਫਤਿਹਗੜ੍ਹ ਸਾਹਿਬ ਜੋੜ ਮੇਲੇ ਦੇ ਆਖਰੀ ਦਿਨ 28 ਦਸੰਬਰ ਨੂੰ ਹਰੇਕ ਸਿੱਖ ਨੂੰ ਸਵੇਰੇ 10 ਵਜੇ ਦਸ ਮਿੰਟ ਲਈ ਮੂਲ ਮੰਤਰ ਦਾ ਜਾਪ ਕਰਨ ਦਾ ਸੱਦਾ ਦਿੱਤਾ, ਜਿਸ ਦਾ ਵਿਆਪਕ ਪ੍ਰਭਾਵ ਵੇਖਣ ਨੂੰ ਮਿਲਿਆ।



ਗਹਿਰ-ਗੰਭੀਰ

# ਨਸਲਕੁਸ਼ੀ ਤੋਂ ਕਿਰਦਾਰਕੁਸ਼ੀ ਵੱਲ

ਸਤਵਿੰਦਰ ਸਿੰਘ ਫੂਲਪੁਰ*
ਫੋਨ:+91-9914419484



**ਇਸ ਲੇਖ ਵਿੱਚ ਲੇਖਕ ਨੇ ਸਰਕਾਰੀ ਤੇ.ਗ਼ੈਰ-ਸਰਕਾਰੀ ਸਾਧਨਾਂ ਦੀ ਵਰਤੋਂ ਰਾਹੀਂ ਸਿੱਖਾਂ ਦੀ ਕੀਤੀ ਜਾ ਰਹੀ ਕਿਰਦਾਰਕੁਸ਼ੀ ਵੱਲ ਧਿਆਨ ਦਿਵਾਇਆ ਹੈ, ਜੋ ਸਮੁੱਚੇ ਭਾਈਚਾਰੇ ਦੇ ਗਹਿਰੇ ਧਿਆਨ ਦੀ ਮੰਗ ਕਰਦਾ ਹੈ। ਯੋਜਨਾ-ਬੱਧ ਢੰਗ ਨਾਲ ਸਿੱਖਾਂ ਦੀ ਕਿਰਦਾਰਕੁਸ਼ੀ ਲਈ ਲੰਮੇ ਸਮੇਂ ਤੋਂ ਭਾਰਤੀ ਫ਼ਿਲਮਾਂ ਦਾ ਸਹਾਰਾ ਲਿਆ ਜਾ ਰਿਹਾ ਹੈ। ਸਰਕਾਰ ਪੱਖੀ ਭਾਰਤੀ ਮੀਡੀਆ ਵੀ ਭਾਈਚਾਰੇ ਦੀ ਕਿਰਦਾਰਕੁਸ਼ੀ ਕਰਨ ਤੋਂ ਪਿੱਛੇ ਨਹੀਂ ਹਟਦਾ। ਇਸ ਵਰਤਾਰੇ ਨੂੰ ਰੋਕਣ ਲਈ ਸਿੱਖ ਸੰਸਥਾਵਾਂ, ਸਿੱਖ ਬੁੱਧੀਜੀਵੀਆਂ, ਸਿੱਖ ਕਾਨੂੰਨਦਾਨਾਂ ਨੂੰ ਮਿਲ ਕੇ ਸਖਤ ਫੈਸਲੇ ਲੈਣ ਦੀ ਲੋੜ ਹੈ।**

ਕਿਸੇ ਕੌਮੀ, ਨਸਲੀ, ਜਾਤੀ ਜਾਂ ਧਾਰਮਿਕ ਸਮੂਹ ਨੂੰ ਪੂਰਨ ਰੂਪ ਵਿੱਚ ਜਾਂ ਅੰਸ਼ਿਕ ਰੂਪ ਵਿੱਚ ਤਬਾਹ ਕਰਨ ਦੀ ਮਨਸ਼ਾ ਨਾਲ ਕੀਤੀ ਗਈ ਕਾਰਵਾਈ ਜਿਵੇਂ ਕੇ ਉਸ ਸਮੂਹ ਦੇ ਜੀਆਂ ਨੂੰ ਮਾਰਨਾ, ਸਰੀਰਕ ਜਾਂ ਮਾਨਸਿਕ ਦੁੱਖ ਦੇਣਾ, ਤਬਾਹੀ ਦੇ ਇਰਾਦੇ ਨਾਲ ਜਾਣ-ਬੁੱਝ ਕੇ ਉਸ ਸਮੂਹ ਉੱਤੇ ਜੀਊਣ ਦੀਆਂ ਸ਼ਰਤਾਂ ਥੋਪਣੀਆਂ ਆਦਿ ਨਸਲਕੁਸ਼ੀ ਅਖਵਾਉਂਦੀ ਹੈ। ਆਜ਼ਾਦ ਭਾਰਤ ਅੰਦਰ ਨਵੰਬਰ 1984 ਵਿੱਚ ਤਤਕਾਲੀ ਸਰਕਾਰ ਦੁਆਰਾ ਦਿੱਲੀ ਅਤੇ ਹੋਰਨਾਂ ਬਹੁਤ ਸਾਰੇ ਵੱਡੇ ਸ਼ਹਿਰਾਂ ਵਿੱਚ ਸਰਕਾਰੀ-ਤੰਤਰ ਦੀ ਮਦਦ ਨਾਲ ਸਿੱਖਾਂ ਦੇ ਗ਼ਲਾਂ ਵਿੱਚ ਟਾਇਰ ਪਾ ਕੇ ਸਾੜਨਾ; ਬੱਸਾਂ, ਰੇਲਾਂ ਵਿੱਚੋਂ ਕੱਢ-ਕੱਢ ਕੇ ਮਿੱਟੀ ਦਾ ਤੇਲ ਤੇ ਪੈਟਰੋਲ ਪਾ-ਪਾ ਕੇ ਸਿੱਖਾਂ ਨੂੰ ਸਾੜਨਾ, ਸਿੱਖਾਂ ਦੇ ਘਰਾਂ ਵਿੱਚੋਂ ਸਾਮਾਨ ਲੁੱਟ ਕੇ ਉਨ੍ਹਾਂ ਦੇ ਘਰਾਂ ਅਤੇ ਗੁਰਦੁਆਰਾ ਸਾਹਿਬਾਨ ਨੂੰ ਅੱਗਾਂ ਲਾਉਣੀਆਂ; ਸਰਕਾਰ ਦੁਆਰਾ ਸਿੱਖਾਂ ਦੇ ਕਾਤਲਾਂ ਨੂੰ ਰਾਸ਼ਨ ਕਾਰਡ ਅਤੇ ਵੋਟਰ ਸੂਚੀਆਂ ਵਿੱਚੋਂ ਸਿੱਖਾਂ ਦੇ ਘਰਾਂ ਦੀਆਂ ਪਤਾ ਸੂਚੀਆਂ ਮੁਹੱਈਆ ਕਰਵਾਉਣੀਆਂ, ਪੁਲਿਸ ਦੁਆਰਾ ਸਿੱਖਾਂ ਕੋਲੋਂ ਹਥਿਆਰ ਲੈ ਕੇ ਨਿਹੱਥੇ ਸਿੱਖਾਂ ਦੀ ਕਤਲ-ਓ-ਗਾਰਤ ਕਰਨ ਲਈ ਭੀੜਾਂ ਭੇਜਣੀਆਂ- ਇਹ ਸਭ ਦੇਸ਼ ਅੰਦਰ ਸਿੱਖਾਂ ਦੀ ਨਸਲਕੁਸ਼ੀ ਦੀ ਮਨਸ਼ਾ ਨਾਲ ਕੀਤੀ ਗਈ ਕਾਰਵਾਈ ਸੀ। ਇਹ ਦੇਸ਼ ਦੇ ਮੱਥੇ ਉੱਤੇ ਕਦੇ ਨਾ ਮਿਟਣ ਵਾਲਾ ਕਲੰਕ ਹੈ। ਇਹ ਦੁਨੀਆ ਦੇ ਇਤਿਹਾਸ ਵਿੱਚ ਮਨੁੱਖਤਾ ਨੂੰ ਸ਼ਰਮਸਾਰ ਕਰ ਦੇਣ ਵਾਲੀ ਅਕ੍ਰਿਤਘਣਤਾ ਦੀ ਸਿਖਰ ਸੀ। ਇਹ ਉਨ੍ਹਾਂ ਸਿੱਖਾਂ ਪ੍ਰਤੀ ਦੇਸ਼ ਦੀ ਨਫਰਤ ਦਾ ਮਹਾਂ-ਤਾਂਡਵ ਸੀ, ਜਿਨ੍ਹਾਂ ਨੇ ਆਪਣੀ 2% ਆਬਾਦੀ ਹੋਣ ਦੇ ਬਾਵਜੂਦ 90% ਕੁਰਬਾਨੀਆਂ/ਸ਼ਹੀਦੀਆਂ ਦੇ ਕੇ ਇਸ ਮੁਲਕ ਨੂੰ ਆਜ਼ਾਦ ਕਰਵਾਇਆ ਸੀ।

ਮੌਜੂਦਾ ਦੌਰ ਵਿੱਚ ਸਿੱਖ ਕੌਮ ਦੇ ਵਿਰੋਧ ਵਿੱਚ ਭੁਗਤਣ ਵਾਲੀਆਂ ਤਾਕਤਾਂ ਬਹੁਤ ਸ਼ਾਤਰ ਹਨ। ਇਨ੍ਹਾਂ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਮੁਗ਼ਲ ਹਕੂਮਤ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਪੂਰਾ ਜੋਰ ਲਾ ਕੇ ਹੰਭ ਗਈ, ਇਨ੍ਹਾਂ ਦੇ ਸਿਰਾਂ ਦੇ ਮੁੱਲ ਪਾਏ ਗਏ, ਪਰ ਸਿੱਖ ਕੌਮ ਨੂੰ ਖਤਮ ਨਾ ਕੀਤਾ ਜਾ ਸਕਿਆ। ਇਨ੍ਹਾਂ ਪੰਥ-ਵਿਰੋਧੀ ਤਾਕਤਾਂ ਨੂੰ ਇਹ ਵੀ ਪਤਾ ਹੈ ਕਿ ਸਿੱਖ ਬੜੀ ਬਹਾਦਰ ਅਤੇ ਅਣਖੀ ਕੌਮ ਹੈ। ਇਨ੍ਹਾਂ ਦੀ ਮਿਹਨਤ ਅਤੇ ਇਮਾਨਦਾਰੀ ਦੀ ਪੂਰੀ ਦੁਨੀਆ ਕਾਇਲ ਹੈ। ਵਿਦੇਸ਼ਾਂ ਅੰਦਰ ਇਨ੍ਹਾਂ ਨੂੰ ਬੜੇ ਸਤਿਕਾਰ ਨਾਲ ਵੇਖਿਆ ਜਾਂਦਾ ਹੈ। ਅਸੀਂ ਇਨ੍ਹਾਂ ਸਿੱਖਾਂ ਦੀ ਨਸਲਕੁਸ਼ੀ ਕਰਨ ਵਿੱਚ ਤਾਂ ਕਾਮਯਾਬ ਨਹੀਂ ਹੋ ਸਕੇ ਤੇ ਨਾ ਹੀ ਹੋ ਸਕਦੇ ਹਾਂ, ਫਿਰ ਕਿਉਂ ਨਾ ਆਪਣੇ ਸਰਕਾਰੀ ਤੇ ਗ਼ੈਰ-ਸਰਕਾਰੀ ਸਾਧਨਾਂ ਦੀ ਵਰਤੋਂ ਕਰ ਕੇ ਇਨ੍ਹਾਂ ਦੀ ਕਿਰਦਾਰਕੁਸ਼ੀ ਦਾ ਮਿਸ਼ਨ ਅਰੰਭ ਕੀਤਾ ਜਾਵੇ! ਇਸ ਮਕਸਦ ਲਈ ਪੂਰੇ ਯੋਜਨਾਬੱਧ ਤਰੀਕੇ ਨਾਲ ਕੰਮ ਸ਼ੁਰੂ ਕੀਤਾ ਜਾ ਚੁੱਕਾ ਹੈ। ਇਸ ਲਈ ਅਪਨਾਏ ਗਏ ਬਹੁਤ ਸਾਰੇ ਸਾਧਨਾਂ ਵਿੱਚੋਂ ਦੋ ਵੱਡੇ ਸਾਧਨਾਂ- ਭਾਰਤੀ ਮੀਡੀਆ ਅਤੇ ਫ਼ਿਲਮ ਉਦਯੋਗ ਨੂੰ ਸਿੱਖਾਂ ਨੂੰ ਬਦਨਾਮ ਕਰਨ ਦੀ ਪੂਰੀ ਖੁੱਲ੍ਹ ਦੇ ਦਿੱਤੀ ਗਈ ਹੈ।

ਵੈਸੇ ਤਾਂ ਸਿੱਖਾਂ ਦੀ ਕਿਰਦਾਰਕੁਸ਼ੀ ਵਿੱਚ ਸੰਨ 2014 ਤੋਂ ਬਾਅਦ ਭਾਰੀ ਵਾਧਾ ਵੇਖਣ ਨੂੰ ਮਿਲਿਆ ਹੈ, ਪਰ ਕਿਸਾਨ ਮੋਰਚੇ ਸਮੇਂ ਸਿੱਖਾਂ ਦਾ ਬਹਾਦਰੀ, ਨਿਡਰਤਾ, ਮਨੁੱਖਤਾਵਾਦੀ ਸੇਵਾ ਭਾਵਨਾ ਵਾਲਾ ਜੋ ਉੱਚਾ-ਸੁੱਚਾ, ਕਿਰਦਾਰ ਸਾਰੀ ਦੁਨੀਆ ਨੇ ਵੇਖਿਆ ਹੈ, ਉਸ ਨੇ ਤਾਂ ਪੰਥ-ਵਿਰੋਧੀਆਂ ਅੰਦਰ ਬੁਖਲਾਹਟ ਪੈਦਾ ਕਰ ਦਿੱਤੀ ਹੈ। ਕਿਸਾਨੀ ਮੋਰਚੇ ਦੀ ਫਤਿਹ ਤੋਂ ਬਾਅਦ ਭਾਰਤੀ ਮੀਡੀਆ ਅਤੇ ਭਾਰਤੀ ਫਿਲਮਾਂ ਵਿੱਚ ਸਿੱਖਾਂ ਦੇ ਕਿਰਦਾਰ ਨੂੰ ਨਿਗੂਣਾ ਪੇਸ਼ ਕਰਨ ਦੇ ਯਤਨਾਂ ਵਿੱਚ ਭਾਰੀ ਵਾਧਾ ਵੇਖਣ ਨੂੰ ਮਿਲਿਆ ਹੈ। ਗੱਲ ਜੇ ਭਾਰਤੀ ਮੀਡੀਏ ਦੀ ਕਰੀਏ ਤਾਂ ਇਹ ਪੱਬਾਂ ਭਾਰ ਹੋ ਕੇ ਸਿੱਖਾਂ ਨੂੰ ਖ਼ਾਲਿਸਤਾਨੀ, ਅਤਿਵਾਦੀ ਆਖ ਕੇ ਪੂਰਾ ਜ਼ਹਿਰ ਉਗਲਦਾ ਰਿਹਾ ਹੈ ਤੇ ਹੁਣ ਵੀ ਦੋਹਰੇ ਮਾਪਦੰਡ ਅਪਨਾ ਕੇ ਚੱਲ ਰਿਹਾ ਹੈ।

ਕੈਨੇਡਾ ਵਿੱਚ ਭਾਈ ਹਰਦੀਪ ਸਿੰਘ ਨਿੱਝਰ ਦੇ ਕੀਤੇ ਗਏ ਕਤਲ ਤੋਂ ਬਾਅਦ ਵਾਪਰੇ ਰਾਜਨੀਤਿਕ ਘਟਨਾਕ੍ਰਮ ਤੋਂ ਪਿੱਛੋਂ ਤਾਂ ਭਾਰਤੀ ਮੀਡੀਆ ਨੇ ਸਿੱਖਾਂ ਨੂੰ ਬਦਨਾਮ ਕਰਨ ਵਾਲੀਆਂ ਸਾਰੀਆਂ ਹੱਦ-ਬੰਦੀਆਂ ਪਾਰ ਕਰ ਦਿੱਤੀਆਂ। ਲੱਗਭਗ ਸਾਰੇ ਭਾਰਤੀ ਮੀਡੀਆ ਨੇ ਸਿੱਖਾਂ ਖ਼ਿਲਾਫ ਪੂਰਾ ਜ਼ਹਿਰ ਉਗਲਿਆ। ਇੱਕ ਭਾਰਤੀ ਅੰਗਰੇਜ਼ੀ ਖ਼ਬਰ ਚੈਨਲ ਸਿੱਖ-ਵਿਰੋਧੀ ਇਕਤਰਫ਼ਾ ਸੋਚ ਵਾਲੇ ਤਿੰਨ-ਚਾਰ ਭਾਗੀਦਾਰ ਬਿਠਾ ਕੇ ਬਹਿਸ ਕਰਵਾ ਰਿਹਾ ਸੀ। ਚੈਨਲ ਉੱਪਰ ਇੱਕ ਪਾਸੇ ਲਗਾਤਾਰ ਦਸਤਾਰਧਾਰੀ ਸਿੱਖਾਂ ਦੀਆਂ ਵੀਡੀਓ ਵਿਖਾਈਆਂ ਜਾ ਰਹੀਆਂ ਸਨ। ਉਹ ਸਾਰੇ ਵਾਰ-ਵਾਰ ਜੋ ਸ਼ਬਦ ਵਰਤ ਰਹੇ ਸਨ, ਉਹ ਸਨ- ਕ੍ਰਿਮੀਨਲ ਗੈਂਗਸ, ਸਟਰੀਟ ਵਾਇਲੈਂਸ, ਗੈਂਗ ਵਾਇਲੈਂਸ ਇਨਵੋਲਵਡ ਦੋਜ਼ ਆਰ। ਕਮਿਊਨਿਟੀ ਆਫ ਗੈਂਗਸਟਰਜ਼, ਮਾਫੀਆ ਲਾਈਕ ਓਪਰੇਸ਼ਨ, ਨੋਟੋਰੀਅਸ ਐਕਟੀਵਿਟੀ, ਕੈਨੇਡਾ ਸੇਫ ਹੈਵਨ ਫਾਰ ਗੈਂਗਸਟਰ। ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਕਰਦਿਆਂ ਵਾਰ-ਵਾਰ ਟੀ.ਵੀ. ਚੈਨਲ ਉੱਪਰ ਸਿੱਖ ਚਿਹਰੇ ਵਿਖਾਏ ਜਾ ਰਹੇ ਸਨ। ਇਨ੍ਹਾਂ ਖ਼ਬਰ ਚੈਨਲਾਂ ਵਾਲਿਆਂ ਦੀ ਮਨੋਬਿਰਤੀ ਲੋਕਾਂ ਨੂੰ ਇਹ ਦੱਸਣ ਦੀ ਸੀ ਕਿ ਸਿੱਖ ਅਪਰਾਧੀ ਗ੍ਰੋਹ ਹਨ, ਇਹ ਸੜਕਾਂ ਉੱਪਰ ਹਿੰਸਾ ਕਰਦੇ ਹਨ, ਇਹ ਲੋਕ ਅਪਰਾਧਿਕ ਗਤੀਵੀਧੀਆਂ ਵਿੱਚ ਸ਼ਾਮਲ ਹਨ, ਸਿੱਖ ਅਪਰਾਧੀ ਭਾਈਚਾਰਾ ਹੈ, ਇਹ ਮਾਫੀਆ ਵਾਂਗ ਕਾਰਵਾਈ ਕਰਦੇ ਹਨ, ਇਹ ਬਦਨਾਮ ਗਤੀਵੀਧੀਆਂ 'ਚ ਸ਼ਾਮਲ ਹਨ, ਕੈਨੇਡਾ (ਸਿੱਖ) ਗੈਂਗਸਟਰਾਂ ਲਈ ਸੁਰੱਖਿਅਤ ਪਨਾਹਗਾਹ ਹੈ, ਆਦਿ।

ਇਹ ਸਾਰਾ ਵਰਤਾਰਾ ਸਿੱਖ ਮਾਨਸਿਕਤਾ ਨੂੰ ਪੀੜ ਪਹੁੰਚਾਉਣ ਵਾਲਾ ਸੀ। ਅਜਿਹਾ ਵਰਤਾਰਾ ਲੱਗਭਗ ਸਾਰੇ ਭਾਰਤੀ ਬਿਜਲਈ ਮੀਡੀਆ ਉੱਪਰ ਲਗਾਤਾਰ ਵਰਤ ਰਿਹਾ ਸੀ। ਇਹ ਸਭ ਸਿੱਖਾਂ ਦੀ ਕਿਰਦਾਰਕੁਸ਼ੀ ਕਰਨ ਲਈ ਸਟੇਟ ਦੀ ਗਿਣੀ-ਮਿਥੀ ਸਾਜ਼ਿਸ਼ ਦਾ ਹਿੱਸਾ ਸੀ ਤੇ ਹੁਣ ਵੀ ਮੌਕਾ-ਬੇਮੌਕਾ ਮੀਡੀਆ ਦਾ ਨਫਰਤੀ ਚਿਹਰਾ ਲੁਕਿਆ ਨਹੀਂ ਰਹਿੰਦਾ।

ਯੂ.ਐਨ.ਓ. ਦੇ ਚਾਰਟਰ ਅਨੁਸਾਰ ਹਰੇਕ ਕੌਮ ਨੂੰ ਆਪਣਾ ਦੇਸ਼ ਮੰਗਣ ਦਾ ਅਧਿਕਾਰ ਹੈ (...Right to freely choose their sovereignty and International political status with no interference). ਇਸ ਅਨੁਸਾਰ ਕਿਸੇ ਧਰਮ, ਕੌਮ, ਜਾਤੀ ਨੂੰ ਵੱਖਰੇ ਦੇਸ਼ ਦੀ ਮੰਗ ਕਰਨ 'ਤੇ ਅਤਿਵਾਦੀ ਆਖਣਾ ਸਰਾਸਰ ਗ਼ਲਤ ਹੈ, ਕਿਉਂਕਿ ਇਹ ਕਿਸੇ ਧਰਮ-ਕੌਮ ਜਾਤੀ ਦਾ ਅਧਿਕਾਰ ਹੈ; ਪਰ ਦੇਸ਼ ਅੰਦਰ ਇਨ੍ਹਾਂ ਦੀਆਂ ਅਤਿਵਾਦੀ, ਸਤਿਵਾਦੀ ਦੀਆਂ ਆਪਣੀਆਂ ਪਰਿਭਾਸ਼ਾਵਾਂ ਹਨ। ਇਹ ਜਿਸ ਨੂੰ ਚਾਹੁਣ ਅਤਿਵਾਦੀ ਦਾ ਫਤਵਾ ਜਾਰੀ ਕਰ ਸਕਦੇ ਹਨ। ਜੇ ਆਪਣੀ ਹੱਕੀ ਮੰਗ ਉਠਾਉਂਦਿਆਂ ਕਿਸੇ ਵੱਖਰੇ ਮੁਲਕ ਦੀ ਮੰਗ ਕਰਨਾ ਅਤਿਵਾਦ ਹੈ ਤਾਂ ਕਿਸੇ ਬਹੁ-ਧਰਮੀ, ਬਹੁ-ਸਭਿਆਚਾਰੀ ਦੇਸ਼ ਅੰਦਰ ਕਿਸੇ ਇੱਕ ਧਰਮ ਦੇ ਨਾਮ 'ਤੇ ਰਾਸ਼ਟਰ ਦੀ ਮੰਗ ਕਰਨ ਵਾਲੇ ਵੀ ਅਤਿਵਾਦੀ ਹਨ। ਇੱਥੇ ਇੱਕ ਤਬਕਾ ਬੇ-ਕਸੂਰ ਲੋਕਾਂ ਦੇ ਗ਼ਲਾਂ ਵਿੱਚ ਟਾਇਰ ਪਾ ਕੇ ਸਾੜੇ, ਦੇਸ਼ ਦੀ ਜਾਇਦਾਦ ਰੇਲਾਂ-ਬੱਸਾਂ ਸਾੜ ਦੇਵੇ, ਸ਼ਹਿਰਾਂ ਦੇ ਸ਼ਹਿਰ (ਮਨੀਪੁਰ ਵਾਂਗ) ਅੱਗਾਂ ਲਾ ਕੇ ਸਾੜ ਦੇਵੇ, ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਰੋਲ ਦੇਵੇ- ਉਹ ਤਾਂ ਵੀ ਸਤਿਵਾਦੀ ਹੀ ਰਹਿੰਦੇ ਹਨ। ਦੂਜੇ ਪਾਸੇ ਜਿਨ੍ਹਾਂ ਨੇ ਦੇਸ਼ ਦੀ ਖਾਤਰ ਅਥਾਹ ਕੁਰਬਾਨੀਆਂ ਕੀਤੀਆਂ, ਉਨ੍ਹਾਂ ਨੂੰ ਇਸ ਮੁਲਕ ਵਿੱਚ ਅਤਿਵਾਦੀ, ਵੱਖਵਾਦੀ ਗਰਦਾਨਿਆ ਜਾਂਦਾ ਹੈ।

ਭਾਰਤੀ ਫਿਲਮ ਉਦਯੋਗ ਤਾਂ ਲੰਮੇ ਅਰਸੇ ਤੋਂ ਫਿਲਮਾਂ ਵਿੱਚ ਸਿੱਖਾਂ ਨੂੰ ਮਜ਼ਾਕ ਦੇ ਪਾਤਰ ਬਣਾ ਕੇ ਪੇਸ਼ ਕਰਦਾ ਆ ਰਿਹਾ ਹੈ, ਜਿਸ ਦਾ ਸਮੇਂ ਸਮੇਂ ਵਿਰੋਧ ਵੀ ਹੁੰਦਾ ਰਿਹਾ ਹੈ। ਇੱਕ ਸਰਵੇਖਣ ਅਨੁਸਾਰ ਪਿਛਲੇ ਕੋਈ ਅੱਠ-ਨੌਂ ਸਾਲਾਂ ਤੋਂ ਅਤੇ ਖਾਸਕਰ ਕਿਸਾਨ ਅੰਦੋਲਨ ਦੀ ਸਫਲਤਾ ਤੋਂ ਬਾਅਦ ਬਾਲੀਵੁਡ ਅਤੇ ਕੋਲੀਵੁਡ (ਤਮਿਲ ਦੀਆਂ ਫਿਲਮਾਂ) ਵਿੱਚ ਸਿੱਖ ਕਿਰਦਾਰਕੁਸ਼ੀ ਦਾ ਰੁਝਾਨ ਵਧਿਆ ਹੈ। ਇਨ੍ਹਾਂ ਫਿਲਮਾਂ ਰਾਹੀਂ ਸਿੱਖੀ ਕਿਰਦਾਰ ਦੀਆਂ ਖੂਬੀਆਂ ਨੂੰ ਚੁਣ ਕੇ ਧੁੰਦਲਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਤੱਥ ਨੂੰ ਜੱਗ ਜਾਣਦਾ ਹੈ ਕਿ ਭਾਰਤੀ ਫੌਜ ਵਿੱਚ ਸਿੱਖਾਂ ਨੇ ਬੇ-ਮਿਸਾਲ ਬਹਾਦਰੀ ਵਿਖਾਈ ਹੈ। 1961, 1965 ਅਤੇ 1971 ਦੀ ਲੜਾਈ ਵਿੱਚ ਮੂਹਰੇ ਹੋ ਕੇ ਸਿੱਖ ਫੌਜੀਆਂ/ਜਰਨੈਲਾਂ ਨੇ ਦੇਸ਼ ਦੀ ਆਬਰੂ ਨੂੰ ਬਚਾਇਆ। ਪਾਕਿਸਤਾਨ ਦੀ ਫੌਜ ਨੇ ਵੀ ਇੱਕ ਸਿੱਖ ਜਰਨੈਲ ਦੇ ਅੱਗੇ ਗੋਡੇ ਟੇਕੇ ਸਨ।

ਸਿੱਖ ਕਿਰਦਾਰਕੁਸ਼ੀ ਦੀ ਮਨਸ਼ਾ ਨਾਲ ਬਣਾਈਆਂ ਜਾ ਰਹੀਆਂ ਭਾਰਤੀ ਫ਼ਿਲਮਾਂ ਵਿੱਚੋਂ ਇੱਕ ਫ਼ਿਲਮ ਵਿੱਚ ਇੱਕ ਦ੍ਰਿਸ਼ ਵਿਖਾਇਆ ਗਿਆ ਕਿ ਇੱਕ ਸਿੱਖ ਫੌਜੀ ਦਾ ਪੈਰ ਮਾਈਨ (ਬਾਰੂਦ) ਉੱਪਰ ਰੱਖਿਆ ਜਾਂਦਾ ਹੈ। ਪੈਰ ਥੱਲੇ ਮਾਈਨ ਵੇਖ ਕੇ ਸਿੱਖ ਫੌਜੀ ਨੂੰ ਪਿਸ਼ਾਬ ਆ ਜਾਂਦਾ ਹੈ, ਕਿਸੇ ਕਾਰਨ ਉਹ ਹੱਥ ਦੀ ਵਰਤੋਂ ਨਹੀਂ ਕਰ ਸਕਦਾ ਤੇ ਪਿਸ਼ਾਬ ਪੈਂਟ ਵਿੱਚ ਹੀ ਕਰ ਦਿੰਦਾ ਹੈ। ਅਜਿਹੇ ਦ੍ਰਿਸ਼ ਵੇਖ ਕੇ ਜਦੋਂ ਸਿਨੇਮਾ ਹਾਲ 'ਚ ਤਾੜੀਆਂ ਦੀ ਗੂੰਜ ਪੈਂਦੀ ਹੈ ਤਾਂ ਸੱਚਾਈ ਨੂੰ ਸ਼ਰਮਸਾਰ ਹੋਣਾ ਪੈਂਦਾ ਹੈ। ਸਵਾਲ ਹੈ ਕਿ ਅਜਿਹੇ ਦ੍ਰਿਸ਼ ਫਿਲਮਾਉਣ ਲਈ ਸਿੱਖ ਕਿਰਦਾਰ ਦੀ ਹੀ ਚੋਣ ਕਿਉਂ? ਕਿਸ ਦੇ ਕਹਿਣ 'ਤੇ?

ਪਹਿਲਾਂ ਸ਼ਾਇਦ ਤਮਿਲ ਫਿਲਮਾਂ ਇਸ ਨਫਰਤੀ ਵਰਤਾਰੇ ਤੋਂ ਅਛੂਤੀਆਂ ਰਹੀਆਂ ਹੋਣ, ਪਰ ਪਿਛਲੇ ਕੁਝ ਸਾਲਾਂ ਤੋਂ ਤਮਿਲ ਫਿਲਮਾਂ ਵਿੱਚ ਵੀ ਲਗਾਤਾਰ ਸਿੱਖ ਕਿਰਦਾਰਕੁਸ਼ੀ ਦੀ ਮਨਸ਼ਾ ਨਾਲ ਸਿੱਖਾਂ ਨੂੰ ਡਰਪੋਕ ਅਤੇ ਗੱਦਾਰ ਦੇ ਕਿਰਦਾਰ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਇਨ੍ਹਾਂ ਨੂੰ ਪਤਾ ਹੈ ਕਿ ਸਿੱਖਾਂ ਨੇ ਸਾਡੇ ਬਹੁਤ ਸਾਰੇ ਇਤਿਹਾਸਕ ਪਾਤਰਾਂ ਵਾਂਗ ਕਦੇ ਦੇਸ਼ ਨਾਲ ਗੱਦਾਰੀ ਨਹੀਂ ਕੀਤੀ, ਪਰ ਅਸੀਂ ਕਿਉਂ ਨਾ ਫਿਲਮਾਂ ਰਾਹੀਂ ਸਿੱਖ ਚਿਹਰਿਆਂ ਉੱਪਰ ਗੱਦਾਰ ਹੋਣ ਦਾ ਧੱਬਾ ਲਾ ਦੇਈਏ! ਮਿਸਾਲ ਵਜੋਂ ਇਨ੍ਹਾਂ ਦੀ ਫਿਲਮ ਇੰਡਸਟਰੀ ਵੱਲੋਂ ਬਣਵਾਈ ਇੱਕ ਫਿਲਮ ਵਿੱਚ ਚਾਰ-ਪੰਜ ਐਨ. ਆਈ. ਏ. (ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ) ਦੇ ਅਫ਼ਸਰ (ਕਲਾਕਾਰ) ਕਿਸੇ ਅਤਿਵਾਦੀ ਗਰੁੱਪ ਵਿਰੁੱਧ ਐਕਸ਼ਨ ਕਰਦੇ ਹਨ, ਜਿਸ ਵਿੱਚ ਇੱਕ ਐਨ.ਆਈ.ਏ. ਦਾ ਪਗੜੀਧਾਰੀ ਸਿੱਖ ਅਫ਼ਸਰ ਵੀ ਹੈ। ਉਹ ਸਿੱਖ ਅਫ਼ਸਰ ਆਪਣੀ ਟੀਮ ਨਾਲ ਗੱਦਾਰੀ ਕਰ ਕੇ ਅਤਿਵਾਦੀਆਂ ਦਾ ਸਾਥ ਦਿੰਦਾ ਵਿਖਾਇਆ ਗਿਆ ਹੈ। ਇੱਕ ਹੋਰ ਫਿਲਮ ਵਿੱਚ ਇੱਕ ਜੱਜ ਦੇ ਸੁਰੱਖਿਆ ਦਸਤੇ ਵਿੱਚ ਇੱਕ ਸਿੱਖ ਅਫਸਰ ਹੈ, ਜੋ ਅਤਿਵਾਦੀਆਂ ਨਾਲ ਮਿਲ ਕੇ ਜੱਜ ਨੂੰ ਮਾਰਨ ਦੀ ਯੋਜਨਾ ਵਿੱਚ ਸ਼ਾਮਿਲ ਹੁੰਦਾ ਹੈ। ਮੁੜ ਸਵਾਲ ਹੈ ਕਿ ਅਜਿਹੇ ਦ੍ਰਿਸ਼ ਫਿਲਮਾਉਣ ਲਈ ਸਿੱਖ ਚਿਹਰੇ ਹੀ ਕਿਉਂ? ਕਿਸ ਦੇ ਕਹਿਣ 'ਤੇ? ਇਹ ਤਾਂ ਕੇਵਲ ਇੱਕ-ਦੋ ਮਿਸਾਲਾਂ ਹਨ।

ਅਜਿਹੇ ਹੋਰ ਬਹੁਤ ਸਾਰੇ ਦ੍ਰਿਸ਼ ਭਾਰਤੀ ਫਿਲਮਾਂ ਵਿੱਚ ਸਿੱਖਾਂ ਦੀ ਕਿਰਦਾਰਕੁਸ਼ੀ ਦੀ ਮਨਸ਼ਾ ਨਾਲ ਫਿਲਮਾਏ ਜਾ ਰਹੇ ਹਨ, ਜੋ ਗੰਭੀਰ ਮਸਲਾ ਹੈ। ਇਹ ਕੋਈ ਸੁਭਾਵਕ ਵਰਤਾਰਾ ਨਹੀਂ, ਇਹ ਸਿੱਖ ਪੰਥ ਲਈ ਵੰਗਾਰ ਹੈ। ਫ਼ਿਲਮਾਂ ਨੂੰ ਦੇਸ਼ ਅੰਦਰ ਕਰੋੜਾਂ ਲੋਕੀਂ ਵੇਖਦੇ ਹਨ। ਇਸ ਲਈ ਭਾਰਤ ਅੰਦਰ ਯੋਜਨਾ-ਬੱਧ ਢੰਗ ਦੇ ਨਾਲ ਸਿੱਖਾਂ ਦੀ ਕਿਰਦਾਰਕੁਸ਼ੀ ਲਈ ਭਾਰਤੀ ਫ਼ਿਲਮਾਂ ਦਾ ਸਹਾਰਾ ਲੈਣਾ ਬਹੁਤ ਮਾੜੀ ਗੱਲ ਹੈ। ਭਾਰਤੀ ਮੀਡੀਆ ਅਤੇ ਭਾਰਤੀ ਫਿਲਮਾਂ ਰਾਹੀਂ ਹੋ ਰਹੀ ਸਿੱਖਾਂ ਦੀ ਕਿਰਦਾਰਕੁਸ਼ੀ ਨੂੰ ਰੋਕਣ ਲਈ ਸਿੱਖ ਸੰਸਥਾਵਾਂ, ਸਿੱਖ ਬੁੱਧੀਜੀਵੀਆਂ, ਸਿੱਖ ਕਾਨੂੰਨਦਾਨਾਂ ਨੂੰ ਮਿਲ ਕੇ ਸਖਤ ਫੈਸਲੇ ਲੈਣ ਦੀ ਲੋੜ ਹੈ। ਬਾਲੀਵੁਡ, ਕੋਲੀਵੁਡ ਆਦਿ ਫਿਲਮਾਂ ਦੇ ਸੈਂਸਰ ਬੋਰਡ ਵਿੱਚ ਸਿੱਖ ਬੁੱਧੀਜੀਵੀ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ; ਤਾਂ ਜੋ ਸਿੱਖਾਂ ਨਾਲ ਕੀਤੀਆਂ ਜਾ ਰਹੀਆਂ ਅਜਿਹੀਆਂ ਘਿਣਾਉਣੀਆਂ ਹਰਕਤਾਂ ਨੂੰ ਠੱਲ੍ਹ ਪਾਈ ਜਾ ਸਕੇ।

---

**ਸੰਪਾਦਕ, ਗੁਰਮਤਿ ਪ੍ਰਕਾਸ਼ ਤੇ ਗੁਰਮਤਿ ਗਿਆਨ।*




ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ -On Site Crematory
-ਅੰਤਿਮ ਦਰਸ਼ਨਾਂ ਲਈ ਕਮਰਾ -Viewing Room Available
-ਵੱਡਾ ਤੇ ਸੁੰਦਰ ਚੈਪਲ -Large, Beautiful Chapels
-ਘੱਟ ਖਰਚ ਉਤੇ ਸੇਵਾਵਾਂ -Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221 | Crystal Lake 825-459-3411 | Barrington 847-381-3411

Please call or visit our website at www.davenportfamily.com

Davenport
FAMILY FUNERAL HOMES AND CREMATORY

# ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਸ਼ਿਕਾਗੋ (ਮਿਡਵੈਸਟ)

## ਸਮੂਹ ਖੇਡ ਪ੍ਰੇਮੀਆਂ, ਸਪਾਂਸਰਾਂ, ਸ਼ੁਭਚਿੰਤਕਾਂ ਅਤੇ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ

## ਮਾਂ ਗੁਜਰੀ ਦੇ ਲਾਲ, ਬਾਦਸ਼ਾਹ-ਏ-ਦਰਵੇਸ਼, ਸਰਬੰਸ ਦਾਨੀ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ

## (5 ਜਨਵਰੀ, 23 ਪੋਹ)

# ਅਤੇ ਨਵੇਂ ਸਾਲ 2024 ਦੀਆਂ

# ਲੱਖ ਲੱਖ ਵਧਾਈਆਂ


ਲਖਵਿੰਦਰ ਸਿੰਘ ਪ੍ਰਧਾਨ
815-690-0941


ਜਸਰੂਪ ਸਿੰਘ ਮੀਤ ਪ੍ਰਧਾਨ
224-578-2939


ਅੰਮ੍ਰਿਤਪਾਲ ਮਾਂਗਟ ਖਜ਼ਾਨਚੀ
847-890-0704


ਪਰਮਿੰਦਰ ਸਿੰਘ ਵਾਲੀਆ
847-477-1613


ਅਮਰਦੇਵ ਸਿੰਘ ਬੰਦੇਸ਼ਾ
708-612-7963


ਹਰਦੀਪ ਸਿੰਘ ਬੰਦੇਸ਼ਾ
815-546-0525


ਗੁਰਦੇਵ ਸਿੰਘ ਗਿੱਲ
847-271-7451


ਬਲਵਿੰਦਰ ਸਿੰਘ ਚੱਠਾ
630-523-3412


ਦਰਸ਼ਨ ਸਿੰਘ ਪੰਮਾਂ
847-561-7101


ਅੰਮ੍ਰਿਤਪਾਲ ਸਿੰਘ ਗਿੱਲ
920-460-1001


ਅਮਰਜੀਤ ਸਿੰਘ ਬੰਦੇਸ਼ਾ
815-474-5424


ਮਨਜਿੰਦਰ ਸਿੰਘ ਚੀਮਾ
815-261-2148

ਪਿਛਲੇ ਸਾਲਾਂ ਵਿੱਚ ਖੇਡ ਮੇਲਿਆਂ ਦੌਰਾਨ ਸਪਾਂਸਰਾਂ ਤੇ ਭਾਈਚਾਰੇ ਵੱਲੋਂ ਮਿਲੇ ਭਰਵੇਂ ਸਹਿਯੋਗ ਲਈ ਬਹੁਤ ਬਹੁਤ ਧੰਨਵਾਦ। ਭਵਿੱਖ ਵਿੱਚ ਵੀ ਤੁਹਾਡੇ ਸਹਿਯੋਗ ਨਾਲ ਪੰਜਾਬੀਆਂ ਦੀ ਖੇਡ ਕਬੱਡੀ ਨੂੰ ਪ੍ਰਫੁਲਤ ਕਰਨ ਲਈ ਉਪਰਾਲੇ ਜਾਰੀ ਰਹਿਣਗੇ।

# Sher-e-Punjab Sports Club, Chicago (Midwest)

# ਐੱਚ. ਐੱਸ. ਕਲਚਰਲ ਆਰਗੇਨਾਈਜੇਸ਼ਨ ਨੇ ਕਰਵਾਇਆ 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਤਹਿਤ ਬੱਚਿਆਂ ਦਾ ਮੁਕਾਬਲਾ





'ਮਰਦ ਅਗੰਮੜਾ' ਉਤੇ ਕੋਰਿਓਗ੍ਰਾਫੀ ਕੀਤੇ ਜਾਣ ਦਾ ਇੱਕ ਦ੍ਰਿਸ਼ ਅਤੇ (ਉਪਰ) ਮੁਕਾਬਲਿਆਂ ਦੇ ਜੇਤੂ ਅਤੇ ਭਾਗ ਲੈਣ ਵਾਲੇ ਬੱਚੇ ਪ੍ਰਬੰਧਕਾਂ ਤੇ ਮਹਿਮਾਨਾਂ ਨਾਲ

**ਸ਼ਿਕਾਗੋ:** ਸਥਾਨਕ ਐੱਚ. ਐੱਸ. ਕਲਚਰਲ ਆਰਗੇਨਾਈਜੇਸ਼ਨ ਵੱਲੋਂ ਗੁਰਲੀਨ ਕੌਰ, ਓਂਕਾਰ ਸਿੰਘ ਸੰਘਾ ਅਤੇ ਬਲਜੀਤ ਕੌਰ ਅਠਵਾਲ ਦੀ ਅਗਵਾਈ ਵਿੱਚ ਪੈਲਾਟਾਈਨ ਦੇ ਕਟਿੰਗ ਹਾਲ ਵਿੱਚ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਨਾਮ ਤਹਿਤ ਬੱਚਿਆਂ ਦੇ ਕਵਿਤਾ, ਗੀਤ ਅਤੇ ਸ਼ਬਦ ਗਾਇਨ ਮੁਕਾਬਲੇ ਕਰਵਾਏ ਗਏ।

ਪ੍ਰੋਗਰਾਮ ਦੀ ਸ਼ੁਰੂਆਤ ਐੱਚ. ਐੱਸ. ਕਲਚਰਲ ਆਰਗੇਨਾਈਜੇਸ਼ਨ ਵੱਲੋਂ ਦੇਹ ਸ਼ਿਵਾ ਬਰ ਮੋਹਿ ਇਹੈ ਸ਼ਬਦ ਦੇ ਗਾਇਨ ਨਾਲ ਕੀਤੀ ਗਈ। ਇਸ ਮੁਕਾਬਲੇ ਵਿੱਚ ਜੋਬਨ ਸਿੰਘ, ਜਸਲੀਨ, ਨਿਮਰਤ ਕੌਰ ਅਤੇ ਜੁਗਰਾਜ ਸਿੰਘ ਪਹਿਲੇ ਵਰਗ ਦੇ ਜੇਤੂ ਰਹੇ। ਮਿਲਵਾਕੀ ਤੋਂ ਵਿਸ਼ੇਸ਼ ਤੌਰ 'ਤੇ ਆਏ ਸਵਰਪ੍ਰੀਤ ਸਿੰਘ, ਅਵਾਰ ਸਿੰਘ, ਅਨੀਲ ਸਿੰਘ ਅਤੇ ਪਵਨੀਤ ਕੌਰ ਦੂਸਰੇ ਵਰਗ ਦੇ ਜੇਤੂ ਰਹੇ। ਤੀਸਰੇ ਵਰਗ ਵਿੱਚ ਗੁਰਜੋਤ ਸਿੰਘ, ਰਸਲੀਨ ਕੌਰ, ਜਪਜੀਵ ਕੌਰ ਅਤੇ ਸਾਨਪ੍ਰੀਤ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਜੇਤੂ ਬੱਚਿਆਂ ਨੂੰ ਨਕਦ ਇਨਾਮ, ਮੈਡਲ ਅਤੇ ਸਰਟੀਫਿਕੇਟ ਵੀ ਪ੍ਰਦਾਨ ਕੀਤੇ ਗਏ। ਇਸ ਤੋਂ ਇਲਾਵਾ ਰਾਕਿੰਦ ਕੌਰ ਨੇ ਆਪਣੀ ਕਵਿਤਾ ਪੇਸ਼ ਕੀਤੀ। ਗੁਰ ਸਿੰਘ ਅਤੇ ਕਮਲੇਸ਼ ਕਪੂਰ ਨੇ ਸਿੱਖ ਇਤਿਹਾਸ ਬਾਰੇ ਲੋਕਾਂ ਨੂੰ ਜਾਣੂੰ ਕਰਵਾਇਆ।

ਜੇਤੂ ਬੱਚਿਆਂ ਅਤੇ ਭਾਗ ਲੈਣ ਵਾਲੇ ਬੱਚਿਆਂ ਨੂੰ ਪਰਮਿੰਦਰ ਸਿੰਘ ਗੋਲਡੀ ਅਤੇ ਗੁਰੂ ਲਾਧੋ ਰੇ ਸੇਵਾ ਸੁਸਾਇਟੀ ਮਿਲਵਾਕੀ ਵੱਲੋਂ ਨਕਦ ਇਨਾਮ ਦਿੱਤੇ ਗਏ। ਇਸ ਮੌਕੇ ਸਤਪਾਲ ਕੌਰ, ਜਸਵਿੰਦਰ ਕੌਰ, ਪਰਮਜੀਤ ਕੌਰ, ਰਾਜਦੀਪ ਸਿੰਘ ਰਾਜੂ, ਦਵਿੰਦਰ ਸਿੰਘ, ਸੁਰਿੰਦਰ ਸਿੰਘ ਪੰਮਾਂ, ਅਰਮਾਨ ਅਟਵਾਲ ਤੇ ਐਵੀ ਅਟਵਾਲ, ਜਸਲੀਨ ਕੌਰ ਤੇ ਅਨੁਦੀਪ ਕੌਰ ਅਤੇ ਸਿਮਰਨਪ੍ਰੀਤ ਸਿੰਘ ਨੇ ਵੀ ਆਪਣੀ ਭੂਮਿਕਾ ਖੂਬ ਨਿਭਾਈ। ਜੱਜਾਂ ਦੀ ਭੂਮਿਕਾ ਜੋਤੀ ਖਹਿਰਾ, ਸਲਵਿੰਦਰ ਕੌਰ ਅਤੇ ਕਿਰਪਾਲ ਕੌਰ ਲਾਲ ਨੇ ਬਾਖੂਬੀ ਨਿਭਾਈ।

ਅਖੀਰ ਵਿੱਚ ਐੱਚ. ਐੱਸ. ਕਲਚਰਲ ਆਰਗੇਨਾਈਜੇਸ਼ਨ ਵੱਲੋਂ ਤਿਆਰ ਕੀਤੀ ਕੋਰਿਓਗਰਾਫੀ 'ਮਰਦ ਅਗੰਮੜਾ' ਪੇਸ਼ ਕੀਤੀ ਗਈ। ਪ੍ਰੋਗਰਾਮ ਵਿੱਚ ਮਿਲਵਾਕੀ ਤੋਂ ਉਘੇ ਬਿਜਨਸਮੈਨ ਪਰਮਿੰਦਰ ਸਿੰਘ ਗੋਲਡੀ ਤੇ ਗੁਰੂ ਲਾਧੋ ਰੇ ਸੇਵਾ ਸੁਸਾਇਟੀ ਮਿਲਵਾਕੀ ਦੇ ਮੈਂਬਰ ਅਤੇ ਤਰਲੋਕ ਸਿੰਘ ਤੂਰ, ਜੱਸੀ ਸਹੋਤਾ ਅਤੇ ਦਰਸ਼ਨ ਸਿੰਘ ਪੰਮਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਮਾਗਮ ਵਿੱਚ ਸ. ਦਰਸ਼ਨ ਸਿੰਘ ਪੰਮਾਂ ਅਤੇ ਬੀਬੀ ਜਸਵਿੰਦਰ ਕੌਰ ਪੰਮਾਂ ਨੇ ਆਪਣੇ ਪੋਤਰਿਆਂ-ਜੋਵਨ ਸਿੰਘ ਪੰਮਾਂ, ਅਰਜਣ ਸਿੰਘ ਪੰਮਾਂ ਤੇ ਕਵਨ ਸਿੰਘ ਪੰਮਾਂ ਨਾਲ ਵਧ-ਚੜ੍ਹ ਕੇ ਹਿੱਸਾ ਲਿਆ। ਬੱਚੇ ਪੂਰੇ ਸਿੱਖੀ ਬਾਣੇ ਵਿੱਚ ਸੱਜ-ਧੱਜ ਕੇ ਪਹੁੰਚੇ ਹੋਏ ਸਨ ਅਤੇ ਪੇਸ਼ਕਾਰੀ ਰਾਹੀਂ ਸਾਹਿਬਜ਼ਾਦਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

Happy New Year to All of You

May the New Year Bring Happiness and Joy to You & Your Families



ਦੇਸ-ਕੌਮ ਲਈ ਸਰਬੰਸ ਵਾਰਨ ਵਾਲੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

*From:*

**Kamal Dhillon, Sukhjit Bal, Sonia Verma, Gurvinder Dhillon and Sarvjeet Dhillon**

# ਪੰਜਾਬ ’ਚ ਸਿੱਖ ਵੋਟਾਂ ਬਟੋਰਨ ਲਈ ਭਾਜਪਾ ਦਾ ਰੁਖ ਬਦਲਿਆ

**ਚੋਣ ਚਰਚਾ**

**ਉਜਾਗਰ ਸਿੰਘ**
ਫੋਨ: 91-9417813072



ਭਾਰਤ ਨੂੰ ਹਿੰਦੂਤਤਵ ਦੇਸ਼ ਬਣਾਉਣ ਦਾ ਸਪਨਾ ਲੈਣ ਵਾਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਦਿੱਲੀ ਦੀ ਸਰਹੱਦ ‘ਤੇ ਕਿਸਾਨ ਅੰਦੋਲਨ ਦੀ ਸਫ਼ਲਤਾ ਤੋਂ ਬਾਅਦ ਪੰਜਾਬੀਆਂ ਅਤੇ ਸਿੱਖਾਂ ਬਾਰੇ ਆਪਣਾ ਦ੍ਰਿਸ਼ਟੀਕੋਣ ਬਦਲ ਲਿਆ ਹੈ। ਪੰਜਾਬ ਦੀ ਭਾਰਤੀ ਜਨਤਾ ਪਾਰਟੀ ਦੀ ਰਾਜ ਪੱਧਰ ਦੀ ਇਕਾਈ ਅਤੇ ਜ਼ਿਲ੍ਹਾ ਇਕਾਈਆਂ ਵਿੱਚ ਪੰਜਾਬ ਦੀ ਬੈਕ ਬੋਨ ਸਮਝੀ ਜਾਣ ਵਾਲੀ ਸਿੱਖ ਕੌਮ ਨੂੰ ਵਰਣਨਯੋਗ ਪ੍ਰਤੀਨਿਧਤਾ ਦੇ ਕੇ ਦਿਹਾਤੀ ਲੋਕਾਂ ਦੀਆਂ ਵੋਟਾਂ ਵਟੋਰਨ ਦਾ ਤਜਰਬਾ ਕੀਤਾ ਹੈ। ਇਸ ਮੰਤਵ ਲਈ ਪੰਜਾਬ ਵਿੱਚ ਭਾਜਪਾ ਪੱਬਾਂ ਭਾਰ ਹੋਈ ਪਈ ਹੈ। ਸੁਨੀਲ ਕੁਮਾਰ ਜਾਖੜ ਲਈ 2024 ਦੀਆਂ ਲੋਕ ਸਭਾ ਚੋਣਾਂ ਉਸ ਦਾ ਭਵਿਖ ਤੈਅ ਕਰਨਗੀਆਂ। ਭਾਜਪਾ ਨੇ ਸੁਨੀਲ ਕੁਮਾਰ ਜਾਖੜ ਦੇ ਹੱਥ ਪੰਜਾਬ ਇਕਾਈ ਦੀ ਪ੍ਰਧਾਨਗੀ ਦੀ ਵਾਗਡੋਰ ਦੇ ਕੇ ਅਸਲ ਵਿੱਚ ਸਿਆਸੀ ਪੱਤਾ ਖੇਡਿਆ ਹੈ। ਸੁਨੀਲ ਕੁਮਾਰ ਜਾਖੜ ਹਰ ਰੋਜ ਕਿਸੇ ਨਾ ਕਿਸੇ ਸਥਾਨ ‘ਤੇ ਵਰਕਰਾਂ ਦੇ ਸਮਾਗਮ ਕਰਨ ਵਿੱਚ ਰੁਝਿਆ ਹੋਇਆ ਹੈ; ਤੇ ਹੁਣ ਤਾਂ ਪੰਜਾਬ ਭਾਜਪਾ ਦੇ ਟਕਸਾਲੀ ਨੇਤਾਵਾਂ ਨੇ ਵੀ ਸਬਰ ਦਾ ਘੁੱਟ ਭਰ ਲਿਆ ਹੈ।

ਇੰਡੀਆ ਗਠਜੋੜ ਬਣਨ ਤੋਂ ਬਾਅਦ ਭਾਜਪਾ ਨੇ ਮਈ 2024 ਦੀਆਂ ਲੋਕ ਸਭਾ ਚੋਣਾਂ ਹਰ ਹੀਲੇ ਜਿੱਤਣ ਲਈ ਦੇਸ਼ ਵਿੱਚ ਨਵੀਂ ਰਣਨੀਤੀ ਬਣਾਉਣੀ ਸ਼ੁਰੂ ਕਰ ਦਿੱਤੀ ਹੈ, ਉਸ ਰਣਨੀਤੀ ਅਧੀਨ ਅਯੁਧਿਆ ਵਿਖੇ ਰਾਮ ਜਨਮ ਭੂਮੀ ‘ਤੇ ਰਾਮ ਮੰਦਰ ਦਾ ਉਦਘਾਟਨ 22 ਜਨਵਰੀ 2024 ਨੂੰ ਕਰਨ ਦਾ ਪ੍ਰੋਗਰਾਮ ਤੈਅ ਕਰ ਲਿਆ ਹੈ। ਉਸੇ ਲੜੀ ਅਧੀਨ ਪੰਜਾਬ ਵਿੱਚ ਭਾਜਪਾ ਨੇ ਖੰਭ ਖਿਲਾਰਨੇ ਸ਼ੁਰੂ ਕਰ ਦਿੱਤੇ ਹਨ। ਪਾਰਟੀ ਦੇ ਰਣਨੀਤੀਕਾਰਾਂ ਨੇ ਪੰਜਾਬ ਦੀਆਂ 13 ਸੀਟਾਂ ਵਿੱਚੋਂ ਵੱਧ ਤੋਂ ਵੱਧ ਸੀਟਾਂ ਨੂੰ ਜਿੱਤਣ ਦੀ ਯੋਜਨਾ ਬਣਾਈ ਹੈ। ਸ਼੍ਰੋਮਣੀ ਅਕਾਲੀ ਦਲ ਨਾਲੋਂ ਕਿਸਾਨ ਮੋਰਚੇ ਦੌਰਾਨ ਨਾਤਾ ਤੋੜਨ ਕਰਕੇ ਇਕੱਲਿਆਂ ਚੋਣ ਲੜਨ ਦੀ ਮੁਸ਼ਕਲ ਨੂੰ ਹੱਲ ਕਰਨ ਦੇ ਇਰਾਦੇ ਨਾਲ ਅਕਾਲੀ ਦਲ ਦੀ ਵੋਟ ਬੈਂਕ ਦੀ ਭਰਪਾਈ ਕਰਨ ਦੀ ਸਕੀਮ ਬਣਾਈ ਗਈ। ਉਸ ਸਕੀਮ ਅਧੀਨ ਕਾਂਗਰਸ ਅਤੇ ਅਕਾਲੀ ਦਲ ਦੇ ਨੇਤਾਵਾਂ ਨੂੰ ਉਨ੍ਹਾਂ ਦੀਆਂ ਪਾਰਟੀਆਂ ਵਿੱਚੋਂ ਅਸਤੀਫ਼ੇ ਦਿਵਾ ਕੇ ਭਾਜਪਾ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਇਸੇ ਲੜੀ ਵਿੱਚ ਪਾਰਟੀ ਸੰਗਠਨ ਨੂੰ ਹੋਰ ਵਧੇਰੇ ਸੁਚੱਜੇ ਢੰਗ ਨਾਲ ਸਰਗਰਮ ਕਰਨ ਲਈ 29 ਦਸੰਬਰ 2023 ਨੂੰ ਪੰਜਾਬ ਦੇ 35 ਜ਼ਿਲ੍ਹਾ ਪ੍ਰਧਾਨਾਂ ਦੀ ਸੂਚੀ ਜਾਰੀ ਕੀਤੀ ਗਈ, ਜਿਸ ਵਿੱਚ ਬਹੁਤ ਸਾਰੇ ਪੁਰਾਣੇ ਪ੍ਰਧਾਨ ਬਦਲ ਕੇ ਕੈਪਟਨ ਅਮਰਿੰਦਰ ਸਿੰਘ ਦੇ ਧੜੇ ਦੇ ਪੁਰਾਣੇ ਕਾਂਗਰਸੀਆਂ ਨੂੰ ਅਹੁਦੇ ਦੇ ਕੇ ਨਿਵਾਜਿਆ ਗਿਆ ਹੈ।

ਇਸ ਤੋਂ ਇਲਾਵਾ ਪਿੰਡਾਂ ਵਿੱਚੋਂ ਜੱਟ ਸਿੱਖ ਭਾਈਚਾਰੇ ਦੀਆਂ ਵੋਟਾਂ ਲੈਣ ਲਈ 35 ਜ਼ਿਲ੍ਹਾ ਪ੍ਰਧਾਨਾਂ ਵਿੱਚੋਂ 17 ਪ੍ਰਧਾਨ ਜੱਟ ਸਿੱਖ ਭਾਈਚਾਰੇ ਦੇ ਬਣਾਏ ਗਏ ਹਨ। 18 ਪ੍ਰਧਾਨ ਹਿੰਦੂ ਵਰਗ ਨਾਲ ਸਬੰਧਤ ਹਨ। ਵਿੰਗਾਂ ਅਤੇ ਸੈੱਲਾਂ ਦੇ 13 ਮੁਖੀਆਂ ਵਿੱਚ ਵੀ ਸਿੱਖ ਭਾਈਚਾਰੇ ਦੇ ਤਿੰਨ ਮੈਂਬਰ ਲਏ ਗਏ ਹਨ। ਇਸ ਦਾ ਅਰਥ ਹੈ ਕਿ ਸਿੱਖ ਭਾਈਚਾਰੇ ਨੂੰ ਹਿੰਦੂ ਭਾਈਚਾਰੇ ਦੇ ਬਰਾਬਰ ਪ੍ਰਤੀਨਿਧਤਾ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਭਾਜਪਾ ਦੀ ਪੰਜਾਬ ਇਕਾਈ ਵਿੱਚ ਕੀਤੀ ਗਈ ਤਬਦੀਲੀ ਦੌਰਾਨ ਸਿੱਖ ਭਾਈਚਾਰੇ ਦੀ ਪ੍ਰਤੀਨਿਧਤਾ 33 ਫ਼ੀਸਦੀ ਸੀ। ਇਹ ਵੀ ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਕੁਮਾਰ ਜਾਖੜ ਵੱਲੋਂ ਭਾਜਪਾ ਵਿੱਚ ਸ਼ਾਮਲ ਹੋਣ ਕਰਕੇ ਹੋਈ ਸੀ। ਇਸ ਤੋਂ ਪਹਿਲਾਂ ਤਾਂ ਗਿਣਵੇਂ-ਚੁਣਵੇਂ ਸਿੱਖ ਹੀ ਭਾਜਪਾ ਦੇ ਸੰਗਠਨ ਵਿੱਚ ਹੁੰਦੇ ਸਨ। ਇਸ ਸੂਚੀ ਵਿੱਚ ਕਾਂਗਰਸ ਪਾਰਟੀ ਵਿੱਚੋਂ ਆਏ ਨੇਤਾਵਾਂ ਨੂੰ ਵਿਸ਼ੇਸ਼ ਪ੍ਰਮੁੱਖਤਾ ਦਿੱਤੀ ਗਈ ਹੈ। ਪਿੰਡਾਂ ਵਿੱਚ ਪਾਰਟੀ ਦਾ ਬੋਲਬਾਲਾ ਬਣਾਉਣ ਲਈ ਇਸ ਤੋਂ ਪਹਿਲਾਂ ਕਾਂਗਰਸ ਪਾਰਟੀ ਨੂੰ ਖ਼ੋਰਾ ਲਗਾਉਣ ਲਈ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਜੁਲਾਈ 2023 ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ ਸੁਨੀਲ ਕੁਮਾਰ ਜਾਖੜ ਨੂੰ ਭਾਜਪਾ ਦੀ ਪੰਜਾਬ ਇਕਾਈ ਦਾ ਪ੍ਰਧਾਨ ਬਣਾ ਦਿੱਤਾ ਸੀ। ਸੁਨੀਲ ਕੁਮਾਰ ਜਾਖੜ ਦੀ ਨਿਯੁਕਤੀ ਉਪਰ ਭਾਜਪਾ ਦੇ ਟਕਸਾਲੀ ਨੇਤਾਵਾਂ ਨੇ ਕਿੰਤੂ-ਪ੍ਰੰਤੂ ਵੀ ਕੀਤਾ ਸੀ, ਪ੍ਰੰਤੂ ਕੇਂਦਰੀ ਲੀਡਰਸ਼ਿਪ ਨੇ ਉਨ੍ਹਾਂ ਦੇ ਇਤਰਾਜ਼ ਨੂੰ ਇਸ ਆਸ ਨਾਲ ਦਰਕਿਨਾਰ ਕਰ ਦਿੱਤਾ ਸੀ ਕਿ ਸੁਨੀਲ ਕੁਮਾਰ ਜਾਖੜ ਕਾਂਗਰਸ ਪਾਰਟੀ ਵਿੱਚ ਬਗਾਵਤ ਕਰਵਾ ਕੇ ਭਾਜਪਾ ਵਿੱਚ ਨੇਤਾਵਾਂ ਤੇ ਵਰਕਰਾਂ ਨੂੰ ਸ਼ਾਮਲ ਕਰਵਾ ਲੈਣਗੇ। ਪਹਿਲੇ ਸੱਟੇ ਕੁਝ ਦਿਗਜ ਨੇਤਾਵਾਂ ਨੇ ਭਾਰਤੀ ਜਨਤਾ ਪਾਰਟੀ ਦੀ ਬਾਂਹ ਫੜ ਲਈ ਸੀ, ਪ੍ਰੰਤੂ ਬਾਅਦ ਵਿੱਚ ਕੁਝ ਵਾਪਸ ਕਾਂਗਰਸ ਵਿੱਚ ਚਲੇ ਗਏ।

ਭਾਜਪਾ ਨੂੰ ਹਿੰਦੂ ਵਰਗ ਤੇ ਵਪਾਰੀਆਂ ਦੀ ਪਾਰਟੀ ਕਿਹਾ ਜਾਂਦਾ ਸੀ, ਪ੍ਰੰਤੂ ਰਾਜ ਇਕਾਈ ਦੀ ਨਵੀਂ ਸੂਚੀ ਵਿੱਚ ਸਿੱਖ ਭਾਈਚਾਰੇ ਨੂੰ ਵਧੇਰੇ ਪ੍ਰਤੀਨਿਧਤਾ ਦੇ ਕੇ ਦਿਹਾਤੀ ਇਲਾਕਿਆਂ ਵਿੱਚ ਜਾਲ ਵਿਛਾਉਣ ਦੀ ਕਾਰਵਾਈ ਸ਼ੁਰੂ ਕੀਤੀ ਗਈ ਹੈ, ਕਿਉਂਕਿ ਸ਼ਹਿਰਾਂ ਵਿੱਚ ਤਾਂ ਭਾਜਪਾ ਦਾ ਆਧਾਰ ਮਜ਼ਬੂਤ ਸੀ, ਪ੍ਰੰਤੂ ਪਿੰਡਾਂ ਵਿੱਚ ਉਨ੍ਹਾਂ ਦੀਆਂ ਵੋਟਾਂ ਨਾਮਾਤਰ ਹੀ ਸਨ। ਅਕਾਲੀ ਦਲ ਨਾਲ ਭਾਈਵਾਲੀ ਸਮੇਂ ਵੀ ਭਾਜਪਾ ਪੰਜਾਬ ਵਿੱਚੋਂ ਵੱਧ ਤੋਂ ਵੱਧ 4 ਸੀਟਾਂ ਹੀ ਜਿੱਤ ਸਕੀ ਹੈ। ਪੰਜਾਬ ਇਕਾਈ ਦੇ 12 ਉਪ ਪ੍ਰਧਾਨ ਬਣਾਏ ਗਏ ਹਨ, ਜਿਨ੍ਹਾਂ ਵਿੱਚੋਂ 6 ਜੱਟ ਸਿੱਖ ਭਾਈਚਾਰੇ ਵਿੱਚੋਂ ਹਨ। ਇਸ ਤਰ੍ਹਾਂ 21 ਮੈਂਬਰੀ ਕੋਰ ਕਮੇਟੀ ਵਿੱਚ 7 ਜੱਟ ਸਿੱਖ ਅਤੇ ਪੰਜ ਸੈੱਲਾਂ ਦੇ ਮੁਖੀਆਂ ਵਿੱਚੋਂ 2 ਸਿੱਖ ਭਾਈਚਾਰੇ ਵਿੱਚੋਂ ਲਏ ਗਏ ਸਨ। ਇਸ ਸੂਚੀ ਵਿੱਚ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਸ਼ਹਿਰੀ ਜ਼ਿਲ੍ਹਿਆਂ ਜਿਨ੍ਹਾਂ ਵਿੱਚ ਹਰਵਿੰਦਰ ਸਿੰਘ ਅੰਮ੍ਰਿਤਸਰ ਸ਼ਹਿਰੀ, ਯਾਦਵਿੰਦਰ ਸਿੰਘ ਸ਼ੰਟੀ ਬਰਨਾਲਾ, ਹਰਸਿਮਰਨ ਸਿੰਘ ਵਾਲੀਆ ਬਟਾਲਾ, ਦੀਦਾਰ ਸਿੰਘ ਭੱਟੀ ਫ਼ਤਿਹਗੜ੍ਹ ਸਾਹਿਬ, ਸੁਖਵਿੰਦਰ ਪਾਲ ਸਿੰਘ ਕਾਕਾ ਫ਼ਾਜ਼ਿਲਕਾ, ਸ਼ਮਸ਼ੇਰ ਸਿੰਘ ਫਿਰੋਜ਼ਪੁਰ, ਇੰਦਰਪਾਲ ਸਿੰਘ ਧਾਲੀਵਾਲ ਜਗਰਾਓਂ, ਰਣਜੀਤ ਸਿੰਘ ਪਰਮਾਰ ਜਲੰਧਰ ਨਾਰਥ, ਰਣਜੀਤ ਸਿੰਘ ਖੋਜੇਵਾਲ ਕਪੂਰਥਲਾ, ਭੁਪਿੰਦਰ ਸਿੰਘ ਚੀਮਾ ਖੰਨਾ, ਰਾਜਵਿੰਦਰ ਸਿੰਘ ਲੱਕੀ ਨਵਾਂ ਸ਼ਹਿਰ, ਜਸਪਾਲ ਸਿੰਘ ਗਗਰੌਲੀ ਪਟਿਆਲਾ ਉਤਰ, ਅਜੇਵੀਰ ਸਿੰਘ ਲਾਲਪੁਰਾ ਰੋਪੜ, ਧਰਮਿੰਦਰ ਸਿੰਘ ਸੰਗਰੂਰ-1 ਅਤੇ ਅੰਮ੍ਰਿਤ ਸਿੰਘ ਚੱਠਾ ਸੰਗਰੂਰ-2 ਸ਼ਾਮਲ ਹਨ, ਇਨ੍ਹਾਂ ਨੂੰ ਭਾਰਤੀ ਜਨਤਾ ਪਾਰਟੀ ਨੇ ਸਿੱਖ ਭਾਈਚਾਰੇ ਦੇ ਨੌਜਵਾਨ ਪ੍ਰਧਾਨ ਬਣਾਇਆ ਹੈ। ਪਟਿਆਲਾ ਜ਼ਿਲ੍ਹਾ ਤਾਂ ਸਾਰਾ ਹੀ ਕੈਪਟਨ ਅਮਰਿੰਦਰ ਸਿੰਘ ਦੇ ਹਵਾਲੇ ਕਰ ਦਿੱਤਾ ਹੈ। ਸੰਜੀਵ ਸ਼ਰਮਾ ਬਿੱਟੂ ਨੂੰ ਪਟਿਆਲਾ ਸ਼ਹਿਰੀ ਦਾ ਪ੍ਰਧਾਨ ਬਣਾਇਆ ਹੈ।

ਇਸ ਤੋਂ ਪਹਿਲਾਂ ਅਕਾਲੀ ਦਲ ਦੀ ਆਰ.ਐਸ.ਐਸ. ਵਰਗੀ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੇ ਨੇਤਾਵਾਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਗਿਆ ਹੈ। ਹਿੰਦੂ ਵਰਗ ਦੇ ਭਗਤ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਮ ‘ਤੇ ਭਾਜਪਾ ਲਈ ਤਿਆਰ-ਬਰ-ਤਿਆਰ ਬੈਠੇ ਹਨ। ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਉਤੇਜਿਤ ਕਰਕੇ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਹਿੰਦੂ ਵੋਟਰ ਨੂੰ ਚੁਸਤ-ਫੁਰਸਤ ਕਰਨ ਲਈ ਭਾਜਪਾ ਨੇ ਕੇਂਦਰੀ ਮੰਤਰੀਆਂ ਦੀ ਡਿਊਟੀ ਲਗਾ ਦਿੱਤੀ ਹੈ। ਉਸੇ ਲੜੀ ਵਿੱਚ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ‘ਭਾਰਤ ਵਿਕਾਸ ਸੰਕਲਪ’ ਯਾਤਰਾ ਵਾਲੀਆਂ ਗੱਡੀਆਂ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਵਿੱਚ ਕੇਂਦਰ ਸਰਕਾਰ ਦੀਆਂ ਵੈਲਫੇਅਰ ਸਕੀਮਾਂ ਦੀ ਲੋਕਾਂ ਨੂੰ ਜਾਣਕਾਰੀ ਦੇਣ ਲਈ ਗਾਹ ਪਾ ਰਹੀਆਂ ਹਨ। ਭਾਰਤੀ ਜਨਤਾ ਪਾਰਟੀ ਦੀ ਯੋਜਨਾ ਹੈ ਕਿ ਦੂਜੇ ਪੜਾਅ ਵਿੱਚ ਪਹਿਲਾਂ ਪ੍ਰਮੁੱਖ ਸ਼ਹਿਰਾਂ ਤੇ ਪਿੰਡਾਂ ਅਤੇ ਤੀਜੇ ਪੜਾਅ ਵਿੱਚ ਪੰਜਾਬ ਦੇ ਸਾਰੇ ਪਿੰਡਾਂ ਵਿੱਚ ਵਿਕਾਸ ਸੰਕਲਪ ਯਾਤਰਾ ਦੀਆਂ ਗੱਡੀਆਂ ਰਾਹੀਂ ਪ੍ਰਚਾਰ ਕੀਤਾ ਜਾਵੇ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨੇ 6 ਰੇਲ ਗੱਡੀਆਂ ਦਾ ਆਗਾਜ਼ ਕੀਤਾ ਹੈ, ਇਸ ਈਵੈਂਟ ਨੂੰ ਭਾਰਤੀ ਜਨਤਾ ਪਾਰਟੀ ਆਪਣੇ ਵਰਕਰਾਂ ਨੂੰ ਲਾਮਬੰਦ ਕਰਨ ਲਈ ਰੇਲਵੇ ਸਟੇਸ਼ਨਾਂ ਤੇ ਇਕੱਠਾ ਕਰ ਰਹੀ ਹੈ। ਇਨ੍ਹਾਂ ਵਿੱਚੋਂ ਇੱਕ ਰੇਲ ਗੱਡੀ ਅੰਮ੍ਰਿਤਸਰ-ਦਿੱਲੀ ਵੀ ਹੈ। ਇਸ ਦੇ ਸਵਾਗਤ ਲਈ ਪੰਜਾਬ ਦੇ ਰਾਜਪਾਲ ਅੰਮ੍ਰਿਤਸਰ ਪਹੁੰਚੇ, ਜਿਥੇ ਪਾਰਟੀ ਦੇ ਵਰਕਰਾਂ ਦਾ ਇਕੱਠ ਰੱਖਿਆ ਗਿਆ। ਜਿਸ ਸਟੇਸ਼ਨ ਤੋਂ ਪੰਜਾਬ ਵਿੱਚ ਗੱਡੀ ਲੰਘੀ, ਉਥੇ ਪਾਰਟੀ ਦੇ ਵਰਕਰਾਂ ਨੇ ਸਵਾਗਤ ਕੀਤਾ। ਕੇਂਦਰੀ ਰੇਲਵੇ ਵਿਭਾਗ ਵੱਲੋਂ ਅੰਮ੍ਰਿਤਸਰ ਲਈ ਇਕ ਬੁਲਟ ਟਰੇਟ ਚਲਾਉਣ ਦੀ ਤਜਵੀਜ਼ ਵੀ ਹੈ।

ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਦਾ ਉਤਸ਼ਾਹ ਵਧਾਉਣ ਲਈ ਰਾਮ ਜਨਮ ਭੂਮੀ ਮੰਦਰ ਦੇ ਉਦਘਾਟਨ ਨੂੰ ਵੀ ਸਿਆਸੀ ਹਿਤਾਂ ਲਈ ਵਰਤਿਆ ਜਾ ਰਿਹਾ ਹੈ। ਰਾਮ ਜਨਮ ਭੂਮੀ ਤੀਰਥ ਯਾਤਰਾ ਲਈ ਸੱਦਾ ਪੱਤਰ ਪੰਜਾਬ ਵਿਚਲੇ ਸਾਰੇ ਮੰਦਰਾਂ ਨੂੰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ‘ਅਕਸ਼ਤ ਕਲਸ’ ਅਤੇ ‘ਸ੍ਰੀ ਰਾਮ ਜਨਮ ਭੂਮੀ ਮੰਦਰ ਦੀ ਤਸਵੀਰ’ ਸਾਰੇ ਸ਼ਹਿਰਾਂ ਅਤੇ ਪਿੰਡਾਂ ਦੇ ਮੰਦਰਾਂ ਲਈ ਭੇਜੀ ਗਈ ਹੈ। ਜਿਸ ਇਲਾਕੇ ਵਿੱਚ ਮੰਦਰ ਸਥਿਤ ਹਨ, ਉਨ੍ਹਾਂ ਦੇ ਆਲੇ-ਦੁਆਲੇ ਦੇ ਸਾਰੇ ਘਰਾਂ ਵਿੱਚ ਪਹਿਲੀ ਜਨਵਰੀ ਤੋਂ 15 ਜਨਵਰੀ ਤੱਕ ਅਕਸ਼ਤ ਕਲਸ ਅਤੇ ਸ੍ਰੀ ਰਾਮ ਜਨਮ ਭੂਮੀ ਮੰਦਰ ਦੀਆਂ ਤਸਵੀਰਾਂ ਵੰਡੀਆਂ ਜਾਣਗੀਆਂ। ਇਹ ਸਾਰਾ ਕੰਮ ਸ੍ਰੀ ਰਾਮ ਤੀਰਥ ਖੇਤਰ ਟਰੱਸਟ ਅਯੁਧਿਆ ਵੱਲੋਂ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਰਾਮ ਜਨਮ ਭੂਮੀ ਮੰਦਰ ਦਾ ਉਦਘਾਟਨ 22 ਜਨਵਰੀ 2024 ਨੂੰ ਕੀਤਾ ਜਾਵੇਗਾ। ਇਸ ਸਮਾਗਮ ਨੂੰ ਆਨ ਲਾਈਨ ਵੇਖਣ ਲਈ ਭਾਜਪਾ ਵੱਲੋਂ ਸਾਰੇ ਮੰਦਰਾਂ ਵਿੱਚ ਪ੍ਰਬੰਧ ਕੀਤਾ ਜਾ ਰਿਹਾ ਹੈ ਤਾਂ ਜੋ ਵੋਟ ਬੈਂਕ ਨੂੰ ਮਜ਼ਬੂਤ ਕੀਤਾ ਜਾ ਸਕੇ।



SWERA
Women Support Group
ਸਵੇਰਾ
SIKH WOMEN ERA
Proudly Promotes
www.swerausa.org
FB page swerausa

'ਸਵੇਰਾ' ਸੰਸਥਾ ਸਮਾਜ ਵਿੱਚ ਔਰਤਾਂ ਦੇ ਸਸ਼ਕਤੀਕਰਨ ਲਈ ਕੰਮ ਕਰਦੀ ਹੈ ਤਾਂ ਜੋ ਲੋੜ ਪੈਣ ਸਮੇਂ ਉਨ੍ਹਾਂ ਦੀ ਹਰ ਮੌਕੇ 'ਤੇ ਮਦਦ ਕੀਤੀ ਜਾ ਸਕੇ। 'ਸਵੇਰਾ' ਟੀਮ ਨੂੰ ਪਿਛਲੇ ਸਮੇਂ ਦੌਰਾਨ ਕਈ ਲੋੜਵੰਦ ਬੀਬੀਆਂ/ਕੁੜੀਆਂ ਦੀ ਵਿੱਤੀ ਤੇ ਇਖਲਾਕੀ ਮਦਦ ਕਰਨ ਦੇ ਨਾਲ ਨਾਲ ਵੱਖ-ਵੱਖ ਖੇਤਰਾਂ ਵਿੱਚ ਉਨ੍ਹਾਂ ਦਾ ਰਾਹ-ਦਸੇਰਾ ਬਣਨ ਦਾ ਸ਼ਰਫ ਹਾਸਲ ਹੋਇਆ ਹੈ। ਭਾਈਚਾਰੇ ਵੱਲੋਂ ਮਿਲੇ ਸਹਿਯੋਗ ਲਈ 'ਸਵੇਰਾ' ਸੰਸਥਾ ਰਿਣੀ ਹੈ ਅਤੇ ਭਵਿੱਖ ਵਿੱਚ ਵੀ ਉਨ੍ਹਾਂ ਦੇ ਸਹਿਯੋਗ ਨਾਲ ਪਰਿਵਾਰਕ ਤੇ ਸਭਿਆਚਾਰਕ ਸਮਾਗਮਾਂ ਤੋਂ ਇਲਾਵਾ ਸਮਾਜਿਕ ਕਾਰਜਾਂ ਵਿੱਚ ਯਤਨਸ਼ੀਲ ਰਹੇਗੀ।

ਫੋਨ: 847-890-2390

'ਸਵੇਰਾ' ਦੀ ਸਮੁੱਚੀ ਟੀਮ ਵੱਲੋਂ

ਸਮਾਜਿਕ ਇਨਕਲਾਬ ਦੇ ਮੋਢੀ ਅਤੇ ਬਹੁਮੁਖੀ ਪ੍ਰਤਿਭਾ ਦੇ ਮੁਜੱਸਮੇ ਕਲਗੀਧਰ ਪਾਤਸ਼ਾਹ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ

ਅਤੇ

ਨਵੇਂ ਸਾਲ 2024 ਦੇ ਸ਼ੁਭ ਮੌਕੇ ਸਮੁੱਚੀ ਲੋਕਾਈ ਨੂੰ

ਦਿਲ ਦੀਆਂ ਗਹਿਰਾਈਆਂ ਤੋਂ

ਲੱਖ ਲੱਖ ਵਧਾਈ ਹੋਵੇ









Happy New Year to all of our Associates and Well-wishers and Thank you for your support, help and best wishes in the future as well.

Be Ready Midwest Ladies We Are Coming Soon to Your States.

ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਅੱਖਾਂ ਦੇ ਤਾਰੇ ਅਤੇ
ਮਾਤਾ ਗੁਜਰੀ ਜੀ ਦੇ ਰਾਜ ਦੁਲਾਰੇ ਕਲਗੀਧਰ ਦਸਮੇਸ਼ ਪਿਤਾ
ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਦੀ

# ਲੱਖ ਲੱਖ ਵਧਾਈ



## ਸਾਲ 2024 ਮੁਬਾਰਕ

HAPPY NEW YEAR TO ALL OF YOU




*From:* **Bhupinder Singh Dhaliwal and Raj Dhaliwal**

ਸ਼ਰਧਾਂਜਲੀ

# ਸਿੱਖ ਤੇ ਮਾਰਕਸੀ ਚਿੰਤਕ ਅਤੇ ਸਿਆਸੀ ਸੰਘਰਸ਼ਸ਼ੀਲ ਯੋਧਾ ਸੀ ਗੁਰਬਚਨ ਸਿੰਘ

ਡਾ. ਖੁਸ਼ਹਾਲ ਸਿੰਘ*
ਫੋਨ: +91-9316107093

ਜਲੰਧਰ ਸ਼ਹਿਰ ਦੇ ਸਿੱਖ ਪਰਿਵਾਰ ਵਿੱਚ 4 ਨਵੰਬਰ 1950 ਨੂੰ ਜਨਮੇ ਗੁਰਬਚਨ ਸਿੰਘ ਨੂੰ ਸਿੱਖ ਚਿੰਤਨ ਅਤੇ ਸਿੱਖ ਰਾਜਨੀਤੀ ਦੀ ਚਿਣਗ ਸਕੂਲ ਪੜ੍ਹਦਿਆਂ ਹੀ ਲੱਗ ਗਈ ਸੀ। ਉਨ੍ਹਾਂ ਦੇ ਪਿਤਾ ਅਕਾਲੀ ਦਲ ਦੇ ਸਰਗਰਮ ਵਰਕਰ ਤੇ ਲੀਡਰ ਸਨ, ਜਿਸ ਕਰਕੇ ਪੰਜਾਬੀ ਸੂਬੇ ਦੀ ਜੱਦੋ-ਜਹਿਦ ਸਮੇਂ ਮਾਸਟਰ ਤਾਰਾ ਸਿੰਘ ਦਾ ਉਨ੍ਹਾਂ ਦੇ ਘਰ ਆਉਣਾ-ਜਾਣਾ ਬਣਿਆ ਰਹਿੰਦਾ ਸੀ। ਵਿਦਿਆਰਥੀ ਜੀਵਨ ਸਮੇਂ ਕਈ ਵਾਰ ਗੁਰਬਚਨ ਸਿੰਘ ਆਪਣੇ ਪਿਤਾ ਦੀ ਹਦਾਇਤ 'ਤੇ ਜਲੰਧਰ ਸ਼ਹਿਰ ਵਿੱਚ ਮੋਰਚੇ ਲਈ ਇਕੱਠਾ ਕੀਤਾ ਪਾਰਟੀ ਫੰਡ ਅੰਮ੍ਰਿਤਸਰ ਵਿੱਚ ਮਾਸਟਰ ਜੀ ਕੋਲ ਜਮ੍ਹਾਂ ਕਰਵਾਉਣ ਜਾਂਦਾ ਸੀ।

ਇਉਂ ਗੁਰਬਚਨ ਸਿੰਘ ਨੂੰ ਅਕਾਲੀ ਦਲ ਦੀ ਲਿਖਤੀ ਸਮੱਗਰੀ, ਅਖ਼ਬਾਰ ਪੜ੍ਹਨ ਦੀ ਚੇਟਕ ਸਕੂਲ ਦੇ ਦਿਨਾਂ ਤੋਂ ਹੀ ਲੱਗ ਗਈ ਸੀ। ਇਸੇ ਕਰਕੇ ਉਸ ਨੂੰ ਸਿੱਖ ਫਲਸਫਾ ਤੇ ਸਹਿਤ ਪੜ੍ਹਨ ਅਤੇ ਖੋਜਣ ਦੀ ਰੁਚੀ ਬਚਪਨ ਤੋਂ ਹੀ ਪਨਪਣ ਲੱਗ ਪਈ ਸੀ। ਅਕਾਲੀ ਮੋਰਚੇ ਸਬੰਧੀ ਅਖ਼ਬਾਰਾਂ ਵਿੱਚੋਂ ਖ਼ਬਰਾਂ ਪੜ੍ਹਦਿਆਂ ਗੁਰਬਚਨ ਸਿੰਘ ਅੰਦਰ ਸਿਆਸਤ ਅਤੇ ਪੱਤਰਕਾਰੀ ਵੱਲ ਝੁਕਾਅ ਵਧ ਗਿਆ। ਉਹ ਪੜ੍ਹਾਈ ਬੀ.ਐਸਈ. ਨਾਨ ਮੈਡੀਕਲ, ਐਮ.ਏ. ਪੰਜਾਬੀ ਤੇ ਹਿੰਦੀ ਅਤੇ ਬੀ.ਐੱਡ ਕਰਦਿਆਂ ਹੀ ਅਖ਼ਬਾਰਾਂ ਰਸਾਲਿਆਂ ਵਿੱਚ ਲਿਖਣ ਲੱਗ ਪਿਆ ਸੀ। ਉਹ ਇਨਕਲਾਬੀ ਮੈਗਜ਼ੀਨਾਂ- 'ਜ਼ਫਰਨਾਮਾ' ਤੇ 'ਜੈਕਾਰਾ' ਦੇ ਲੇਖਕ ਮੰਡਲਾਂ ਵਿੱਚ ਜੁੜਿਆ ਰਿਹਾ। ਨਕਸਲੀ ਪੈਗਾਮ ਗਰੁੱਪ ਦੇ ਰਸਾਲੇ 'ਪੈਗਾਮ' ਦਾ ਕਈ ਸਾਲ ਉਹ ਕਰਤਾ-ਧਰਤਾ ਰਿਹਾ। ਉਸ ਪਿੱਛੋਂ ਕਰੀਬ 15 ਸਾਲ ਉਸ ਨੇ 'ਦੇਸ਼ ਪੰਜਾਬ' ਮੈਗਜ਼ੀਨ ਨੂੰ ਬਤੌਰ ਐਡੀਟਰ ਸੰਪਾਦਿਤ ਕੀਤਾ, ਛਪਵਾਇਆ ਅਤੇ ਵੰਡਿਆ। ਗੁਰਬਚਨ ਸਿੰਘ ਨੇ 'ਅੱਜ ਦੀ ਅਵਾਜ਼' ਅਖ਼ਬਾਰ ਦੇ ਸੰਪਾਦਕੀ ਮੰਡਲ ਦੇ ਮੈਂਬਰ ਦੇ ਤੌਰ 'ਤੇ 1990ਵੇਂ ਵਿੱਚ ਕੰਮ ਕੀਤਾ।

ਜਿਵੇਂ 1966 ਵਿੱਚ ਲੰਗੜਾ ਪੰਜਾਬੀ ਸੂਬਾ ਬਣਨ ਤੋਂ ਬਾਅਦ ਉਸ ਸਮੇਂ ਦੇ ਸਿੱਖ ਅਤੇ ਸੰਵੇਦਨਸ਼ੀਲ ਨੌਜਵਾਨ ਚਿੰਤਕਾਂ ਨੂੰ ਭਾਰੀ ਨਿਰਾਸ਼ਾ ਹੋਈ ਸੀ, ਗੁਰਬਚਨ ਸਿੰਘ ਵੀ ਅਜਿਹੀਆਂ ਭਾਵਨਾਵਾਂ ਦੀ ਠੇਸ ਝੱਲਦਿਆਂ ਅਕਾਲੀ ਸਿਆਸਤ ਤੋਂ ਨਿਰਾਸ਼ ਹੋ ਕੇ ਕਿਸੇ ਰਾਜਨੀਤਕ ਬਦਲ ਦੀ ਤਲਾਸ਼ ਵਿੱਚ ਪੈ ਗਿਆ। ਹੋਰਨਾਂ ਸੁਹਿਰਦ ਨੌਜਵਾਨਾਂ ਦੀ ਤਰ੍ਹਾਂ ਉਹ ਵੀ 1967-68 ਵਿੱਚ ਉਭਰ ਰਹੀ ਨਕਸਲਵਾੜੀ ਲਹਿਰ ਵੱਲ ਖਿਚਿਆ ਗਿਆ। ਫਿਰ ਉਹ ਐਫ.ਸੀ.ਆਈ. ਵਿੱਚ ਬਤੌਰ ਕੁਆਲਿਟੀ ਇੰਸਪੈਕਟਰ ਕੰਮ ਕਰਦਿਆਂ ਵੀ ਲਹਿਰ ਦੇ ਕੁਲਵਕਤੀ ਕਾਰਕੁੰਨਾਂ ਵਾਂਗ ਕੰਮ ਕਰਦਾ ਰਿਹਾ। ਨਾਗੀਰੈਡੀ ਨਕਸਲਵਾਦੀ ਪਾਰਟੀ ਦੇ ਹੈੱਡ ਕੁਆਟਰ ਵਿਖੇ ਵੀ ਕੰਮ ਕਰਦਾ ਰਿਹਾ ਅਤੇ ਨਾਲ ਨਾਲ ਇਨਕਲਾਬੀ ਮੈਗਜ਼ੀਨਾਂ ਲਈ ਕੰਮ ਕਰਦਾ ਰਿਹਾ। ਉਹ ਅਣਥੱਕ ਵਰਕਰ ਤੇ ਲਿਖਾਰੀ ਸੀ। ਉਹ ਐਫ.ਸੀ.ਆਈ. ਵਿੱਚ ਪ੍ਰਚੱਲਤ ਭ੍ਰਿਸ਼ਟਾਚਾਰ ਤੋਂ ਪੂਰਨ ਪਾਸਾ ਵੱਟ ਕੇ ਪਾਰਟੀ ਦੇ ਕੰਮਾਂ ਵਿੱਚ ਜੁਟਿਆ ਰਿਹਾ।

ਪਰ ਧਰਮ-ਯੁੱਧ ਮੋਰਚੇ ਸਮੇਂ ਪੰਜਾਬੀ ਕਮਿਊਨਿਸਟ ਜਦੋਂ ਇੰਡੀਆ ਸਟੇਟ ਦੀ ਪੰਜਾਬ ਤੇ ਸਿੱਖ ਵਿਰੋਧੀ ਸਿਆਸਤ ਵੱਲ ਉਲਰ ਗਏ ਤਾਂ ਉਸ ਨੇ ਪ੍ਰਚੱਲਤ ਕਮਿਊਨਿਸਟ ਰਾਜਨੀਤੀ ਤੋਂ ਪਾਸਾ ਵੱਟ ਲਿਆ। ਪੰਜਾਬ ਦੇ ਕਾਮਰੇਡਾਂ ਦੀ ਰਾਸ਼ਟਰਵਾਦੀ ਸਿਆਸਤ ਦਾ ਕੱਟੜ ਵਿਰੋਧੀ ਬਣ ਗਿਆ। ਫਿਰ ਉਹ ਆਪਣੇ ਹਮ-ਖਿਆਲੀ ਗਰੁੱਪ 'ਪੈਗਾਮ' ਨਾਲ ਜੁੜ ਗਿਆ। ਸਾਲ 1980ਵੇਂ ਦੇ ਅਖੀਰ ਵਿੱਚ ਪੈਗਾਮ ਗਰੁੱਪ ਦੇ ਵਹਿ ਜਾਣ ਤੋਂ ਪੰਜਾਬੀ ਕਮਿਊਨਿਸਟਾਂ ਤੋਂ ਬਦਜ਼ਨ ਹੋ ਕੇ ਖੱਬੇ ਪੱਖੀ ਸਿਆਸੀ ਧਿਰਾਂ ਤੋਂ ਕਿਨਾਰਾ ਕਰ ਗਿਆ, ਪਰ ਮਾਰਕਸਵਾਦ ਦਾ ਪੱਲਾ ਉਸ ਨੇ ਸਾਰੀ ਉਮਰ ਨਹੀਂ ਛੱਡਿਆ, ਸਗੋਂ ਉਸਨੇ ਮਾਰਕਸ ਅਤੇ ਸਿੱਖ ਫਲਸਫੇ ਦੀ ਡੂੰਘੀ ਸਾਂਝ ਉੱਤੇ ਨਿੱਠ ਕੇ ਕੰਮ ਕੀਤਾ। ਲੇਖ ਲਿਖੇ, ਕਈ ਕਿਤਾਬਾਂ ਛਾਪੀਆਂ ਅਤੇ ਹਰ ਜਨਤਕ ਸਟੇਜ ਉੱਤੇ ਗੁਰਬਚਨ ਸਿੰਘ ਨੇ ਇਸ ਸਾਂਝ ਨੂੰ ਉਭਾਰਿਆ ਤੇ ਪ੍ਰਚਾਰਿਆ।



ਸਵਰਗੀ ਗੁਰਬਚਨ ਸਿੰਘ

ਕਿਉਂਕਿ ਗੁਰਬਚਨ ਸਿੰਘ ਨੇ ਬਾਬਾ ਸਾਹਿਬ ਡਾ. ਅੰਬੇਦਕਰ ਦੀਆਂ ਲਿਖਤਾਂ ਦਾ ਵੀ ਖ਼ੂਬ ਅਧਿਐਨ ਕੀਤਾ ਸੀ, ਇਸੇ ਕਰਕੇ ਪੈਗਾਮ ਗਰੁੱਪ ਤੋਂ ਬਾਅਦ ਬਹੁਜਨ ਸਮਾਜ ਦੀ ਰਾਜਨੀਤੀ ਦਾ ਤਕਰੀਬਨ ਕੁਲ-ਵਕਤੀ ਕਾਮਾ ਬਣ ਗਿਆ। ਉਸ ਦੀ ਕਾਂਸ਼ੀ ਰਾਮ ਨਾਲ ਵੀ ਇੰਨੀ ਨੇੜਤਾ ਹੋ ਗਈ ਕਿ ਕਾਂਸ਼ੀ ਰਾਮ ਜਲੰਧਰ ਦੀ ਆਪਣੀ ਹਰ ਫੇਰੀ ਸਮੇਂ ਹਰ ਸੰਭਵ ਕੋਸ਼ਿਸ ਕਰਕੇ ਗੁਰਬਚਨ ਸਿੰਘ ਦੇ ਘਰ ਜਾਂਦਾ। ਬਹੁਜਨ ਪਾਰਟੀ ਦੇ ਅਖਬਾਰ ਕੱਢਣ ਲਈ ਕਾਂਸ਼ੀ ਰਾਮ ਨੇ ਗੁਰਬਚਨ ਸਿੰਘ ਨੂੰ ਵੱਡੀ ਰਾਸ਼ੀ ਦੀ ਪੇਸ਼ਕਸ਼ ਵੀ ਕੀਤੀ। ਇਸੇ ਤਰ੍ਹਾਂ ਉਹ ਪੰਜਾਬ ਦੇ ਮਨੁੱਖੀ ਅਧਿਕਾਰਾਂ ਦੇ ਸੰਗਠਨ ਦੇ ਆਗੂ ਪੰਜਾਬ/ਹਰਿਆਣਾ ਹਾਈਕੋਰਟ ਦੇ ਰੀਟਾਇਡ ਜੱਜ ਅਜੀਤ ਸਿੰਘ ਬੈਂਸ ਨਾਲ ਜੁੜ ਕੇ ਦਿਨ ਰਾਤ ਇੱਕ ਕਰ ਦਿੱਤਾ। ਗੁਰਬਚਨ ਸਿੰਘ ਨੇ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਗਏ ਸਿੱਖ ਨੌਜਵਾਨਾਂ ਦੇ ਕੇਸਾਂ ਦੇ ਦਸਤਾਵੇਜ਼ ਇਕੱਠੇ ਕੀਤੇ ਅਤੇ ਛਪਵਾਏ। ਉਸ ਨੇ ਜਸਟਿਸ ਬੈਂਸ ਅਤੇ ਕਾਂਸ਼ੀ ਰਾਮ ਦੀ ਸਿਆਸੀ ਨੇੜਤਾ ਵਧਾਉਣ ਦੇ ਵੀ ਉਪਰਾਲੇ ਕੀਤੇ। ਗੁਰਬਚਨ ਸਿੰਘ ਨੇ 'ਪੰਥਕ ਮੋਰਚੇ' ਦੇ ਆਗੂ ਅਕਾਲ ਤਖ਼ਤ ਦੇ ਜਥੇਦਾਰ ਭਾਈ ਰਣਜੀਤ ਸਿੰਘ ਅਤੇ ਬਾਬਾ ਸਰਬਜੋਤ ਸਿੰਘ ਬੇਦੀ ਨਾਲ ਵੀ ਲੰਬਾ ਸਮਾਂ ਕੰਮ ਕੀਤਾ ਅਤੇ ਮੋਰਚੇ ਦੇ ਪ੍ਰੈਸ ਬਿਆਨ ਤੇ ਹੋਰ ਲਿਖਤਾਂ ਲਿਖਦਾ ਅਤੇ ਜਾਰੀ ਕਰਦਾ ਰਿਹਾ।

ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਫੌਜੀ ਹਮਲੇ ਨੇ ਗੁਰਬਚਨ ਸਿੰਘ ਨੂੰ ਮਾਨਸਿਕ ਤੌਰ 'ਤੇ ਝੰਜੋੜ ਕੇ ਰੱਖ ਦਿੱਤਾ। ਬਾਅਦ ਵਿੱਚ ਉੱਠੀ ਸਿੱਖ ਖਾੜਕੂ ਲਹਿਰ ਦੇ ਲੀਡਰਾਂ ਤੋਂ ਇਲਾਵਾ ਉਹ ਪੱਤਰਕਾਰ ਦਲਬੀਰ ਸਿੰਘ (ਅੰਗਰੇਜ਼ੀ ਟ੍ਰਿਬਿਊਨ), ਜਥੇਦਾਰ ਗੁਰਬਚਨ ਸਿੰਘ ਟੌਹੜਾ ਅਤੇ ਜਸਵੰਤ ਸਿੰਘ ਖਾਲੜਾ ਨਾਲ ਨੇੜੇ ਤੋਂ ਜੁੜਿਆ ਹੋਇਆ ਸੀ। ਕਰਮਸ਼ੀਲ ਯੋਧਾ ਗੁਰਬਚਨ ਸਿੰਘ 1990ਵੇਂ ਵਿੱਚ ਸਵਰਗਵਾਸੀ ਪੱਤਰਕਾਰ ਦਲਬੀਰ ਸਿੰਘ ਵਾਗੂੰ ਉਲਝ ਗਈ ਸਿੱਖ ਖਾੜਕੂ ਲਹਿਰ ਨੂੰ ਸਿਆਸੀ ਸੇਧ ਦੇਣਾ ਚਾਹੁੰਦਾ ਸੀ। ਕਈ ਸਾਲ ਦੋਵੇਂ ਇਕੱਠੇ ਹੋ ਕੇ ਹਰ ਸਿੱਖ ਮਸਲੇ ਉੱਤੇ ਪ੍ਰੈਸ ਕਾਨਫਰੰਸਾਂ ਕਰਕੇ ਆਪਣੇ ਰਾਜਨੀਤਿਕ ਵਿਚਾਰ ਪੇਸ਼ ਕਰਦੇ ਰਹੇ। ਦੋਨੋਂ ਹੀ 'ਖਾਲੜਾ ਮਿਸ਼ਨ' ਦੇ ਸਰਗਰਮ ਸੰਚਾਲਕ ਸਨ। ਦੋਨੋਂ ਹੀ ਅਕਾਲੀ ਦਲ (ਬਾਦਲ) ਦੀ ਰਾਜਨੀਤੀ ਅਤੇ ਉਨ੍ਹਾਂ ਦੀ ਸਰਕਾਰ ਦੇ ਜਨਤਕ ਪੱਧਰ ਉੱਤੇ ਘੋਰ ਵਿਰੋਧੀ ਸਨ, ਪਰ ਦੋਨਾਂ ਦੇ ਸਿੱਖੀ ਦੇ ਸਿਆਸੀ ਟੀਚੇ ਵਿੱਚ ਭਿੰਨਤਾ ਸੀ। ਗੁਰਬਚਨ ਸਿੰਘ ਦੀ ਸਿੱਖ ਰਾਜਨੀਤਿਕ ਸਮਝ ਸਿੱਖਾਂ ਦੇ ਧਰਮ ਆਧਾਰਤ ਖਾਲਸਾਈ ਅਮਲ ਵਾਲੇ ਖਾਲਿਸਤਾਨ ਉੱਤੇ ਜਾ ਰੁਕਦੀ ਸੀ, ਪਰ ਦਲਬੀਰ ਸਿੰਘ 'ਸਮਾਜਿਕ ਨਿਆਂ ਤੇ ਸਮਾਜਿਕ ਬਰਾਬਰੀ' ਉੱਤੇ ਜ਼ੋਰ ਦਿੰਦਾ 'ਬੇਗਮਪੁਰ' ਦੇ ਸੰਕਲਪ ਉੱਤੇ ਅੱਪੜ ਜਾਂਦਾ ਸੀ।

ਗੁਰਬਚਨ ਸਿੰਘ 2017-18 ਵਿੱਚ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਚੰਡੀਗੜ੍ਹ ਦੀਆਂ ਗਤੀਵਿਧੀਆਂ ਨਾਲ ਜੁੜ ਗਿਆ। ਉਹ ਸਿੰਘ ਸਭਾ ਦੀ ਪੱਤ੍ਰਿਕਾ ਦਾ ਕਈ ਸਾਲ ਐਡੀਟਰ ਰਿਹਾ। ਉਸ ਨੇ ਸਿੰਘ ਸਭਾ ਵੱਲੋਂ ਸਿੱਖ ਫਲਸਫੇ ਅਤੇ ਇਤਿਹਾਸ ਦੀ ਕਈ ਭੁੱਲੀਆਂ-ਵਿਸਰੀਆਂ ਕਿਤਾਬਾਂ ਨੂੰ ਛਪਵਾਇਆ। ਉਸ ਨੇ ਪਿਛਲੇ ਚਾਰ ਦਹਾਕਿਆਂ ਵਿੱਚ ਘੱਟੋ-ਘੱਟ 50 ਅਣਗੌਲੇ ਜਾਂ ਮਰ ਚੁੱਕੇ ਲੇਖਕਾਂ ਦੇ ਖਰੜਿਆਂ ਨੂੰ ਇਕੱਠਾ ਕਰਕੇ ਆਪਣੇ ਪੱਧਰ ਉੱਤੇ ਹੀ ਪੁਸਤਕਾਂ ਦਾ ਰੂਪ ਦਿੱਤਾ।

ਗੁਰਬਚਨ ਸਿੰਘ ਨੇ ਆਪਣੀ ਸਾਰੀ ਉਮਰ ਸਾਦਾ ਅਤੇ ਮਿਹਨਤੀ ਵਿਅਕਤੀ ਦੇ ਤੌਰ ਉੱਤੇ ਨਿਭਾਈ। ਉਸ ਦੇ ਘਰ ਪਰਿਵਾਰ ਦੀਆਂ ਜ਼ਿਆਦਾ ਜ਼ਿੰਮੇਵਾਰੀਆਂ ਉਸ ਦੀ ਸੁਪਤਨੀ ਮਨਜੀਤ ਕੌਰ ਨੇ ਹੀ ਕੀਤੀਆਂ।

ਸਮਾਜ ਦੀ ਬਿਹਤਰੀ ਨੂੰ ਸਮਰਪਿਤ ਗੁਰਬਚਨ ਸਿੰਘ ਪੱਛਮੀ ਸਭਿਆਚਾਰ, ਵਿਅਕਤੀਵਾਦ ਵਿੱਚ ਪੱਛਮੀ ਸਮਾਜ ਅਤੇ ਆਰਥਿਕ ਮਾਡਲ ਦਾ ਘੋਰ ਵਿਰੋਧੀ ਅਤੇ ਨਿੰਦਕ ਰਿਹਾ, ਜਿਸ ਨੂੰ ਉਹ ਸਾਮਰਾਜ ਵਿਵਸਥਾ ਅਧੀਨ ਚਲ ਰਿਹਾ ਅਣਮਨੁੱਖੀ, ਗ਼ੈਰ-ਮਾਨਵਵਾਦੀ ਅਤੇ ਹੈਵਾਨੀਅਤ ਭਰਿਆ ਪਦਾਰਥਵਾਦੀ ਸਮਾਜ ਕਹਿੰਦਾ ਹੁੰਦਾ ਸੀ। ਕੈਨੇਡਾ, ਅਮਰੀਕਾ ਤੇ ਆਸਟ੍ਰੇਲੀਆ ਦੀਆਂ ਕਈ ਫੇਰੀਆਂ ਨੇ ਸਗੋਂ ਗੁਰਬਚਨ ਸਿੰਘ ਦੇ ਪੱਛਮੀ ਸਭਿਅਤਾ ਵਿਰੋਧੀ ਵਿਚਾਰਾਂ ਨੂੰ ਹੋਰ ਪਰਪੱਕ ਕਰ ਦਿੱਤਾ ਸੀ; ਪਰ ਇਹ ਅਜੀਬ ਮਨੁੱਖੀ ਵਿਡੰਬਨਾ ਹੈ ਕਿ ਗੁਰਬਚਨ ਸਿੰਘ ਦੇ ਦੋਨੋਂ ਪੁੱਤਰ ਵਿਦੇਸ਼ਾਂ ਵਿੱਚ ਰਹਿ ਰਹੇ ਹਨ। ਉਸ ਦਾ ਵੱਡਾ ਪੁੱਤਰ ਜਗਮੀਤ ਸਿੰਘ ਕੈਨੇਡਾ ਵਿੱਚ ਅਤੇ ਛੋਟਾ ਕੰਵਲਪ੍ਰੀਤ ਸਿੰਘ ਆਸਟ੍ਰੇਲੀਆ ਵਿੱਚ ਰਹਿ ਰਿਹਾ ਹੈ। ਗੁਰਬਚਨ ਸਿੰਘ ਅਤੇ ਉਸ ਦੀ ਸੁਪਤਨੀ- ਦੋਨੋਂ ਹੀ ਆਪਣੇ ਪੁਸਤੈਨੀ ਘਰ ਸ਼ਕਤੀ ਨਗਰ ਜਲੰਧਰ ਵਿੱਚ ਰਹਿ ਰਹੇ ਸਨ।

ਇੰਨੇ ਵੱਡੇ ਕਲਮ ਦੇ ਧਨੀ, ਨਿਰਸਵਾਰਥ, ਸਮਾਜ ਸੇਵਕ ਅਤੇ ਸਮਾਜ ਦੀ ਆਰਥਿਕਤਾ ਅਤੇ ਰਾਜਨੀਤਿਕ ਬਿਹਤਰੀ ਲਈ ਨਿਰੰਤਰ ਕੰਮ ਕਰਨ ਵਾਲੇ ਕੁਲ-ਵਕਤੀ ਯੋਧਾ ਗੁਰਬਚਨ ਸਿੰਘ ਨੂੰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਸ਼ਰਧਾਂਜਲੀ ਭੇਟ ਕਰਦੀ ਹੈ।

---

*ਜਨਰਲ ਸਕੱਤਰ
ਕੇਂਦਰੀ ਸ੍ਰੀ ਗੁਰੂ ਸਿੰਘ ਸਭਾ
ਪਲਾਟ ਨੰ. 1, ਸੈਕਟਰ 28-ਏ, ਚੰਡੀਗੜ੍ਹ।

ਮਸਲੇ

# ਹਰ ਸਾਲ ਸੱਤ ਲੱਖ ਭਾਰਤੀ ਲਾਉਂਦੇ ਹਨ 'ਡੰਕੀ'

ਕਮਲਜੀਤ ਸਿੰਘ ਬਨਵੈਤ
ਫੋਨ: +91-9814734035

ਭਾਰਤ ਵਿੱਚੋਂ 'ਡੰਕੀ' ਰਸਤੇ ਪਰਵਾਸ ਰੋਕਣ ਅਤੇ ਨੌਜਵਾਨਾਂ ਨੂੰ ਆਪਣੇ ਮੁਲਕ ਵਿੱਚ ਟਿਕੇ ਰਹਿਣ ਦੇ ਮੌਕੇ ਪ੍ਰਦਾਨ ਕਰਨ ਵਿੱਚ ਕੇਂਦਰ ਦੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਫਿੱਕੀ ਰਹੀ ਹੈ। ਭਾਰਤ ਸਰਕਾਰ, ਵਿਸ਼ੇਸ਼ ਕਰਕੇ ਪੰਜਾਬ ਨੇ ਫਾਈਲਾਂ ਵਿੱਚ ਲੋਕਾਂ ਦਾ ਢਿੱਡ ਭਰਨ ਲਈ ਕਈ ਸਕੀਮਾਂ ਸ਼ੁਰੂ ਕੀਤੀਆਂ ਹਨ। ਲੋਕਾਂ ਨੂੰ ਸਬਸਿਡੀਆਂ ਅਤੇ ਗਾਰੰਟੀਆਂ ਦੇ ਨਾਂ 'ਤੇ ਪਰੋਸਿਆ ਜਾ ਰਿਹਾ ਹੈ। ਪੰਜਾਬ ਦਾ ਐਨ.ਆਰ.ਆਈ. ਮੰਤਰਾਲਾ ਬਗੈਰ ਦੰਦਾਂ ਤੋਂ ਚਿੱਟਾ ਹਾਥੀ ਬਣ ਕੇ ਰਹਿ ਗਿਆ ਹੈ। ਭਾਰਤ ਸਰਕਾਰ ਨੇ 2022 ਤੱਕ ਪੰਜ ਸੌ ਮਿਲੀਅਨ ਲੋਕਾਂ ਨੂੰ ਵਿਦੇਸ਼ ਭੇਜਣ ਦਾ ਟੀਚਾ ਮਿਥਿਆ ਸੀ ਤਾਂ ਜੋ ਗੈਰ-ਕਾਨੂੰਨੀ ਪਰਵਾਸ ਨੂੰ ਨੱਥ ਪਾਈ ਜਾ ਸਕੇ। ਬਾਵਜੂਦ ਇਸ ਦੇ ਹਰ ਰੋਜ਼ 2000 ਦੇ ਕਰੀਬ ਭਾਰਤੀ ਗੈਰ-ਕਾਨੂੰਨੀ ਤੌਰ 'ਤੇ ਜਹਾਜ਼ ਚੜ੍ਹ ਰਹੇ ਹਨ।

ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫਾਰ ਮਾਈਗਰੇਸ਼ਨ ਨੇ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਸਮੇਤ ਦੂਜੇ ਮੁਲਕਾਂ ਵਿੱਚ ਜਾ ਕੇ ਵੱਸਣ ਦੀ ਇੱਛਾ ਰੱਖਣ ਵਾਲੇ ਲੋਕਾਂ ਦੀ ਪੋਲ ਖੋਲ੍ਹ ਦਿੱਤੀ ਹੈ। ਵਿਦੇਸ਼ ਦਾ ਸੁਪਨਾ ਪੂਰਾ ਕਰਨ ਲਈ ਹਰ ਰੋਜ਼ 1986 ਭਾਰਤੀ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਸਮੇਤ ਹੋਰ ਮੁਲਕਾਂ ਲਈ ਜਹਾਜ਼ ਚੜ੍ਹਦੇ ਹਨ। ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫਾਰ ਮਾਈਗਰੇਸ਼ਨ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ ਹਰ ਸਾਲ 7 ਲੱਖ 25 ਹਜ਼ਾਰ ਭਾਰਤੀ ਗੈਰ-ਕਾਨੂੰਨੀ ਤੌਰ 'ਤੇ ਪਰਵਾਸ ਕਰਦੇ ਹਨ। ਇਨ੍ਹਾਂ ਵਿੱਚੋਂ ਵੱਡੀ ਗਿਣਤੀ ਭਾਰਤੀਆਂ ਦੀ ਪਹਿਲੀ ਪਸੰਦ ਅਮਰੀਕਾ ਹੈ। ਇਸ ਨੂੰ ਏਜੰਟਾਂ ਦੀ ਭਾਸ਼ਾ ਵਿੱਚ 'ਡੰਕੀ ਰੂਟ' ਦਾ ਨਾਂ ਦਿੱਤਾ ਗਿਆ ਹੈ।

ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫਾਰ ਮਾਈਗਰੇਸ਼ਨ ਨੇ ਬੜੇ ਦੁਖਦਾਈ ਅੰਕੜੇ ਸਾਂਝੇ ਕੀਤੇ ਹਨ ਕਿ ਸਾਲ 2014 ਤੋਂ ਲੈ ਕੇ ਪਿਛਲੇ ਸਾਲ ਦੇ ਅੰਤ ਤੱਕ ਗੈਰ-ਕਾਨੂੰਨੀ ਤੌਰ 'ਤੇ ਦੂਜੇ ਦੇਸ਼ਾਂ ਵਿੱਚ ਪਰਵੇਸ਼ ਕਰਦੇ 50 ਹਜ਼ਾਰ ਭਾਰਤੀ ਮਾਰੇ ਗਏ ਹਨ ਜਾਂ ਲਾਪਤਾ ਹੋ ਗਏ ਹਨ। ਅਮਰੀਕਾ ਪੁੱਜਣ ਲਈ ਭਾਰਤੀਆਂ ਨੂੰ ਕਈ ਦੇਸ਼ਾਂ ਵਿੱਚੋਂ ਦੀ ਹੋ ਕੇ ਲੰਘਣਾ ਪੈਂਦਾ ਹੈ। ਦਿੱਲੀ ਤੋਂ ਅਮਰੀਕਾ ਦੀ ਦੂਰੀ ਕਰੀਬ 14 ਹਜ਼ਾਰ ਕਿਲੋਮੀਟਰ ਦੱਸੀ ਗਈ ਹੈ। ਇਸ ਵਿੱਚ ਡੰਕੀ ਰੂਟ ਦਾ 4600 ਕਿਲੋਮੀਟਰ ਰਸਤਾ ਵੀ ਸ਼ਾਮਿਲ ਹੈ।

ਰਿਪੋਰਟ ਅਨੁਸਾਰ ਅਮਰੀਕਾ ਵਿੱਚ ਦਾਖਲ ਹੋਣ ਦੇ ਇੱਛੁਕ ਭਾਰਤੀਆਂ ਨੂੰ ਸਭ ਤੋਂ ਪਹਿਲਾਂ ਲਾਤੀਨੀ ਅਮਰੀਕਾ ਦੇ ਦੇਸ਼ ਇਕਵਾਡੋਰ ਲਿਜਾਇਆ ਜਾਂਦਾ ਹੈ। ਉਥੋਂ ਦਾ ਵੀਜ਼ਾ ਏਅਰਪੋਰਟ 'ਤੇ ਮਿਲ ਜਾਂਦਾ ਹੈ, ਜਿਸ ਕਰਕੇ ਕੋਈ ਦਿੱਕਤ ਨਹੀਂ ਆਉਂਦੀ। ਇਕਵਾਡੋਰ ਤੋਂ ਬਾਅਦ ਸਭ ਤੋਂ ਪਹਿਲਾਂ ਕੋਲੰਬੀਆ ਪਹੁੰਚਣਾ ਹੁੰਦਾ ਹੈ। ਇਹ ਰਸਤਾ ਸਮੁੰਦਰ ਰਾਹੀਂ ਤੈਅ ਕਰਨ ਲਈ ਕਿਹਾ ਜਾਂਦਾ ਹੈ। ਕੋਲੰਬੀਆ ਤੋਂ ਅਗਲਾ ਸੁਰੱਖਿਅਤ ਪੜਾਅ ਪਨਾਮਾ ਹੁੰਦਾ ਹੈ, ਜਿੱਥੋਂ ਜੰਗਲ ਰਾਹੀਂ ਪੈਦਲ ਚੱਲ ਕੇ ਨਿਕਾਰਾਗੂਆ ਰਾਹੀਂ ਮੈਕਸੀਕੋ ਪੁੱਜਦੇ ਹਨ। ਅਮਰੀਕਾ ਅਤੇ ਮੈਕਸੀਕੋ ਦੀ ਸਰਹੱਦ 3100 ਕਿਲੋਮੀਟਰ ਲੰਮੀ ਹੈ, ਉਥੋਂ ਦੇ ਵੱਡੇ ਹਿੱਸੇ ਵਿੱਚ ਕੰਧ ਬਣੀ ਹੋਈ ਹੈ। ਕੰਧ ਟੱਪ ਕੇ ਅਮਰੀਕਾ ਵਿੱਚ ਦਾਖਲ ਕਰਵਾਇਆ ਜਾਂਦਾ ਹੈ। ਜਿਹੜੇ ਕੰਧ ਪਾਰ ਨਹੀਂ ਕਰ ਸਕਦੇ, ਉਹ ਰੀਓ ਨਦੀ ਦਾ ਰਸਤਾ ਚੁਣਦੇ ਹਨ।

ਅਮਰੀਕਾ ਪੁੱਜ ਕੇ ਜ਼ਿਆਦਾਤਰ ਲੋਕ ਸਿਆਸੀ ਸ਼ਰਨ ਲੈਂਦੇ ਹਨ। ਕਈ ਭਾਰਤੀ ਹਾਲੇ ਵੀ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿੰਦੇ ਹਨ, ਜਿਨ੍ਹਾਂ ਵਿੱਚੋਂ ਹਰ ਸਾਲ ਹਜ਼ਾਰਾਂ ਪੁਲਿਸ ਦੇ ਹੱਥ ਲੱਗ ਜਾਂਦੇ ਹਨ। ਅਮਰੀਕਾ ਦੀ



ਪੁਲਿਸ ਨੇ ਸਾਲ 2018 ਦੌਰਾਨ 8029 ਅਤੇ 2019 ਦੌਰਾਨ 19,837 ਭਾਰਤੀਆਂ ਨੂੰ ਇੰਡੀਆ ਡਿਪੋਰਟ ਕੀਤਾ ਸੀ। ਸਾਲ 2020 ਵਿੱਚ ਇਹ ਗਿਣਤੀ 30,662 ਅਤੇ 2021 ਨੂੰ 63,927 ਨੂੰ ਪੁੱਜ ਗਈ ਸੀ। ਸਾਲ 2022 ਦੌਰਾਨ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿੰਦੇ 96,917 ਭਾਰਤੀਆਂ ਨੂੰ ਅਮਰੀਕਾ ਦੀ ਪੁਲਿਸ ਨੇ ਫੜ ਲਿਆ ਸੀ।

ਅਮਰੀਕਾ ਤੋਂ ਬਾਅਦ ਗੈਰ-ਕਾਨੂੰਨੀ ਤੌਰ 'ਤੇ ਇੰਗਲੈਂਡ ਅਤੇ ਕੈਨੇਡਾ ਲਈ ਡੰਕੀ ਲਾਈ ਜਾਂਦੀ ਹੈ। ਕੈਨੇਡਾ ਵਿੱਚ ਸਟੱਡੀ ਵੀਜ਼ਾ, ਵਰਕ ਪਰਮਿਟ ਅਤੇ ਪੀ.ਆਰ. ਦੇ ਸਹਾਰੇ ਜਾਣ ਵਾਲਿਆਂ ਦੀ ਗਿਣਤੀ ਕਾਫੀ ਹੈ। ਪੰਜਾਬ ਵਿੱਚ ਸਾਲ 2023 ਦੌਰਾਨ 10 ਲੱਖ ਦੇ ਕਰੀਬ ਪਾਸਪੋਰਟ ਬਣੇ ਹਨ। ਇਸੇ ਤਰ੍ਹਾਂ ਪੌਣੇ ਚਾਰ ਹਜ਼ਾਰ ਦੇ ਕਰੀਬ ਵਿਦਿਆਰਥੀਆਂ ਨੇ ਵੱਖ-ਵੱਖ ਬੈਂਕਾਂ ਤੋਂ 3 ਹਜ਼ਾਰ ਕਰੋੜ ਦਾ ਸਟੱਡੀ ਲੋਨ ਲਿਆ ਹੈ, ਜਿਨ੍ਹਾਂ ਵਿੱਚੋਂ ਲੜਕੀਆਂ ਦੀ ਗਿਣਤੀ 13,747 ਦੱਸੀ ਗਈ ਹੈ। ਇੱਕ ਹੋਰ ਜਾਣਕਾਰੀ ਅਨੁਸਾਰ ਅਮਰੀਕਾ ਵਿੱਚ ਪੰਜ ਕਰੋੜ ਦੋ ਲੱਖ ਵਿਦੇਸ਼ੀ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ।

ਪੌਂਡਾਂ ਅਤੇ ਡਾਲਰਾਂ ਦੀ ਚਮਕ-ਦਮਕ ਨੇ ਪੰਜਾਬੀਆਂ ਨੂੰ ਆਪਣੇ ਵੱਲ ਖਿੱਚਿਆ ਹੈ। ਉਥੇ ਜਾ ਕੇ ਉਨ੍ਹਾਂ ਨੂੰ ਹੱਡ-ਭੰਨਵੀਂ ਮਿਹਨਤ ਕਰਨੀ ਪੈਂਦੀ ਹੈ। ਪਹਿਲਾਂ ਪਹਿਲ ਪੈਸੇ ਕਮਾ ਕੇ ਘਰਾਂ ਨੂੰ ਪਰਤ ਜਾਣ ਦਾ ਮਕਸਦ ਰਿਹਾ ਹੈ, ਪਰ ਹੁਣ ਉਥੇ ਪੱਕੇ ਤੌਰ 'ਤੇ ਰਹਿਣ ਨੂੰ ਪਹਿਲ ਦੇਣ ਲੱਗੇ ਹਨ। ਬਿਨਾ ਸ਼ੱਕ ਪੰਜਾਬੀਆਂ ਨੇ ਕਈ ਮੁਲਕਾਂ ਦੀਆਂ ਸਰਕਾਰਾਂ ਵਿੱਚ ਹਿੱਸੇਦਾਰੀ ਪਾ ਲਈ ਹੈ, ਪਰ ਇਸ ਸੱਚ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਦਾ ਦਿਲ ਆਪਣੀ ਧਰਤੀ ਤੇ ਆਪਣੇ ਅਸਲ ਨੂੰ ਤਰਸਦਾ ਹੈ। ਵਿਦੇਸ਼ਾਂ ਵਿੱਚ ਬੈਠੇ ਭਾਰਤੀ ਵਿਸ਼ੇਸ਼ ਕਰਕੇ ਪੰਜਾਬੀ ਆਪਣੀ ਮਾਂ ਧਰਤੀ ਨੂੰ ਝੂਰਦੇ ਹਨ। ਜੇ ਨੌਜਵਾਨਾਂ ਨੂੰ ਆਪਣੀ ਧਰਤੀ 'ਤੇ ਰੁਜ਼ਗਾਰ ਅਤੇ ਚੈਨ ਨਾਲ ਰਹਿਣ ਦਾ ਮੌਕਾ ਦਿੱਤਾ ਹੁੰਦਾ ਤਾਂ ਸ਼ਾਇਦ ਆਪਣੀ ਜਾਨ ਖਤਰੇ ਵਿੱਚ ਪਾ ਕੇ ਪਰਵਾਸ ਦਾ ਸੁਪਨਾ ਇੰਨੀ ਵੱਡੀ ਪੱਧਰ 'ਤੇ ਨਾ ਦੇਖਦੇ!

## ‘ਚਾਰ ਮੂਏ ਤੋ ਕਿਆ ਹੁਆ ਜੀਵਿਤ ਕਈ ਹਜਾਰ॥’ ਆਖ ਕੇ ਸਰਬੰਸ ਵਾਰਨ ਵਾਲੇ ਖਾਲਸਾ ਪੰਥ ਦੇ ਬਾਨੀ ਦਸ਼ਮੇਸ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸੰਗਤਾਂ ਨੂੰ

# ਲੱਖ-ਲੱਖ ਵਧਾਈ ਹੋਵੇ

## ਨਵੇਂ ਸਾਲ 2024 ਦੇ ਸ਼ੁਭ ਮੌਕੇ ’ਤੇ ਸਮੁੱਚੀ ਲੋਕਾਈ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ੁਭਕਾਮਨਾਵਾਂ




ਸ਼ਿਕਾਗੋ ਦੀ ਸਬਰਬ ਪੈਲਾਟਾਈਨ ਵਿੱਚ ਐੱਚ. ਐੱਸ. ਕਲਚਰਲ ਆਰਗੇਨਾਈਜੇਸ਼ਨ ਵੱਲੋਂ ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਸਮਾਗਮ ਵਿੱਚ ਸ. ਦਰਸ਼ਨ ਸਿੰਘ ਪੰਮਾਂ ਅਤੇ ਬੀਬੀ ਜਸਵਿੰਦਰ ਕੌਰ ਪੰਮਾਂ ਨੇ ਆਪਣੇ ਪੋਤਰਿਆਂ- ਜੋਵਨ ਸਿੰਘ ਪੰਮਾਂ, ਅਰਜਣ ਸਿੰਘ ਪੰਮਾਂ ਤੇ ਕਵਨ ਸਿੰਘ ਪੰਮਾਂ ਨਾਲ ਵਧ-ਚੜ੍ਹ ਕੇ ਹਿੱਸਾ ਲਿਆ। ਬੱਚੇ ਪੂਰੇ ਸਿੱਖੀ ਬਾਣੇ ਵਿੱਚ ਸੱਜ-ਧੱਜ ਕੇ ਪਹੁੰਚੇ ਹੋਏ ਸਨ ਅਤੇ ਪੇਸ਼ਕਾਰੀ ਰਾਹੀਂ ਸਾਹਿਬਜ਼ਾਦਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

**ਵੱਲੋਂ: ਸ. ਦਰਸ਼ਨ ਸਿੰਘ ਪੰਮਾਂ ਅਤੇ ਸਮੂਹ ਪਰਿਵਾਰ (ਸ਼ਿਕਾਗੋ)**
**ਫੋਨ: 847-561-7101**

# PCO Milwaukee, WI

## ਖਾਲਸਾ ਪੰਥ ਦੇ ਬਾਨੀ, ਸਰਬੰਸ ਦਾਨੀ, ਪੰਥ ਦੇ ਵਾਲੀ

## ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ

## ਪ੍ਰਕਾਸ਼ ਦਿਹਾੜੇ ਦੀ ਸਮੂਹ ਭਾਈਚਾਰੇ ਨੂੰ

# ਲੱਖ ਲੱਖ ਵਧਾਈ ਹੋਵੇ

## ਸਭ ਨੂੰ ਸਾਲ 2024 ਮੁਬਾਰਕ




ਇਸ ਸ਼ੁਭ ਦਿਹਾੜੇ 'ਤੇ ਅਸੀਂ ਕੁਲ ਲੋਕਾਈ ਨੂੰ ਬਹੁਤ ਬਹੁਤ ਮੁਬਾਰਕਬਾਦ ਦਿੰਦਿਆਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸਾਲ 2024 ਸਾਰਿਆਂ ਲਈ ਭਾਗਾਂ ਭਰਿਆ ਹੋਵੇ ਅਤੇ ਸੰਸਾਰ-ਸ਼ਾਂਤੀ ਲਈ ਮਸੀਹਾ ਬਣ ਕੇ ਆਵੇ।

**PCO Members**



| | | | | |
|---|---|---|---|---|
| Kulwant Singh Dhillon<br>414-248-2792 | Satwinder Singh Pompi<br>414-406-9016 | Pavanjit Singh Hothi<br>414-333-2902 | Harvinder Singh Lally Sidhu<br>414-788-9813 | Gurpreet Singh Bratty Gill<br>414-334-0047 |

## ਪੰਜਾਬੀ ਕਮਿਊਨਿਟੀ ਆਰਗੇਨਾਈਜੇਸ਼ਨ ਮਿਲਵਾਕੀ (ਵਿਸਕਾਨਸਿਨ)

# ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ (ਓਹਾਇਓ)

# Sher-E-Punjab

## Sports & Cultural Society Cincinnati (OHIO)

ਪ੍ਰਬੰਧਕੀ ਟੀਮ ਵੱਲੋਂ ਸਮੂਹ ਸੰਗਤਾਂ, ਖੇਡ ਪ੍ਰੇਮੀਆਂ ਅਤੇ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ

## ਖਾਲਸਾ ਪੰਥ ਦੇ ਬਾਨੀ ਕਲਗੀਧਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ ਹੋਵੇ

## ਨਵੇਂ ਸਾਲ 2024 ਲਈ ਦਿਲੀ ਸ਼ੁਭ ਕਾਮਨਾਵਾਂ

ਸ਼ਾਲਾ ! ਨਵਾਂ ਵਰ੍ਹਾ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੇ ਹੋਰ ਵਧਣ-ਫੁਲਣ ਲਈ ਸੁਭਾਗਾ ਹੋਵੇ।
ਆਓ ! ਸਾਰੇ ਇਸ ਖੇਡ ਨੂੰ ਹੋਰ ਵਧੇਰੇ ਪ੍ਰਫੁਲਿਤ ਕਰਨ ਲਈ ਰਲ-ਮਿਲ ਕੇ ਨਵੇਂ ਉਤਸ਼ਾਹ ਨਾਲ ਕੰਮ ਕਰੀਏ।

ਸ਼ੇਰ-ਏ-ਪੰਜਾਬ ਖੇਡ ਮੇਲਿਆਂ ਦੇ ਸਮੂਹ ਸਪਾਂਸਰਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ



Charanjit Singh Brar | Amrik Singh Tiwana | Harvinder Walia | Harinder Singh Kang | Gurpreet Singh Gill | Gurminder Sandhu | Palwinder Dhillon | Jaswant Singh Jassi | Vineet Gupta



Surjeet Singh Mavi | Amarjit Aggarwal | Pritampaul Singh | Paramjit Singh Garcha | Happy Matot | Narinder Pal Tatla | Gurnek Singh | Harvinder Kang Binda | Happy Mundi



Surinder Cheema | Sukhdev Singh Garcha | Surmukh Singh Kang | Pamma Dhilwan | Simranjit Malhi | Raj Sandhu | Surinder Pal | Guru Dharni | Goldi Mundi

**For More Information, Please contact at:**

Sherepunjabsociety@gmail.com or www.sherepunjabcincy.com

# ਪਾਕਿਸਤਾਨ ਅਥਲੈਟਿਕਸ ਦਾ ਸ਼ਾਹ ਅਸਵਾਰ ਅਰਸ਼ਦ ਨਦੀਮ

**ਖਿਡਾਰੀ ਪੰਜ-ਆਬ ਦੇ (8)**

ਨਵਦੀਪ ਸਿੰਘ ਗਿੱਲ
ਫੋਨ: +91-9780036216




**ਖਿਡਾਰੀ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦੇ ਹਨ। ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫੇਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਲੜੀਵਾਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ 'ਪਰਾਈਡ ਆਫ਼ ਪ੍ਰਫਾਰਮੈਂਸ' ਐਵਾਰਡ ਪ੍ਰਾਪਤ ਅਰਸ਼ਦ ਨਦੀਮ ਦੀਆਂ ਪ੍ਰਾਪਤੀਆਂ ਦਾ ਹਵਾਲਾ ਹੈ ਕਿ ਉਸ ਨੇ ਆਪਣਾ ਹੀ ਪ੍ਰਦਰਸ਼ਨ ਲਗਾਤਾਰ ਸੁਧਾਰਦਿਆਂ ਤਿੰਨ ਵਾਰ ਨੈਸ਼ਨਲ ਰਿਕਾਰਡ ਬਣਾਇਆ। ਨਦੀਮ 90 ਮੀਟਰ ਤੋਂ ਵੱਧ ਜੈਵਲਿਨ ਸੁੱਟਣ ਵਾਲਾ ਪਹਿਲਾ ਦੱਖਣ ਏਸ਼ਿਆਈ ਅਥਲੀਟ ਹੈ।**

ਅਰਸ਼ਦ ਨਦੀਮ ਪਾਕਿਸਤਾਨ ਅਥਲੈਟਿਕਸ ਦਾ ਸ਼ਾਹ ਅਸਵਾਰ ਅਥਲੀਟ ਹੈ। ਉਸ ਜਿੰਨੀਆਂ ਪ੍ਰਾਪਤੀਆਂ ਹੋਰ ਕਿਸੇ ਪਾਕਿਸਤਾਨੀ ਅਥਲੀਟ ਦੇ ਹਿੱਸੇ ਨਹੀਂ ਆਈਆਂ। ਨਦੀਮ ਦੱਖਣੀ ਏਸ਼ੀਆ ਦਾ ਇਕਲੌਤਾ ਜੈਵਲਿਨ ਥਰੋਅਰ ਹੈ, ਜਿਸ ਨੇ 90 ਮੀਟਰ ਤੋਂ ਵੱਧ ਜੈਵਲਿਨ ਸੁੱਟੀ ਹੈ। ਬੁਢਾਪੇਸਟ ਵਿਖੇ 2023 ਵਿੱਚ ਹੋਈ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਮਗ਼ਾ ਜਿੱਤਣ ਵਾਲਾ ਨਦੀਮ ਪਾਕਿਸਤਾਨ ਦਾ ਇਕਲੌਤਾ ਅਥਲੀਟ ਹੈ, ਜਿਸ ਨੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਕੋਈ ਤਮਗ਼ਾ ਜਿੱਤਿਆ ਹੈ। 2021 ਵਿੱਚ ਟੋਕੀਓ ਓਲੰਪਿਕ ਖੇਡਾਂ ਵਿੱਚ ਪੰਜਵੇਂ ਸਥਾਨ ਉਤੇ ਆਉਣ ਵਾਲਾ ਨਦੀਮ ਪਾਕਿਸਤਾਨ ਦਾ ਪਹਿਲਾ ਅਥਲੀਟ ਹੈ, ਜਿਸ ਨੇ ਕਿਸੇ ਵੀ ਟਰੈਕ ਜਾਂ ਫੀਲਡ ਈਵੈਂਟ ਵਿੱਚ ਓਲੰਪਿਕਸ ਦੇ ਫ਼ਾਈਨਲ ਲਈ ਕੁਆਲੀਫਾਈ ਕੀਤਾ ਹੋਵੇ। 2022 ਵਿੱਚ ਬਰਮਿੰਘਮ ਕਾਮਨਵੈਲਥ ਗੇਮਜ਼ ਵਿੱਚ ਨਵੇਂ ਗੇਮਜ਼ ਤੇ ਕੌਮੀ ਰਿਕਾਰਡ ਨਾਲ ਸੋਨ ਤਮਗ਼ਾ ਜਿੱਤਣ ਵਾਲਾ ਨਦੀਮ 60 ਵਰ੍ਹਿਆਂ ਬਾਅਦ ਕਾਮਨਵੈਲਥ ਗੇਮਜ਼ ਵਿੱਚ ਸੋਨ ਤਮਗ਼ਾ ਜਿੱਤਣ ਵਾਲਾ ਪਾਕਿਸਤਾਨ ਦਾ ਪਹਿਲਾ ਅਥਲੀਟ ਹੈ। ਪਾਕਿਸਤਾਨ ਨੇ ਅਥਲੈਟਿਕਸ ਖੇਡ ਨੂੰ ਅਬਦੁਲ ਖਾਲਿਕ ਤੇ ਗੁਲਾਮ ਰਜ਼ੀਕ ਜਿਹੇ ਅਥਲੀਟ ਦਿੱਤੇ ਹਨ, ਪਰ ਅਰਸ਼ਦ ਨਦੀਮ ਨੇ ਏਸ਼ੀਅਨ ਤੇ ਕਾਮਨਵੈਲਥ ਗੇਮਜ਼ ਤੋਂ ਅਗਾਂਹ ਵਿਸ਼ਵ ਪੱਧਰ ਉਤੇ ਨਾਮਣਾ ਖੱਟਿਆ ਹੈ।

26 ਵਰ੍ਹਿਆਂ ਦੇ ਨਦੀਮ ਨੇ ਆਪਣੇ ਸੱਤ ਸਾਲ ਦੇ ਛੋਟੇ ਜਿਹੇ ਖੇਡ ਕਰੀਅਰ ਵਿੱਚ ਵਿਸ਼ਵ ਚੈਂਪੀਅਨਸ਼ਿਪ ਵਿੱਚ ਚਾਂਦੀ, ਕਾਮਨਵੈਲਥ ਗੇਮਜ਼ ਵਿੱਚ ਸੋਨੇ, ਏਸ਼ੀਅਨ ਗੇਮਜ਼ ਵਿੱਚ ਕਾਂਸੀ, ਇਸਲਾਮਿਕ ਸੌਲੀਡੈਰਿਟੀ ਗੇਮਜ਼ ਵਿੱਚ ਇੱਕ ਸੋਨੇ ਤੇ ਇੱਕ ਕਾਂਸੀ, ਸੈਫ ਗੇਮਜ਼ ਵਿੱਚ ਇੱਕ ਸੋਨੇ ਤੇ ਇੱਕ ਕਾਂਸੀ, ਇਮਾਮ ਰੀਜ਼ਾ ਕੱਪ ਵਿੱਚ ਸੋਨੇ ਅਤੇ ਏਸ਼ੀਅਨ ਜੂਨੀਅਰ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ ਹੈ। ਜੈਵਲਿਨ ਥਰੋਅਰ ਨਦੀਮ ਵਿਸ਼ਵ ਅਥਲੈਟਿਕਸ ਵਿੱਚ ਭਾਰਤ ਦੇ ਓਲੰਪਿਕ ਤੇ ਵਿਸ਼ਵ ਚੈਂਪੀਅਨ ਨੀਰਜ ਚੋਪੜਾ ਦਾ ਸਮਕਾਲੀ ਹੈ, ਜਿਸ ਕਾਰਨ ਉਸ ਨੂੰ ਨੀਰਜ ਚੋਪੜਾ ਤੋਂ ਤਕੜੀ ਟੱਕਰ ਮਿਲ ਰਹੀ ਹੈ, ਨਹੀਂ ਤਾਂ ਉਸ ਦੀਆਂ ਪ੍ਰਾਪਤੀਆਂ ਹੋਰ ਵੀ ਵਧੇਰੇ ਹੋਣੀਆਂ ਸਨ।

ਅਰਸ਼ਦ ਨਦੀਮ ਦਾ ਜਨਮ 2 ਜਨਵਰੀ 1997 ਨੂੰ ਲਹਿੰਦੇ ਪੰਜਾਬ ਦੇ ਖਾਨੇਵਾਲ ਜ਼ਿਲ੍ਹੇ ਦੇ ਕਸਬੇ ਮੀਆਂ ਚਾਨੂੰ ਵਿਖੇ ਹੋਇਆ। ਅੱਠ ਭੈਣ-ਭਰਾਵਾਂ ਵਿੱਚੋਂ ਤੀਜੇ ਨੰਬਰ ਉਤੇ ਅਰਸ਼ਦ ਵਿੱਚ ਸਕੂਲੀ ਦਿਨਾਂ ਤੋਂ ਹੀ ਵੱਡਾ ਅਥਲੀਟ ਬਣਨ ਦੀ ਸੰਭਾਵਨਾ ਜਾਪਦੀ ਸੀ। ਉਹ ਸਕੂਲ ਵਿੱਚ ਅਥਲੈਟਿਕਸ ਤੋਂ ਇਲਾਵਾ ਫੁੱਟਬਾਲ, ਕ੍ਰਿਕਟ ਤੇ ਬੈਡਮਿੰਟਨ- ਸਾਰੀਆਂ ਖੇਡਾਂ ਖੇਡਦਾ ਸੀ, ਪਰ ਉਸ ਦੀ ਪਸੰਦੀਦਾ ਖੇਡ ਕ੍ਰਿਕਟ ਸੀ। ਇਸ ਪਿੱਛੇ ਵੱਡਾ ਕਾਰਨ ਉਸ ਵੇਲੇ ਪਾਕਿਸਤਾਨ ਕ੍ਰਿਕਟ ਦੀ ਚੜ੍ਹਤ ਦਾ ਸਮਾਂ ਸੀ। 1992 ਵਿੱਚ ਪਾਕਿਸਤਾਨ ਨੇ ਪਹਿਲੀ ਵਾਰ ਇਮਰਾਨ ਖਾਨ ਦੀ ਕਪਤਾਨੀ ਹੇਠ ਵਿਸ਼ਵ ਕੱਪ ਜਿੱਤਿਆ ਸੀ ਅਤੇ 1996 ਵਿੱਚ ਪਾਕਿਸਤਾਨ ਨੇ ਸਾਂਝੇ ਤੌਰ ਉਤੇ ਕ੍ਰਿਕਟ ਵਿਸ਼ਵ ਕੱਪ ਦੀ ਮੇਜ਼ਬਾਨੀ ਕੀਤੀ ਸੀ। ਉਸ ਵੇਲੇ ਦੱਖਣੀ ਏਸ਼ੀਆ ਵਿੱਚ ਕ੍ਰਿਕਟ ਖੇਡ ਦਾ ਜਨੂੰਨ ਸਿਖਰ ਉਤੇ ਸੀ। ਅਰਸ਼ਦ ਨਦੀਮ ਨੂੰ ਅਥਲੈਟਿਕਸ ਕਰਦਿਆਂ ਰਾਸ਼ਿਦ ਅਹਿਮਦ ਸਕੀ ਨੇ ਦੇਖ ਲਿਆ ਅਤੇ ਉਸ ਤੋਂ ਬਾਅਦ ਉਸ ਨੂੰ ਉਹ ਆਪਣੇ ਖੇਡ ਵਿੰਗ ਵਿੱਚ ਲੈ ਲਿਆ। ਇੱਥੋਂ ਹੀ ਅਰਸ਼ਦ ਦਾ ਜੀਵਨ ਬਦਲ ਗਿਆ।

ਅਥਲੈਟਿਕਸ ਵਿੱਚ ਥਰੋਅਰ ਵਜੋਂ ਕਰੀਅਰ ਸ਼ੁਰੂ ਕਰਨ ਵਾਲੇ ਨਦੀਮ ਨੇ ਜੈਵਲਿਨ ਥਰੋਅ, ਸ਼ਾਟਪੁੱਟ ਤੇ ਡਿਸਕਸ- ਤਿੰਨੋਂ ਈਵੈਂਟਾਂ ਦਾ ਅਭਿਆਸ ਸ਼ੁਰੂ ਕੀਤਾ। ਪੰਜਾਬ ਯੂਥ ਫੈਸਟੀਵਲ ਵਿੱਚ ਉਸ ਨੇ ਜੈਵਲਿਨ ਥਰੋਅ ਵਿੱਚ ਸੋਨ ਤਮਗ਼ਾ ਜਿੱਤਿਅ, ਜਿਸ ਤੋਂ ਬਾਅਦ ਉਸ ਨੇ ਜੈਵਲਿਨ ਨੂੰ ਹੀ ਆਪਣੇ ਮੁੱਖ ਈਵੈਂਟ ਵਜੋਂ ਚੁਣ ਲਿਆ। ਨਦੀਮ ਦੇ ਪਿਤਾ ਮੁਹੰਮਦ ਅਰਸ਼ਦ ਨੇ ਵੀ ਉਸ ਨੂੰ ਜੈਵਲਿਨ ਥਰੋਅ ਅਪਨਾਉਣ ਲਈ ਕਿਹਾ। ਇੰਟਰ ਬੋਰਡ ਮੀਟ ਵਿੱਚ ਉਹ ਜਲਦ ਹੀ ਕੌਮੀ ਪੱਧਰ ਉਤੇ ਸੁਰਖੀਆਂ ਵਿੱਚ ਆ ਗਿਆ ਅਤੇ ਉਸ ਨੂੰ ਪਾਕਿਸਤਾਨ ਸੈਨਾ, ਹਵਾਈ ਸੈਨਾ ਅਤੇ ਬਿਜਲੀ ਵਿਭਾਗ ਦੇ ਅਦਾਰੇ ਵਾਪਡਾ ਵੱਲੋਂ ਖੇਡਣ ਦੇ ਸੱਦੇ ਆਉਣ ਲੱਗੇ। ਕੌਮੀ ਪੱਧਰ ਉਤੇ ਅਰਸ਼ਦ ਵਾਪਡਾ ਵੱਲੋਂ ਖੇਡਣ ਲੱਗਾ। ਸਾਲ 2015 ਵਿੱਚ ਜੈਵਲਿਨ ਥਰੋਅ ਈਵੈਂਟ ਵਿੱਚ ਅਰਸ਼ਦ ਉਭਰ ਕੇ ਸਾਹਮਣੇ ਆਉਣ ਲੱਗਾ। 2016 ਵਿੱਚ ਉਸ ਨੂੰ ਵਿਸ਼ਵ ਅਥਲੈਟਿਕਸ ਵੱਲੋਂ ਸਕਾਲਰਸ਼ਿਪ ਮਿਲੀ, ਜਿਸ ਨਾਲ ਉਹ ਮੌਰੀਸਸ ਵਿਖੇ ਆਈ.ਏ.ਏ.ਐਫ਼. ਦੇ ਹਾਈ ਪ੍ਰਫਾਰਮੈਂਸ ਟ੍ਰੇਨਿੰਗ ਸੈਂਟਰ ਵਿੱਚ ਤਿਆਰੀ ਲਈ ਯੋਗ ਹੋ ਗਿਆ। ਇਸੇ ਸਾਲ ਉਸ ਨੇ ਗੁਹਾਟੀ ਵਿਖੇ ਹੋਈਆਂ ਸੈਫ ਖੇਡਾਂ ਵਿੱਚ ਕਾਂਸੀ ਦਾ ਤਮਗ਼ਾ ਅਤੇ ਹੋ ਚੀ ਮਿਨ ਵਿਖੇ ਹੋਈ ਏਸ਼ੀਅਨ ਜੂਨੀਅਰ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ।




ਸਾਲ 2017 ਵਿੱਚ ਅਰਸ਼ਦ ਨੇ ਬਾਕੂ ਵਿਖੇ ਹੋਈਆਂ ਇਸਲਾਮਿਕ ਸੌਲੀਡੈਰਿਟੀ ਗੇਮਜ਼ ਵਿੱਚ 76.33 ਮੀਟਰ ਥਰੋਅ ਨਾਲ ਕਾਂਸੀ ਦਾ ਤਮਗ਼ਾ ਜਿੱਤਿਆ। ਅਪਰੈਲ 2018 ਵਿੱਚ ਗੋਲਡ ਕੋਸਟ ਵਿਖੇ ਹੋਈਆਂ ਕਾਮਨਵੈਲਥ ਗੇਮਜ਼ ਵਿੱਚ ਅਰਸ਼ਦ ਨੇ ਕੁਆਲੀਫਿਕੇਸ਼ਨ ਦੌਰ ਵਿੱਚ 80.45 ਮੀਟਰ ਦੇ ਨਿੱਜੀ ਬਿਹਤਰੀਨ ਪ੍ਰਦਰਸ਼ਨ ਨਾਲ ਦੂਜੇ ਨੰਬਰ ਉਤੇ ਰਹਿੰਦਿਆਂ ਫ਼ਾਈਨਲ ਲਈ ਦਾਖਲਾ ਪਾਇਆ। ਫ਼ਾਈਨਲ ਵਿੱਚ ਉਹ ਅੱਠਵੇਂ ਸਥਾਨ ਉਤੇ ਰਹਿ ਗਿਆ। ਇਸ ਤੋਂ ਬਾਅਦ ਉਹ ਪਿੱਠ ਦੀ ਸੱਟ ਕਾਰਨ ਕੁਝ ਸਮਾਂ ਖੇਡ ਮੈਦਾਨ ਤੋਂ ਬਾਹਰ ਰਿਹਾ। ਅਗਸਤ ਮਹੀਨੇ ਜਕਾਰਤਾ ਵਿਖੇ ਹੋਈਆਂ ਏਸ਼ੀਅਨ ਗੇਮਜ਼ ਵਿੱਚ ਅਰਸ਼ਦ ਨੇ 80.75 ਮੀਟਰ ਥਰੋਅ ਨਾਲ ਕਾਂਸੀ ਦਾ ਤਮਗ਼ਾ ਜਿੱਤਿਆ। ਅਰਸ਼ਦ ਨੇ ਨਵਾਂ ਨੈਸ਼ਨਲ ਰਿਕਾਰਡ ਵੀ ਬਣਾਇਆ। ਨੀਰਜ ਚੋਪੜਾ ਨੇ ਸੋਨੇ ਦਾ ਤਮਗ਼ਾ ਜਿੱਤਿਆ ਸੀ। ਇੱਥੋਂ ਹੀ ਭਾਰਤ-ਪਾਕਿਸਤਾਨ ਦੇ ਦੋ ਮਹਾਨ ਅਥਲੀਟਾਂ ਨੀਰਜ ਦੇ ਨਦੀਮ ਵਿਚਾਲੇ ਸਿਹਤਮੰਦ ਮੁਕਾਬਲੇ ਦੀ ਸ਼ੁਰੂਆਤ ਹੋਈ। ਦੋਵਾਂ ਵਿਚਕਾਰ ਉਸ ਸਮੇਂ ਤੋਂ ਹੀ ਬਹੁਤ ਚੰਗੇ ਦੋਸਤਾਂ ਵਾਲੇ ਸਬੰਧ ਹਨ। ਮੈਡਲ ਸੈਰੇਮਨੀ ਦੌਰਾਨ ਦੋਵੇਂ ਆਪਸ ਵਿੱਚ ਗਲਵੱਕੜੀ ਪਾ ਕੇ ਮਿਲੇ।

ਸਾਲ 2019 ਵਿੱਚ ਅਰਸ਼ਦ ਦੋਹਾ ਵਿਖੇ ਹੋਈ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਹਿੱਸਾ ਲੈਣ ਵਾਲਾ ਇਕਲੌਤਾ ਪਾਕਿਸਤਾਨੀ ਅਥਲੀਟ ਸੀ। ਉਸ ਨੇ 81.52 ਮੀਟਰ ਦੀ ਥਰੋਅ ਨਾਲ ਨਵਾਂ ਨੈਸ਼ਨਲ ਰਿਕਾਰਡ ਬਣਾਇਆ। ਨਵੰਬਰ ਮਹੀਨੇ ਅਰਸ਼ਦ ਨੇ ਪੇਸ਼ਾਵਰ ਵਿਖੇ ਹੋਈਆਂ 33ਵੀਂ ਨੈਸ਼ਨਲ ਗੇਮਜ਼ ਵਿੱਚ ਵਾਪਡਾ ਵੱਲੋਂ ਖੇਡਦਿਆਂ 83.65 ਮੀਟਰ ਦਾ ਨਵਾਂ ਨੈਸ਼ਨਲ ਰਿਕਾਰਡ ਬਣਾਉਂਦਿਆਂ ਸੋਨੇ ਦਾ ਤਮਗ਼ਾ ਜਿੱਤਿਆ। ਦਸੰਬਰ ਮਹੀਨੇ ਕਾਠਮੰਡੂ ਵਿਖੇ ਹੋਈਆਂ ਸੈਫ ਖੇਡਾਂ ਵਿੱਚ 86.29 ਮੀਟਰ ਦੀ ਥਰੋਅ ਨਾਲ ਨਵਾਂ ਗੇਮਜ਼ ਅਤੇ ਕੌਮੀ ਰਿਕਾਰਡ ਬਣਾਉਂਦਿਆਂ ਸੋਨੇ ਦਾ ਤਮਗ਼ਾ ਜਿੱਤਿਆ। ਇੱਕ ਸਾਲ ਵਿੱਚ ਹੀ ਅਰਸ਼ਦ ਨੇ ਆਪਣਾ ਹੀ ਪ੍ਰਦਰਸ਼ਨ ਲਗਾਤਾਰ ਸੁਧਾਰਦਿਆਂ ਤਿੰਨ ਵਾਰ ਨੈਸ਼ਨਲ ਰਿਕਾਰਡ ਬਣਾਇਆ। ਸਾਲ 2020 ਕੋਵਿਡ-19 ਮਹਾਂਮਾਰੀ ਕਾਰਨ ਕੋਈ ਵੱਡਾ ਮੁਕਾਬਲਾ ਨਹੀਂ ਹੋਇਆ।

ਸਾਲ 2021 ਵਿੱਚ ਇਰਾਨ ਵਿਖੇ ਇਮਾਮ ਰੇਜ਼ਾ ਕੱਪ ਵਿੱਚ ਅਰਸ਼ਦ ਨੇ 86.38 ਮੀਟਰ ਦੀ ਥਰੋਅ ਨਾਲ ਇੱਕ ਵਾਰ ਫੇਰ ਨਵਾਂ ਨੈਸ਼ਨਲ ਰਿਕਾਰਡ ਬਣਾਉਂਦਿਆਂ ਸੋਨੇ ਦਾ ਤਮਗ਼ਾ ਜਿੱਤਿਆ। ਸਾਲ 2023 ਵਿੱਚ ਟੋਕੀਓ ਵਿਖੇ ਹੋਈਆਂ ਓਲੰਪਿਕ ਖੇਡਾਂ ਵਿੱਚ ਅਰਸ਼ਦ ਨੇ 84.62 ਮੀਟਰ ਦੀ ਥਰੋਅ ਨਾਲ ਫ਼ਾਈਨਲ ਲਈ ਕੁਆਲੀਫ਼ਾਈ ਕੀਤਾ। ਓਲੰਪਿਕ ਖੇਡਾਂ ਦੇ ਫ਼ਾਈਨਲ ਵਿੱਚ ਪਹੁੰਚਣ ਵਾਲਾ ਉਹ ਪਹਿਲਾ ਪਾਕਿਸਤਾਨੀ ਅਥਲੀਟ ਬਣਿਆ। ਫ਼ਾਈਨਲ ਵਿੱਚ ਉਹ ਪੰਜਵੇਂ ਸਥਾਨ ਉਤੇ ਰਿਹਾ। ਭਾਰਤ ਦੇ ਨੀਰਜ ਚੋਪੜਾ ਨੇ ਸੋਨੇ ਦਾ ਤਮਗ਼ਾ ਜਿੱਤਿਆ। ਇੱਥੇ ਅਰਸ਼ਦ ਨੇ ਭਾਰਤੀ ਖੇਡ ਪ੍ਰੇਮੀਆਂ ਦੇ ਦਿਲ ਵੀ ਜਿੱਤੇ, ਜਦੋਂ ਉਸ ਨੇ ਆਪਣੀ ਜੈਵਲਿਨ ਨੀਰਜ ਚੋਪੜਾ ਨੂੰ ਦਿੱਤੀ। ਓਲੰਪਿਕਸ ਦੌਰਾਨ ਅਰਸ਼ਦ ਦੇ ਪਿਤਾ ਨੇ ਕਿਹਾ ਸੀ ਕਿ ਉਸ ਦੇ ਬੇਟੇ ਨੂੰ ਕੋਈ ਵਧੀਆ ਕੋਚਿੰਗ ਅਤੇ ਅਭਿਆਸ ਲਈ ਵਿੱਤੀ ਸਹਾਇਤਾ ਵੀ ਨਹੀਂ ਮਿਲੀ। ਜੇ ਉਸ ਨੂੰ ਤਵੱਜੋਂ ਦਿੱਤੀ ਜਾਂਦੀ ਤਾਂ ਸੰਭਵ ਸੀ ਕਿ ਉਹ ਤਮਗ਼ਾ ਵੀ ਜਿੱਤ ਲੈਂਦਾ।

2022 ਵਿੱਚ ਅਰਸ਼ਦ ਦੱਖਣੀ ਅਫਰੀਕਾ ਵਿੱਚ ਵਿਸ਼ਵ ਦੇ ਮਹਾਨ ਅਥਲੈਟਿਕਸ ਕੋਚ ਟੈਰਸੀਅਸ ਲੀਬੈਨਬਰਗ ਦੀ ਅਗਵਾਈ ਹੇਠ ਸਿਖਲਾਈ ਹਾਸਲ ਕਰਨ ਗਿਆ। ਅਥਲੈਟਿਕਸ ਫੈਡਰੇਸ਼ਨ ਆਫ ਪਾਕਿਸਤਾਨ ਵੱਲੋਂ ਕੀਤੇ ਇਸ ਉਪਰਾਲੇ ਦਾ ਨਦੀਮ ਦੀ ਖੇਡ 'ਤੇ ਸਾਫ ਫ਼ਰਕ ਨਜ਼ਰ ਆਇਆ। ਯੂਜੀਨ (ਅਮਰੀਕਾ) ਵਿਖੇ ਹੋਈ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ 86.16 ਮੀਟਰ ਥਰੋਅ ਨਾਲ ਨਦੀਮ 5ਵੇਂ ਸਥਾਨ ਉਤੇ ਰਿਹਾ। ਨੀਰਜ ਨੇ ਚਾਂਦੀ ਦਾ ਤਮਗ਼ਾ ਜਿੱਤਿਆ। ਬਰਮਿੰਘਮ ਵਿਖੇ ਹੋਈਆਂ ਕਾਮਨਵੈਲਥ ਖੇਡਾਂ ਵਿੱਚ ਨੀਰਜ ਤੇ ਨਦੀਮ ਵਿਚਾਲੇ ਵੱਡੇ ਮੁਕਾਬਲੇ ਦੀ ਆਸ ਸੀ, ਪਰ ਨੀਰਜ ਦੇ ਸੱਟ ਵੱਜਣ ਕਰਕੇ ਨਾਮ ਵਾਪਸ ਲੈਣ ਕਾਰਨ ਨਦੀਮ ਦਾ ਮੁੱਖ ਮੁਕਾਬਲਾ ਗ੍ਰਨੇਡਾ ਦੇ ਵਿਸ਼ਵ ਚੈਂਪੀਅਨ ਐਂਡਰਸਨ ਪੀਟਰਜ਼ ਨਾਲ ਸੀ। ਨਦੀਮ ਨੇ ਆਪਣੇ ਖੇਡ ਜੀਵਨ ਦਾ ਸਭ ਤੋਂ ਸਿਖਰਲਾ ਪ੍ਰਦਰਸ਼ਨ ਕਰਦਿਆਂ ਪਹਿਲੀ ਵਾਰ 90 ਮੀਟਰ ਦੀ ਹੱਦ ਪਾਰ ਕਰਦਿਆਂ 90.18 ਮੀਟਰ ਦੀ ਥਰੋਅ ਨਾਲ ਪੀਟਰਜ਼ ਨੂੰ ਪਛਾੜਦਿਆਂ ਸੋਨੇ ਦਾ ਤਮਗ਼ਾ ਜਿੱਤਿਆ। ਇਹ ਨਵਾਂ ਗੇਮਜ਼ ਅਤੇ ਪਾਕਿਸਤਾਨ ਦਾ ਨੈਸ਼ਨਲ ਰਿਕਾਰਡ ਸੀ। ਜ਼ਿਕਰਯੋਗ ਹੈ ਕਿ ਨੀਰਜ ਚੋਪੜਾ ਆਪਣੇ ਖੇਡ ਜੀਵਨ ਵਿੱਚ ਕਦੇ ਵੀ 90 ਮੀਟਰ ਦੀ ਹੱਦ ਨਹੀਂ ਪਾਰ ਕਰ ਸਕਿਆ। ਨਦੀਮ ਇਹ ਹੱਦ ਪਾਰ ਕਰਨ ਵਾਲਾ ਪਹਿਲਾ ਦੱਖਣ ਏਸ਼ਿਆਈ ਅਥਲੀਟ ਹੈ। ਸਾਲ 2023 ਵਿੱਚ ਤੁਰਕੀ ਵਿਖੇ ਇਸਲਾਮਿਕ ਸੌਲੀਡੈਰਿਟੀ ਗੇਮਜ਼ ਵਿੱਚ ਨਦੀਮ ਨੇ 88.55 ਮੀਟਰ ਦੀ ਥਰੋਅ ਨਾਲ ਨਵਾਂ ਗੇਮਜ਼ ਰਿਕਾਰਡ ਬਣਾਉਂਦਿਆਂ ਸੋਨੇ ਦਾ ਤਮਗ਼ਾ ਜਿੱਤਿਆ।

ਸਾਲ 2022 ਦੇ ਦਸੰਬਰ ਮਹੀਨੇ ਨਦੀਮ ਨੇ ਯੂ.ਕੇ. ਤੋਂ ਆਪਣੀ ਬਾਂਹ ਅਤੇ ਗੋਡੇ ਦੀ ਸੱਟ ਦਾ ਇਲਾਜ ਕਰਵਾਇਆ। ਸਾਲ 2023 ਵਿੱਚ ਨਦੀਮ ਨੇ ਨੈਸ਼ਨਲ ਗੇਮਜ਼ ਵਿੱਚ ਹਿੱਸਾ ਲੈਂਦਿਆਂ ਸੋਨੇ ਦਾ ਤਮਗ਼ਾ ਜਿੱਤਿਆ, ਪਰ ਨੈਸ਼ਨਲ ਗੇਮਜ਼ ਵਿੱਚ ਉਸ ਨੂੰ ਗੋਡੇ ਦੀ ਸੱਟ ਲੱਗ ਜਾਣ ਕਾਰਨ ਏਸ਼ੀਅਨ ਅਥਲੈਟਿਕਸ ਚੈਂਪੀਅਨਸ਼ਿਪ ਵਿੱਚੋਂ ਨਾਮ ਵਾਪਸ ਲੈਣਾ ਪਿਆ। ਪਾਕਿਸਤਾਨ ਅਥਲੈਟਿਕਸ ਫੈਡਰੇਸ਼ਨ ਨੇ ਨਦੀਮ ਨੂੰ ਨੈਸ਼ਨਲ ਗੇਮਜ਼ ਵਿੱਚ ਹਿੱਸਾ ਲੈਣ ਲਈ ਮਜਬੂਰ ਕਰਨ ਲਈ ਵਾਪਡਾ ਨੂੰ ਕਸੂਰਵਾਰ ਠਹਿਰਾਇਆ। ਨਦੀਮ ਨੇ ਸੱਟ ਤੋਂ ਵਾਪਸੀ ਕਰਦਿਆਂ ਬੁਢਾਪੇਸਟ ਵਿਖੇ ਹੋਈ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ, ਜਿੱਥੇ ਉਸ ਨੇ 87.82 ਮੀਟਰ ਦੀ ਸੀਜ਼ਨ ਦੀ ਬਿਹਤਰੀਨ ਥਰੋਅ ਸੁੱਟਦਿਆਂ ਚਾਂਦੀ ਦਾ ਤਮਗ਼ਾ ਜਿੱਤਿਆ। ਉਹ ਪਹਿਲਾ ਪਾਕਿਸਤਾਨੀ ਅਥਲੀਟ ਬਣਿਆ, ਜਿਸ ਨੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ। ਨੀਰਜ ਨੇ ਸੋਨੇ ਦਾ ਤਮਗ਼ਾ ਜਿੱਤਿਆ। ਦੋਵੇਂ ਗੁਆਂਢੀ ਮੁਲਕਾਂ ਦੇ ਮਿੱਤਰ ਅਥਲੀਟ ਮੈਡਲ ਸੈਰੇਮਨੀ ਤੋਂ ਬਾਅਦ ਗਲਵੱਕੜੀ ਪਾ ਕੇ ਫੋਟੋਗ੍ਰਾਫਰਾਂ ਸਾਹਮਣੇ ਆਏ। ਕਿਸੇ ਵੇਲੇ ਏਸ਼ੀਅਨ ਗੇਮਜ਼ ਵਿੱਚ ਮਿਲਖਾ ਸਿੰਘ-ਅਬਦੁਲ ਖ਼ਾਲਿਕ ਜਾਂ ਗੁਰਬਚਨ ਸਿੰਘ ਰੰਧਾਵਾ-ਗੁਲਾਮ ਰਜ਼ੀਕ ਇੰਝ ਸਿਖਰਲੀਆਂ ਪੁਜੀਸ਼ਨਾਂ ਮੱਲਦੇ ਸਨ ਅਤੇ ਹੁਣ ਵਿਸ਼ਵ ਅਥਲੈਟਿਕਸ ਵਿੱਚ ਇਹ ਪਹਿਲਾ ਮੌਕਾ ਸੀ, ਜਦੋਂ ਸੋਨੇ ਤੇ ਚਾਂਦੀ ਦਾ ਤਮਗ਼ਾ ਭਾਰਤ ਤੇ ਪਾਕਿਸਤਾਨ ਦੇ ਹਿੱਸੇ ਆਇਆ ਹੋਵੇ। ਪੰਜਵੀਂ ਤੇ ਛੇਵੀਂ ਪੁਜੀਸ਼ਨ ਵੀ ਭਾਰਤ ਦੇ ਕਿਸ਼ੋਰ ਜੇਨਾ ਤੇ ਡੀ.ਪੀ. ਮਾਨੂੰ ਹਿੱਸੇ ਆਈ। ਇਸ ਤਰ੍ਹਾਂ ਪਹਿਲੀਆਂ ਛੇ ਪੁਜੀਸ਼ਨਾਂ ਵਿੱਚੋਂ ਚਾਰ ਹਿੰਦ ਮਹਾਂਦੀਪ ਦੇ ਦੋ ਮੁਲਕਾਂ ਹਿੱਸੇ ਆਉਣਾ ਇਸ ਖਿੱਤੇ ਵਿੱਚ ਜੈਵਲਿਨ ਖੇਡ ਦੀ ਮਕਬੂਲੀਅਤ ਦਾ ਲੋਹਾ ਮਨਵਾਉਂਦੀਆਂ ਹਨ। ਜੈਵਲਿਨ ਨੂੰ ਭਾਰਤ ਤੇ ਪਾਕਿਸਤਾਨ ਵਿੱਚ ਮਕਬੂਲ ਕਰਨ ਦਾ ਸਿਹਰਾ ਨੀਰਜ ਦੇ ਨਦੀਮ ਨੂੰ ਜਾਂਦਾ ਹੈ।

ਕਰੀਬ ਸਵਾ ਛੇ ਫੁੱਟ ਲੰਬੇ ਅਥਲੀਟ ਅਰਸ਼ਦ ਨਦੀਮ ਨੂੰ ਖੇਡ ਪ੍ਰਾਪਤੀਆਂ ਬਦਲੇ ਪਾਕਿਸਤਾਨ ਦੇ ਰਾਸ਼ਟਰਪਤੀ ਵੱਲੋਂ ਪਰਾਈਡ ਆਫ ਪ੍ਰਫਾਰਮੈਂਸ ਦਾ ਵੀ ਐਵਾਰਡ ਮਿਲਿਆ। ਇਸ ਤੋਂ ਇਲਾਵਾ ਪਾਕਿਸਤਾਨ ਸਰਕਾਰ, ਪੰਜਾਬ ਸੂਬੇ, ਖੇਡ ਵਿਭਾਗ, ਓਲੰਪਿਕ ਐਸੋਸੀਏਸ਼ਨ, ਵਾਪਡਾ ਸਣੇ ਵੱਖ-ਵੱਖ ਅਦਾਰਿਆਂ ਵੱਲੋਂ ਨਗ਼ਦ ਇਨਾਮਾਂ ਨਾਲ ਵੀ ਸਨਮਾਨ ਮਿਲੇ।

**Prepare for Tomorrow Now With Comprehensive Retirement Planning**

■Annuities ■Life Insurance ■Long-Term Care
■Medicare Planning ■Disability Income



**Call Gurpreet Singh**
*Retirement and Insurance Advisor*
**Cell: 630-677-6144**
**Email: Preetisingh@ffig.com**

FUTURITY FIRST
Retirement | Life | Health

**Futurity First Insurance Group**

# ਸਮੂਹ ਸੰਗਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

## ਨਵੇਂ ਸਾਲ ਨੂੰ ਜੀ ਆਇਆਂ ਤੇ ਸਭ ਨੂੰ ਮੁਬਾਰਕਬਾਦ ਹੋਵੇ

**Happy New Year to All of You**



From: **Palia Brothers (Indiana)**

---

**Desi Junction**
MEDIA & ENTERTAINMENT
*Your Connection Back Home*

## Cheers to 2024 as a new year!

*May the New Year be full of success and good deals.*

## Happy New Year

‘ਦੇਸੀ ਜੰਕਸ਼ਨ’ ਦੀ ਪੂਰੀ ਟੀਮ ਵੱਲੋਂ ਨਵੇਂ ਸਾਲ ਨੂੰ ਜੀ ਆਇਆਂ ਆਖਦਿਆਂ ਸਾਰੇ ਸਰੋਤਿਆਂ ਨੂੰ ਸ਼ੁਭ ਕਾਮਨਾਵਾਂ

Desi Junction is a dynamic media and entertainment organization dedicated to showcasing the richness

(512) 981-6355 info@desijunction.org desijunction.org

# ਦਿਲ ਦਾ ਮਾਮਲਾ ਐ!

## ਜੁਗ ਜੁਗ ਜੀਓ... (6)

"ਪ੍ਰੀਤ, ਤੂੰ ਅੱਜ ਇੱਥੇ ਕਿਵੇਂ ਟਪਕ ਪਈ ਬਿਨ ਬੁਲਾਏ? ਤੈਨੂੰ ਤਾਂ ਮਰਨ ਦੀ ਵਿਹਲ ਨਹੀਂ, ਤੇਰੇ ਕਹਿਣ ਮੁਤਾਬਕ!"

"ਦੇਖੋ ਦੀਦੀ, ਮੈਨੂੰ ਤੁਹਾਡੇ ਘਰ ਆਉਣ ਲਈ ਸੱਦੇ ਦੀ ਜ਼ਰੂਰਤ ਨਹੀਂ, ਇਹ ਮੇਰਾ ਜਮਾਂਦਰੂ ਹੱਕ ਹੈ। ਦੂਜੀ ਗੱਲ, ਮੈਂ ਨਹੀਂ ਆਈ, ਕਿਸੇ ਦੀ ਭੇਜੀ ਆਈ ਆਂ। ਇੱਕ ਜ਼ਿੰਮੇਵਾਰੀ ਲੈ ਕੇ- ਸਮਝ ਆਈ ਜਨਾਬ!"

"ਅੱਛਾ! ਫਿਰ ਕਿਨ੍ਹੇ ਭੇਜਿਆ ਤੈਨੂੰ ਜ਼ਿੰਮੇਵਾਰਨ ਨੂੰ?"

"ਮੈਂ ਚਾਚੀ ਬਾਰੇ ਗੱਲਾਂ ਕਰਨੀਆਂ ਨੇ ਕੁਝ।"

"ਦੇਖ ਬਈ, ਮੇਰੇ ਕੋਲ ਨਹੀਂ ਵਕਤ ਕਿਸੇ ਦੀਆਂ ਚੁਗਲੀਆਂ ਸੁਣਨ ਲਈ! ਭਾਲ ਕਿਸੇ ਹੋਰ ਨੂੰ।"

"ਦੀਦੀ, ਮੈਂ ਕਿਸੇ ਦੀ ਚੁਗਲੀ ਨਹੀਂ ਕਰਨ ਆਈ, ਪੂਰੀ ਗੱਲ ਤਾਂ ਤੁਸੀਂ ਸੁਣੀ ਨਹੀਂ। ਤੁਹਾਡੀ ਜਾਣਕਾਰੀ ਲਈ ਚਾਚੀ ਮੇਰੀ ਮਾਂ ਵਰਗੀ ਐ ਅਤੇ ਬਹੁਤ ਪਿਆਰੀ ਐ ਮੈਨੂੰ।"

"ਚੱਲ ਚੱਲ ਇਜਾਜ਼ਤ ਦਿੱਤੀ, ਉਚਰ ਵੀ ਹੁਣ। ਮੈਨੂੰ ਚਾਚੀ ਦਾ ਬਹੁਤ ਫਿਕਰ ਲੱਗਾ ਹੋਇਐ। ਤੁਹਾਨੂੰ ਪਤਾ ਏ ਆਪਾਂ ਨੇ ਕੈਲਸੀਅਮ ਸਕੋਰ ਹਾਰਟ ਸਕੈਨ ਕਰਵਾਈ ਸੀ, ਉਸ ਵਿੱਚ ਨੁਕਸ ਆਇਐ। ਉਨ੍ਹਾਂ ਦੇ ਖ਼ੂਨ ਦਾ ਕੋਲੈਸਟਰੌਲ ਟੈਸਟ ਤਾਂ ਬਿਲਕੁਲ ਠੀਕ ਹੈ, ਸਿਰਫ ਸ਼ੂਗਰ ਥੋੜ੍ਹੀ ਜਿਹੀ ਜ਼ਿਆਦਾ ਏ। ਹੈਰਾਨੀ ਦੀ ਗੱਲ ਏ ਕਿ ਕੋਲੈਸਟਰੌਲ ਠੀਕ ਹੋਣ ਦੇ ਬਾਵਜੂਦ ਕੈਲਸੀਅਮ ਸਕੋਰ ਜ਼ਿਆਦਾ ਆਇਐ। ਕੀ ਹੁਣ ਕੈਲਸੀਅਮ ਵਾਲੀ ਖ਼ੁਰਾਕ ਘਟਾਉਣੀ ਪਏਗੀ?"

"ਨਹੀਂ, ਇਸ ਦਾ ਖ਼ੁਰਾਕ ਵਿੱਚ ਕੈਲਸੀਅਮ ਨਾਲ ਕੋਈ ਸਬੰਧ ਨਹੀਂ। ਜੇ ਬਾਹਰੋਂ ਕੈਲਸੀਅਮ ਸਪਲੀਮੈਂਟ ਦੇ ਤੌਰ 'ਤੇ ਜ਼ਿਆਦਾ ਮਿਕਦਾਰ ਵਿੱਚ ਲੈਂਦੇ ਹੋਵੋ ਅਤੇ ਉਸ ਨੂੰ ਸੰਤੁਲਨ (ਬੈਲੈਂਸ) ਕਰਨ ਲਈ ਮੈਗਨੀਸੀਅਮ ਨਾ ਲਵੋ ਤਾਂ ਕੈਲਸੀਅਮ ਸਰੀਰ ਦੇ ਹਿੱਸਿਆਂ ਵਿੱਚ ਜਮ੍ਹਾਂ ਹੋ ਸਕਦਾ ਏ, ਪਰ ਉਸ ਲਈ ਕਈ ਹੋਰ ਤਦਬੀਦੀਆਂ ਵੀ ਹੁੰਦੀਆਂ ਨੇ ਖ਼ੂਨ ਵਿੱਚ। ਚਾਚੀ ਜੀ ਤਾਂ ਕੈਲਸੀਅਮ ਬਾਹਰੋਂ ਨਹੀਂ ਲੈ ਰਹੇ।"

"ਦੀਦੀ, ਕੀ ਫਿਰ ਉਨ੍ਹਾਂ ਨੂੰ ਘੱਟ ਫੈਟ ਵਾਲੀ ਖ਼ੁਰਾਕ ਦੇਣੀ ਪਏਗੀ?"

"ਨਾ, ਖ਼ੁਰਾਕ ਵਾਲੀ ਕੋਲੈਸਟਰੌਲ ਦਾ ਆਪਣੇ ਸਰੀਰ ਵਾਲੀ ਕੋਲੈਸਟਰੌਲ 'ਤੇ ਖਾਸ ਅਸਰ ਨਹੀਂ ਪੈਂਦਾ।"

"ਇਹ ਕੀ ਕਿਹਾ ਤੁਸੀਂ? ਮੈਂ ਤਾਂ ਹਮੇਸ਼ਾ ਸੋਚਦੀ ਸਾਂ ਕਿ ਆਪਣੀ ਕੋਲੈਸਟਰੌਲ ਖ਼ੂਨ ਵਿੱਚ ਵਧਦੀ ਹੈ ਜ਼ਿਆਦਾ ਕੋਲੈਸਟਰੌਲ ਵਾਲੀ ਖ਼ੁਰਾਕ ਖਾ ਕੇ।"

"ਪ੍ਰੀਤ, ਇਸ ਬਿਮਾਰੀ ਦਾ ਕਾਰਨ ਕੁਝ ਹੋਰ ਈ ਐ, ਜਿਸ ਬਾਰੇ ਆਪਾਂ ਨੇ ਪਹਿਲਾਂ ਵੀ ਗੱਲਾਂ ਕੀਤੀਆਂ ਸਨ। ਇਹ ਸਾਰਾ ਪੁਆੜਾ ਮਾੜੀ ਖ਼ੁਰਾਕ ਦਾ ਹੈ ਅਤੇ ਆਪਾਂ ਨੂੰ ਬਹੁਤ ਸਾਰੀਆਂ ਬਿਮਾਰੀਆਂ ਇਸ ਕਾਰਨ ਹੀ ਹੁੰਦੀਆਂ ਨੇ। ਪੱਟਿਐ ਜੀਭ ਦੇ ਸੁਆਦਾਂ ਨੇ!"

"ਫਿਰ ਹੁਣ ਕੀ ਬੰਦ ਕਰਾਓਂਗੇ?"

"ਟੁੱਟੇ ਰਿਕਾਰਡ ਦੀ ਤਰ੍ਹਾਂ ਮੈਂ ਮੁੜ ਮੁੜ ਇਹ ਹੀ ਦੁਹਰਾਉਂਦੀ ਰਹਿੰਨੀ ਆਂ ਕਿ ਅਤਿ-ਸੰਸਾਧਿਤ ਯਾਨਿ ਅਲਟਰਾਪਰੋਸੈਸਡ (ultraprocessed) ਖ਼ੁਰਾਕ, ਸ਼ੂਗਰ ਪੈਕੇਜ ਵਾਲੀ ਖ਼ੁਰਾਕ ਜਿਸ ਵਿੱਚ 5 ਤੋਂ ਜ਼ਿਆਦਾ ਚੀਜ਼ਾਂ ਹੋਣ ਅਤੇ ਜਿਨ੍ਹਾਂ ਵਿੱਚ ਪ੍ਰੀਜ਼ਰਵੇਟਿਵ (preservatives) ਅਤੇ ਰੰਗ ਪਾਏ ਹੋਣ, ਨਾ ਖਾਓ। ਇਸ ਤਰ੍ਹਾਂ ਦੀ ਖ਼ੁਰਾਕ ਜੋ ਜ਼ਿਆਦਾ ਪ੍ਰੋਸੈਸ ਕੀਤੀ ਹੁੰਦੀ ਏ, ਉਹ ਬਹੁਤ ਜਲਦੀ ਹਜ਼ਮ ਹੋ ਜਾਂਦੀ ਏ। ਨਤੀਜਾ ਹੋਇਆ ਕਿ ਇੱਕ ਦਮ ਤੁਹਾਡੇ ਖ਼ੂਨ ਵਿੱਚ ਸ਼ੂਗਰ ਬਹੁਤ ਵਧ ਜਾਂਦੀ ਐ ਅਤੇ ਉਸ ਨੂੰ ਘਟਾਉਣ ਲਈ ਬਹੁਤ ਸਾਰੀ ਇਨਸੁਲਿਨ ਖ਼ੂਨ ਵਿੱਚ ਆ ਜਾਂਦੀ ਐ ਪੈਨਕਰੀਆਜ਼ (pancreas) ਤੋਂ; ਸ਼ੂਗਰ ਤਾਂ ਕਾਬੂ ਕਰ ਲਈ, ਪਰ ਫਾਲਤੂ ਇਨਸੁਲਿਨ ਅਜੇ ਵੀ ਬਾਕੀ ਹੈ ਖ਼ੂਨ ਵਿੱਚ। ਉਹ ਤੁਹਾਡੀ ਨੌਰਮਲ ਸ਼ੂਗਰ 'ਤੇ ਕੰਮ ਕਰ ਕੇ ਤੁਹਾਡੇ ਖ਼ੂਨ ਵਿੱਚ ਸ਼ੂਗਰ ਦੀ ਕਮੀ ਕਰ ਦਿੰਦੀ ਏ। ਇਸ ਕਰ ਕੇ ਤੁਹਾਨੂੰ ਭੁੱਖ ਲੱਗਦੀ ਏ ਜ਼ਬਰਦਸਤ। ਇਹ ਹੀ ਕਾਰਨ ਹੈ ਕਰੇਵਿੰਗਜ਼ (cravings) ਦਾ। ਤੁਹਾਡਾ ਜੀ ਕਰਦੈ ਛੇਤੀ ਤੋਂ ਛੇਤੀ ਸ਼ੂਗਰ ਵਾਲੀ ਖ਼ੁਰਾਕ ਖਾਣ ਲਈ। ਇਸ ਤਰ੍ਹਾਂ ਦੀ ਖ਼ੁਰਾਕ ਸੌਖੀ, ਸਸਤੀ ਅਤੇ ਹਰ ਥਾਂ ਮਿਲ ਜਾਂਦੀ ਏ, ਕਿਉਂਕਿ ਤੁਹਾਨੂੰ ਇੰਨੀ ਭੁੱਖ ਲੱਗੀ ਹੁੰਦੀ ਏ, ਤੁਸੀਂ ਛੇਤੀ ਜ਼ਰੂਰਤ ਤੋਂ ਜ਼ਿਆਦਾ ਅਤੇ ਗਲਤ ਤਰ੍ਹਾਂ ਦੀ ਖ਼ੁਰਾਕ ਖਾ ਲੈਂਦੇ ਹੋ। ਸਟੌਪ ਸਿਗਨਲ ਨੂੰ ਦਿਮਾਗ ਤੱਕ ਪਹੁੰਚਣ ਲਈ ਤਕਰੀਬਨ ਵੀਹ ਕੁ ਮਿੰਟ ਲੱਗ ਜਾਂਦੇ ਨੇ ਕਿ ਤੁਸੀਂ ਜ਼ਰੂਰਤ ਜਿੰਨਾ ਖਾਣਾ ਖਾ ਲਿਐ, ਇਸੇ ਕਰਕੇ ਇਹ ਜ਼ਰੂਰੀ ਹੈ ਕਿ ਤੁਸੀਂ ਹੌਲੀ ਹੌਲੀ ਚੰਗੀ ਤਰ੍ਹਾਂ ਚਬਾ ਕੇ ਕੁਝ ਸਮਾਂ ਲਗਾ ਕੇ ਖਾਓ।

ਇਸ ਤਰ੍ਹਾਂ ਹੀ ਸਾਰਾ ਦਿਨ ਚੱਲੀ ਜਾਂਦੈ, ਤੁਸੀਂ ਜ਼ਿਆਦਾ ਸ਼ੂਗਰ ਅਤੇ ਪ੍ਰੋਸੈਸਡ ਖ਼ੁਰਾਕ ਖਾਈ ਜਾਂਦੇ ਹੋ, ਸ਼ੂਗਰ ਅਤੇ ਇਨਸੁਲਿਨ ਵਧੀ ਜਾਂਦੀ ਏ। ਇਨਸੁਲਿਨ ਸ਼ੂਗਰ ਨੂੰ ਘਟਾਉਣ ਦੀ ਕੋਸ਼ਿਸ਼ ਕਰਦੀ ਏ- ਲਿਵਰ ਅਤੇ ਸਰੀਰ ਦੇ ਸੈੱਲਾਂ ਤੱਕ ਪੁਚਾ ਕੇ ਅਤੇ ਨਤੀਜਾ ਹੋਇਆ ਕਿ ਲਿਵਰ ਅਤੇ ਸੈੱਲ ਸ਼ੂਗਰ ਨਾਲ ਭਰ ਜਾਂਦੇ ਨੇ। ਹੋਰ ਸ਼ੂਗਰ ਵੜਨ ਲਈ ਇਨ੍ਹਾਂ ਵਿੱਚ ਕੋਈ ਥਾਂ ਬਾਕੀ ਨਹੀਂ ਬਚਦੀ। ਖ਼ੂਨ ਵਿੱਚ ਸ਼ੂਗਰ ਅਤੇ ਇਨਸੁਲਿਨ ਦੀ ਮਾਤਰਾ ਵਧਦੀ ਜਾਂਦੀ ਏ, ਇਸ ਨੂੰ ਇਨਸੁਲਿਨ ਰਜਿਸਟੈਨਸ ਕਹਿੰਦੇ ਹਨ। ਇਸ ਨਾਲ ਸ਼ੂਗਰ ਦੀ ਬਿਮਾਰੀ ਸ਼ੁਰੂ ਹੁੰਦੀ ਏ। ਸ਼ੂਗਰ ਦੀ ਜ਼ਿਆਦਾ ਮਿਕਦਾਰ ਕਰ ਕੇ ਖ਼ੂਨ ਦੀਆਂ ਨਾੜੀਆਂ ਅਤੇ ਸਰੀਰ ਦੇ ਵੱਖਰੇ ਵੱਖਰੇ ਅੰਗਾਂ ਵਿੱਚ ਸੋਜ (ਇਨਫਲੇਮੇਸ਼ਨ) ਹੋਣੀ ਸ਼ੁਰੂ ਹੋ ਜਾਂਦੀ ਹੈ।"

"ਦੀਦੀ, ਖ਼ੂਨ ਦੀਆਂ ਨਾੜੀਆਂ ਵਿੱਚ ਕੈਲਸੀਅਮ ਦਾ ਕੋਲੈਸਟਰੌਲ ਨਾਲ ਕੀ ਰਿਸ਼ਤਾ ਹੋਇਆ, ਮੈਨੂੰ ਤਾਂ ਸਮਝ ਨਹੀਂ ਪਈ?"

"ਕੋਲੈਸਟਰੌਲ ਇੱਕ ਤਰ੍ਹਾਂ ਦੀ ਫੈਟ ਹੈ, ਜਿਸ ਦੀ ਖਾਸ ਮਿਕਦਾਰ ਆਪਾਂ ਨੂੰ ਜਿੰਦਾ ਰਹਿਣ ਲਈ ਅਤਿ ਜ਼ਰੂਰੀ ਹੈ। ਇੱਥੋਂ ਤੱਕ ਕੇ ਕੋਲੈਸਟਰੌਲ ਨਹੀਂ ਤਾਂ ਤੁਸੀਂ ਨਹੀਂ।


1. ਇਹ ਆਪਣੇ ਸਰੀਰ ਦੇ ਸਾਰੇ ਸੈੱਲਾਂ ਦੀ ਬਾਹਰੀ ਝਿੱਲੀ (walls) ਬਣਾਉਂਦੀ ਏ

2. ਬਹੁਤ ਸਾਰੇ ਹਾਰਮੋਨਜ਼ ਬਣਾਉਣ ਲਈ ਜ਼ਰੂਰੀ ਹੈ

3. ਖ਼ੁਰਾਕ ਨੂੰ ਹਜ਼ਮ ਕਰਨ ਲਈ ਜਿਗਰ (liver) ਤੋਂ ਪਿੱਤਾ (bile) ਬਣਾਉਣ ਦੇ ਵੀ ਕੰਮ ਆਉਂਦੀ ਏ

-ਵਿਟਾਮਿਨ 'ਡੀ' ਨੂੰ ਸਰੀਰ ਦੀ ਚਮੜੀ ਵਿੱਚ ਬਣਾਉਣ ਲਈ ਵੀ ਮਦਦਗਾਰ ਹੈ

-ਸਾਰੇ ਸਰੀਰ ਦੇ ਕੋਲੈਸਟਰੌਲ ਦਾ 25% ਹਿੱਸਾ



ਦਿਮਾਗ ਵਿੱਚ ਹੈ ਅਤੇ ਦਿਮਾਗ ਦੇ ਕੰਮਾਂ ਲਈ ਬਹੁਤ ਬਹੁਤ ਜ਼ਰੂਰੀ ਹੈ; ਪਰ ਦਿਮਾਗ ਦਾ ਸਾਈਜ਼ ਸਰੀਰ ਦਾ ਸਿਰਫ 2% ਹਿੱਸਾ ਹੀ ਹੈ।"

"ਹੂੰ...! ਤਾਂ ਆਪਣਾ ਦਿਮਾਗ ਤਾਂ ਸਾਰਾ ਚਰਬੀ ਨਾਲ ਹੀ ਭਰਿਆ ਪਿਐ।"

"ਹਾਂ, ਇਹ ਕੰਮ ਈ ਚਰਬੀ ਕਰ ਕੇ ਕਰਦੈ।"

"ਤੁਸੀਂ ਕਿਹੈ ਕਿ ਖਾਣ ਨਾਲ ਕੋਲੈਸਟਰੌਲ ਨਹੀਂ ਵਧਦੀ, ਫਿਰ ਇਹ ਕਿਵੇਂ ਬਣਦੀ ਹੈ?"

"ਇਸ ਦੇ ਕਈ ਸਰੋਤ (sources) ਹਨ:

1. 70-80% ਤਾਂ ਜਿਗਰ ਵਿੱਚ ਬਣਦੀ ਏ

2. ਕੁਝ ਹੱਦ ਤੱਕ ਸਰੀਰ ਦੇ ਸਾਰੇ ਸੈੱਲ ਆਪਣੇ ਆਪ ਬਣਾ ਲੈਂਦੇ ਨੇ

3. 10% ਤੋਂ ਘੱਟ ਇਹ ਖ਼ੁਰਾਕ ਤੋਂ ਆਉਂਦੀ ਐ

-ਜਿਹੜੀ ਕੋਲੈਸਟਰੌਲ ਆਪਾਂ ਖ਼ੁਰਾਕ 'ਚ ਖਾਂਦੇ ਹਾਂ, ਉਹ esterified ਹੁੰਦੀ ਏ ਅਤੇ ਬਹੁਤ ਘੱਟ ਮਿਕਦਾਰ ਵਿੱਚ ਹੀ ਆਪਣਾ ਸਰੀਰ ਇਸ ਨੂੰ ਇਸਤੇਮਾਲ ਕਰਨ ਦੇ ਕਾਬਲ ਹੈ

4. ਇੱਕ ਤਰ੍ਹਾਂ ਦੀ ਬਿਮਾਰੀ ਹੈ, ਜਿਸ ਵਿੱਚ ਕਿਸੇ ਐਨਜ਼ਾਈਮ ਦੀ ਘਾਟ ਕਰ ਕੇ ਖ਼ੂਨ ਵਿੱਚ ਇਸ ਦੀ ਮਿਕਦਾਰ ਬਹੁਤ ਜ਼ਿਆਦਾ ਵਧ ਜਾਂਦੀ ਹੈ ਅਤੇ ਉਸ ਨੂੰ ਫੈਮਿਲੀਅਨ ਹਾਈਪਰਲਿਪੀਡਮੀਆ (familial hyperlipidemia) ਕਹਿੰਦੇ ਹਨ। ਕੋਲੈਸਟਰੌਲ, ਫੈਟ ਤੋਂ ਫਰਕ ਹੈ ਅਤੇ ਕਸਰਤ ਨਾਲ ਇਹਦੀ ਮਿਕਦਾਰ ਘਟਦੀ ਨਹੀਂ ਅਤੇ ਇਹ ਐਨੀਮਲ ਸਰੋਤ (animal sources) ਤੋਂ ਆਉਂਦੀ ਹੈ- ਜਿਵੇਂ ਮੀਟ, ਚਿਕਨ, ਮੱਛੀ, ਅੰਡੇ ਅਤੇ ਡੇਅਰੀ ਉਦਪਾਦ।

ਜੇ ਤੁਸੀਂ ਸੰਤੁਲਿਤ ਖ਼ੁਰਾਕ ਖਾਂਦੇ ਹੋਵੋ ਤਾਂ ਆਪਣੇ ਸਰੀਰ ਵਿੱਚ ਬਹੁਤ ਹੀ ਵਧੀਆ ਤਰੀਕੇ ਨਾਲ ਇਸ ਦਾ ਮੈਟਾਬੋਲਿਜ਼ਮ ਹੁੰਦੈ। ਇਹ ਫੈਟ ਹੋਣ ਕਰ ਕੇ ਇੱਕ ਥਾਂ ਤੋਂ ਸਰੀਰ ਵਿੱਚ ਦੂਜੀ ਥਾਂ ਖ਼ੂਨ ਰਾਹੀਂ ਨਹੀਂ ਜਾ ਸਕਦੀ, ਇਸ ਕਰ ਕੇ ਇਸ ਨੂੰ ਪ੍ਰੋਟੀਨ ਜਿਨ੍ਹਾਂ ਨੂੰ ਲਾਈਪੋਪਰੋਟੀਨ (lipoprotein) ਕਹਿੰਦੇ ਆ, ਉਸ ਵਿੱਚ ਲਪੇਟ ਕੇ ਸਰੀਰ ਦੇ ਵੱਖਰੇ ਵੱਖਰੇ ਹਿੱਸਿਆਂ ਵਿੱਚ ਪਹੁੰਚਾਇਆ ਜਾਂਦੈ। ਇਹ ਕਈ ਤਰ੍ਹਾਂ ਦੀ ਹੁੰਦੀ ਏ, ਜਿਨ੍ਹਾਂ ਦਾ ਆਕਾਰ (size) ਅਤੇ ਬਣਤਰ ਵੱਖਰੀ ਵੱਖਰੀ ਹੈ। ਇਹ ਵੱਡੇ ਆਕਾਰ ਵਾਲੀ ਅਤੇ ਫੁੱਲਵੀਂ (fluffy) ਹੋਵੇ ਤਾਂ ਉਹ ਹਾਨੀਕਾਰਕ ਨਹੀਂ ਹੈ।


ਫੈਟ ਖ਼ੁਰਾਕ 'ਚੋਂ ਹਜ਼ਮ ਹੋ ਕੇ chylomicron ਬਣਾ ਕੇ ਜਿਗਰ 'ਚ ਚਲੀ ਜਾਂਦੀ ਏ ਅਤੇ ਫਾਲਤੂ ਪਖਾਨੇ ਰਾਹੀਂ ਬਾਹਰ ਨਿਕਲ ਜਾਂਦੀ ਏ। ਜਿਗਰ ਵਿੱਚ ਜਿਹੜੀ ਕੋਲੈਸਟਰੌਲ ਖ਼ੁਰਾਕ ਤੋਂ ਆਈ ਸੀ ਅਤੇ ਜੋ ਜਿਗਰ ਵਿੱਚ ਬਣੀ ਸੀ, ਉਹ VLDL (very low density lipoprotein) ਨਾਲ ਸਰੀਰ ਦੇ muscles ਅਤੇ ਫੈਟ ਸੈੱਲਜ਼ ਵਿੱਚ ਜਾ ਕੇ ਉੱਥੇ triglyceride ਦਿੰਦੀ ਹੈ- ਐਨਰਜੀ ਲਈ ਅਤੇ ਕੁਝ ਜਮ੍ਹਾਂ ਕਰਨ ਲਈ, ਬਾਕੀ ਦੀ IDL (intermediate density) ਬਣ ਕੇ ਸਰੀਰ ਦੇ ਸੈੱਲਾਂ ਵਿੱਚ ਜਾਂਦੀ ਹੈ, ਤਾਕਤ ਦੇਣ ਲਈ। ਜਿਹੜੀ ਸੈੱਲਾਂ ਦੀ ਜ਼ਰੂਰਤ ਪੂਰੀ ਹੋਣ ਤੋਂ ਬਾਅਦ ਬਚ ਜਾਂਦੀ ਹੈ, ਉਹ APOA ਨਾਲ HDL ਬਣ ਕੇ ਲਿਵਰ ਵਿੱਚ ਵਾਪਸ ਚਲੀ ਜਾਂਦੀ ਏ, ਇਸ ਕਰ ਕੇ HDL ਨੂੰ ਚੰਗੀ ਕੋਲੈਸਟਰੌਲ ਵੀ ਕਹਿੰਦੇ ਨੇ ਅਤੇ ਕੰਮ ਵਧੀਆ ਚੱਲਦਾ ਰਹਿੰਦੈ। ਸਭ ਕੋਈ ਖ਼ੁਸ਼ ਅਤੇ ਪੌਂ ਬਾਰਾਂ। ਜੇ ਕੋਲੈਸਟਰੌਲ ਘੱਟ ਹੋਵੇ ਤਾਂ ਲਿਵਰ ਜ਼ਿਆਦਾ ਬਣਾਉਂਦਾ ਹੈ ਅਤੇ ਥੋੜ੍ਹੀ ਮਲ (feces) ਵਿੱਚ ਜਾਂਦੀ ਹੈ, ਪਰ ਜੇ ਇਸ ਦੀ ਮਿਕਦਾਰ ਜ਼ਿਆਦਾ ਹੋਵੇ ਤਾਂ ਲਿਵਰ ਘੱਟ ਬਣਾਉਂਦਾ ਏ ਅਤੇ ਮਲ (feces) ਵਿੱਚ ਜ਼ਿਆਦਾ ਬਾਹਰ ਨਿਕਲ ਜਾਂਦੀ ਐ।"

"ਦੀਦੀ, ਫਿਰ ਤਾਂ ਕੋਲੈਸਟਰੌਲ ਕਈ ਤਰ੍ਹਾਂ ਦੇ lipoprotein ਵਿੱਚ ਲੁਕ ਕੇ ਆਪਣੇ ਖ਼ੂਨ ਵਿੱਚ ਯਾਤਰਾ ਕਰਦੀ ਏ।"

"ਹਾਂ, ਇਨ੍ਹਾਂ ਵਿੱਚੋਂ ਕਾਈਲੋਮਾਈਕਰੋਨਜ਼ (chylomicron) VLDL, IDL 'ਚ ਸਾਈਜ਼ ਵੱਡਾ ਹੁੰਦਾ ਹੈ, ਇਹ ਖਤਰਨਾਕ ਨਹੀਂ ਹਨ। ਪਰ LDL ਦਾ ਸਾਈਜ਼ ਛੋਟਾ ਹੈ, ਇਹ ਦੋ ਤਰ੍ਹਾਂ ਦੀ ਹੁੰਦੀ ਹੈ- ਇੱਕ ਤਾਂ ਫੁੱਲਵੀਂ (fluffy) ਅਤੇ ਦੂਜੀ ਸੰਘਣੀ (dense); ਇਹ ਦੂਜੀ ਤਰ੍ਹਾਂ ਦੀ ਬਹੁਤ ਖਤਰਨਾਕ ਹੈ, ਸਾਈਜ਼ ਛੋਟਾ ਹੋਣ ਕਰ ਕੇ।"

"ਦੀਦੀ, ਇਹ ਕਿਵੇਂ ਖਤਰਨਾਕ ਹੁੰਦੀ ਹੈ?"

"ਦੇਖ, ਜਦੋਂ ਤੱਕ ਸਾਡੀ ਖ਼ੁਰਾਕ ਠੀਕ ਹੈ, ਉਦੋਂ ਤੱਕ ਸਭ ਠੀਕ ਚੱਲਦੈ। ਜਦੋਂ ਆਪਾਂ ਗੜਬੜ ਕਰਦੇ ਆਂ ਤਾਂ ਖ਼ੂਨ ਵਿੱਚ ਜ਼ਿਆਦਾ ਸ਼ੂਗਰ ਅਤੇ ਇਨਸੁਲਿਨ ਕਰਕੇ ਇਨਫਲੇਮੇਸ਼ਨ ਹੁੰਦੀ ਏ- ਖ਼ੂਨ ਦੀਆਂ ਨਾੜੀਆਂ ਅਤੇ ਬਾਕੀ ਹਿੱਸਿਆਂ ਵਿੱਚ। ਆਪਣੇ ਸਰੀਰ ਵਿੱਚ 60,000 ਮੀਲ ਲੰਬੀਆਂ ਖ਼ੂਨ ਦੀਆਂ ਨਾੜੀਆਂ ਹਨ, ਇਹ ਮੋਟੀਆਂ ਤੋਂ ਲੈ ਕੇ ਧਾਗੇ ਵਰਗੀਆਂ ਪਤਲੀਆਂ ਪਾਈਪਾਂ ਹਨ, ਜਿਹੜੀਆਂ ਅੰਦਰਲੇ ਪਾਸੇ



ਬਹੁਤ ਹੀ ਮੁਲਾਇਮ ਹੁੰਦੀਆਂ ਹਨ, ਤਾਂ ਕਿ ਖ਼ੂਨ ਬਿਨਾ ਰੁਕਾਵਟ ਦੇ ਦਿਲ ਤੋਂ ਸਰੀਰ ਦੇ ਸਾਰੇ ਹਿੱਸਿਆਂ ਵਿੱਚ ਜਾ ਸਕੇ ਅਤੇ ਵਾਪਸ ਦਿਲ ਵੱਲ ਮੁੜ ਆਵੇ।

ਇਨਫਲੇਮੇਸ਼ਨ (inflammation) ਯਾਨਿ ਸੋਜ ਕਰਕੇ ਇਹ ਨਾੜੀਆਂ ਅੰਦਰੋਂ ਖੁਰਦਰੀਆਂ ਹੋ ਜਾਂਦੀਆਂ ਹਨ ਅਤੇ ਚੀਰੇ ਜਿਹੇ ਆ ਜਾਂਦੇ ਹਨ। ਛੋਟੀ ਛੋਟੀ ਸੰਘਣੀ ਡੈਨਸ (dense) LDL ਉੱਥੇ ਜਾ ਕੇ ਜਮ੍ਹਾਂ ਹੋ ਜਾਂਦੀ ਐ ਅਤੇ ਪਲੈਕ ਬਣਾ ਦਿੰਦੀ ਏ, ਜਿਸ ਨੂੰ ਐਥੀਰੋਮਾ ਵੀ ਕਹਿੰਦੇ ਹਾਂ। ਜੇ ਇਹ ਵਧਦੀ ਹੀ ਜਾਵੇ ਤਾਂ ਨਾੜੀਆਂ ਬੰਦ ਹੋ ਸਕਦੀਆਂ ਨੇ, ਜੇ ਕੋਈ ਹਿੱਸਾ ਟੁੱਟ ਕੇ ਹੋਰ ਕਿਸੇ ਹਿੱਸੇ ਵਿੱਚ ਚਲਾ ਜਾਵੇ ਤਾਂ ਬੰਦੇ ਦੀ ਮੌਤ ਵੀ ਹੋ ਸਕਦੀ ਹੈ। ਇਸੀ ਕਾਰਨ ਹਾਰਟ ਤੇ ਸਟਰੋਕ (stroke) ਦੀ ਬਿਮਾਰੀ ਹੁੰਦੀ ਏ, ਇਸੇ ਕਰਕੇ LDL ਨੂੰ ਮਾੜੀ ਕੋਲੈਸਟਰੌਲ ਕਹਿੰਦੇ ਹਨ। ਸ਼ੂਗਰ, ਮਾੜੀ ਕੋਲੈਸਟਰੌਲ (LDL) ਅਤੇ Triglycerides ਦੀ ਮਾਤਰਾ ਖ਼ੂਨ ਵਿੱਚ ਵਧਾ ਦਿੰਦੀ ਹੈ ਅਤੇ LDL ਦੀ ਬਨਾਵਟ ਵੀ ਖਰਾਬ ਕਰ ਦਿੰਦੀ ਹੈ। ਜਿਗਰ ਦੇ ਰੀਸੈਪਟਰਜ਼ ਇਸ ਤਰ੍ਹਾਂ ਦੀ ਕੋਲੈਸਟੌਲ ਨੂੰ ਪਛਾਣਦੇ ਨਹੀਂ, ਇਹ ਜਿਗਰ ਵਿੱਚ ਜਾ ਨਹੀਂ ਸਕਦੀ ਅਤੇ ਖ਼ੂਨ ਵਿੱਚ ਇਸ ਦੀ ਮਾਤਰਾ ਹੋਰ ਵੀ ਵਧ ਜਾਂਦੀ ਹੈ। ਕੋਲੈਸਟਰੌਲ ਦੇ ਖ਼ੂਨ ਦੀਆਂ ਨਾੜੀਆਂ ਵਿੱਚ ਜੰਮਣ ਨੂੰ ਜਾਂ ਪਲੈਕ ਬਣਾਉਣ ਨੂੰ atherosclerosis ਜਾਂ atheroma ਕਹਿੰਦੇ ਹਨ। ਜਦੋਂ ਐਥੀਰੋਮਾ ਵਿੱਚ ਕੈਲਸੀਅਮ ਜਮ੍ਹਾਂ ਹੋ ਜਾਂਦੈ ਤਾਂ ਉਸ ਨੂੰ ਕੈਲਸੀਫਾਈਡ ਸਪੌਟਸ ਕਹਿੰਦੇ ਹਨ, ਜੋ ਸਕੈਨ ਵਿੱਚ ਦਿਖਾਈ ਦਿੰਦੇ ਨੇ।

## ਸਿਹਤ ਲਈ ਜਾਣਕਾਰੀ

ਡਾ. ਹਰਬੰਸ ਕੌਰ ਦਿਓਲ

ਇਸ ਤੋਂ ਇਲਾਵਾ ਹੋਰ ਵੀ ਕਾਰਨ ਹਨ ਐਥੀਰੋਮਾ ਬਣਨ ਦੇ, ਜਿਵੇਂ ਔਕਸੀਡੇਟਿਵ ਸਟਰੈਸ (oxidative stress) ਜਿਸ ਵਿੱਚ ਅਨਬੈਲੇਨਸਡ ਫਰੀ ਰੈਡੀਕਲ (unbalanced free radical) ਜਮ੍ਹਾਂ ਹੋ ਜਾਂਦੇ ਨੇ, metabolism ਕਰ ਕੇ ਸਾਹ ਲੈਣ ਨਾਲ ਜਾਂ ਆਪਣੇ ਆਲੇ-ਦੁਆਲੇ ਦੀਆਂ ਹਾਨੀਕਾਰਕ ਚੀਜ਼ਾਂ ਕਾਰਨ। ਇਹ ਐਂਟੀਓਕਸੀਡੈਂਟ ਵੀ ਘਾਟ ਕਰਕੇ ਵੀ ਹੋ ਸਕਦੇ ਨੇ।

3. ਜੇ ਖ਼ੂਨ ਦਾ ਦੌਰਾ (ਬਲੱਡ ਪ੍ਰੈਸ਼ਰ) ਜ਼ਿਆਦਾ ਹੋਵੇ, ਇਸ ਨਾਲ turbulence ਕਰਕੇ ਖ਼ੂਨ ਦੀਆਂ ਨਾੜੀਆਂ ਅੰਦਰੋਂ ਖਰਾਬ ਹੋ ਜਾਂਦੀਆਂ ਨੇ

-ਕੈਲਸੀਅਮ ਬਜ਼ੁਰਗਾਂ ਦੀਆਂ ਖ਼ੂਨ ਦੀਆਂ ਨਾੜੀਆਂ ਵਿੱਚ, ਵੱਡੀ ਉਮਰ ਦੇ ਕਾਰਨ ਵੀ ਜਮ੍ਹਾਂ ਹੋ ਸਕਦਾ ਏ ਥੋੜ੍ਹਾ ਜਿਹਾ।

ਕੈਲਸੀਅਮ ਦਾ ਸਬੰਧ ਦਿਲ ਦੀ ਬਿਮਾਰੀ ਨਾਲ ਥੋੜ੍ਹਾ ਗੁੰਝਲ ਜਿਹਾ ਏ। ਕਈ ਵਾਰ ਦਿਲ ਦੀ ਬਿਮਾਰੀ ਉਨ੍ਹਾਂ ਲੋਕਾਂ ਵਿੱਚ ਵੀ ਹੋ ਜਾਂਦੀ ਐ, ਜਿਨ੍ਹਾਂ ਦੀ ਕੈਲਸੀਅਮ ਸਕੈਨ ਠੀਕ ਹੋਵੇ ਅਤੇ ਕਈ ਵਾਰੀ ਕੈਲਸੀਅਮ ਹੁੰਦਾ ਹੈ ਪਰ ਦਿਲ ਦਾ ਦੌਰਾ ਨਹੀਂ ਪੈਂਦਾ। ਇਸ ਕਰ ਕੇ ਹੋਰ ਤਰ੍ਹਾਂ ਦੇ ਟੈਸਟ ਕਰਨ ਦੀ ਜ਼ਰੂਰਤ ਪੈਂਦੀ ਹੈ। ਲਿਪਿਡ ਪੈਨਲ (lipid panel) ਵਿੱਚ ਕੋਲੈਸਟਰੌਲ, HDL ਅਤੇ LDL ਕਰਨ ਨਾਲ ਸਿਹਤ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਇਸ ਕਰ ਕੇ ਟੈਸਟ ਜ਼ਿਆਦਾ ਸਹੀ (accurate) ਬਣਾਉਣ ਲਈ LDL particle size, APOB level ਅਤੇ triglycerides HDL ration (ਰੇਸ਼ੋ ਜੇ ਨੰਬਰ ਵੰਨ ਦੇ ਨੇੜੇ-ਤੇੜੇ ਹੋਵੇ, ਤਾਂ ਬਹੁਤ ਅੱਛਾ ਹੈ) ਵੀ ਕਰਵਾਉਣੇ ਚਾਹੀਦੇ ਹਨ। ਇਹ ਸਾਰੇ ਟੈਸਟ ਕਰਵਾਉਣ ਲਈ NMR ਜਾਂ ਐਡਵਾਂਸ ਲਿਪਿਡ ਪੈਨਲ ਕਰਨੀ ਪਏਗੀ। ਇਹ ਟੈਸਟ ਕਰਨ ਵੇਲੇ ਤੁਸੀਂ ਬਿਮਾਰ ਨਹੀਂ ਹੋਣੇ ਚਾਹੀਦੇ ਅਤੇ 12 ਘੰਟੇ ਦਾ ਵਰਤ (fast) ਵੀ ਹੋਣਾ ਚਾਹੀਦਾ ਹੈ। ਇਨ੍ਹਾਂ ਦੇ ਨਾਲ ਸ਼ੂਗਰ, ਇਨਸੁਲਿਨ, thyroid ਟੈਸਟ ਅਤੇ ਹੋਮੋ ਸਿਸਟੀਨ ਵਗੈਰਾ ਵੀ ਕਰਵਾ ਲੈਣੇ ਚਾਹੀਦੇ ਹਨ।"

"ਦੀਦੀ, ਕਿਉਂ ਨਾ ਆਪਾਂ ਸੰਖੇਪ ਕਰਕੇ ਦੇਖੀਏ ਇਹ ਸਾਰੀ ਜਾਣਕਾਰੀ।"

"ਚੱਲ ਸੁਣ ਫਿਰ...

1. ਕੈਲਸੀਅਮ ਸਕੈਨ 100% ਸਹੀ ਨਹੀਂ ਜਦਕਿ ਐਨਜੀਓਗ੍ਰਾਫੀ (angiography) ਹੈ, ਪਰ ਇਹ invasive ਹੈ

2. ਰੀਫਾਈਂਡ ਕਾਰਬਜ਼ ਕਰਕੇ LDL ਅਤੇ triglyceride ਵਧ ਜਾਂਦੇ ਨੇ, ਇਨ੍ਹਾਂ ਕਰਕੇ LDL ਡੈਮੇਜ ਹੋ ਜਾਂਦੀ ਹੈ ਯਾਨਿ ਨੁਕਸਾਨੀ ਜਾਂਦੀ ਹੈ ਤੇ ਲਿਵਰ ਨੂੰ ਇਸ ਦੀ ਪਛਾਣ ਨਹੀਂ ਆਉਂਦੀ ਅਤੇ ਇਹ ਲਿਵਰ ਵਿੱਚ ਨਹੀਂ ਜਾ ਸਕਦੀ ਤੇ ਖ਼ੂਨ ਵਿੱਚ ਇਸ ਦੀ ਮਿਕਦਾਰ ਵਧ ਜਾਂਦੀ ਏ।

3. ਇਨ੍ਹਾਂ ਕਰਕੇ ਹੀ ਇਸ਼ੂ ਅਤੇ ਖ਼ੂਨ ਦੀਆਂ ਨਾੜੀਆਂ ਵਿੱਚ ਇਨਫਲੇਮੇਸ਼ਨ ਹੁੰਦਾ ਏ ਅਤੇ ਪਲੈਕ ਦੀ ਸ਼ੁਰੂਆਤ ਹੁੰਦੀ ਏ।

4. ਛੋਟੀ ਅਤੇ ਡੈਨਸ LDL ਖਤਰਨਾਕ ਹੈ ਅਤੇ ਇਸ ਹੈ carbs ਕਰਕੇ

5. Triglyceride ਦੀ ਮਾਤਰਾ ਵਧ ਜਾਂਦੀ ਹੈ refined carbs ਕਰਕੇ ਅਤੇ ਇਹ ਜ਼ਿਆਦਾ ਨੁਕਸਾਨਦਾਇਕ ਹਨ

6. ਫਰੋਕਟੋਜ, ਗੁਲੂਕੋਜ਼ ਤੋਂ ਜ਼ਿਆਦਾ ਹਾਨੀਕਾਰਕ ਹੈ

7. ਨਵੀਂ ਖੋਜ ਮੁਤਾਬਕ ਆਪਣੀ ਖ਼ੁਰਾਕ ਵਾਲੀ ਫੈਟ ਦਾ ਆਪਣੇ ਸਰੀਰ ਵਿੱਚ ਕੋਲੈਸਟਰੌਲ 'ਤੇ ਜ਼ਿਆਦਾ ਅਸਰ ਨਹੀਂ ਪੈਂਦਾ

8. ਖ਼ੁਰਾਕ ਵਾਲੇ ਸੈਚੂਰੇਟਡ ਫੈਟਸ ਦੋਹਾਂ- LDL ਅਤੇ HDL ਨੂੰ ਵਧਾਉਂਦੇ ਨੇ। ਖ਼ੁਸ਼ਖਬਰੀ ਇਹ ਹੈ ਕਿ LDL ਵੱਡੇ ਸਾਈਜ਼ ਵਾਲੀ ਅਤੇ fluffy ਵਧਦੀ ਏ, ਛੋਟੇ ਤੇ ਸੰਘਣੇ ਕਣਾਂ (dense particles) ਵਾਲੀ ਨਹੀਂ। ਇਸ ਤਰ੍ਹਾਂ ਦੇ ਫੈਟ ਆਪਣੀ ਖ਼ੁਰਾਕ ਦਾ 10% ਹਿੱਸਾ ਹੋ ਸਕਦੇ ਹਨ।

ਇਨ੍ਹਾਂ ਦਾ ਸਰੋਤ ਡੇਅਰੀ ਹੋਵੇ, grass fed ਅਤੇ free range

ਇਸ ਦੇ ਇਲਾਜ ਬਾਰੇ ਆਪਾਂ ਅਗਲੀ ਵਾਰ ਗੱਲਾਂ ਕਰਾਂਗੇ।

ਕਿਉਂ ਪ੍ਰੀਤ, ਕਯਾ ਖਯਾਲ ਐ ਆਪ ਕਾ?"

"ਠੀਕ ਐ, ਜਿਵੇਂ ਤੁਹਾਡੀ ਮਰਜੀ।"

**ਨੋਟ: ਇਸ ਲੇਖ ਵਿਚਲੇ ਤੱਥ ਸਿਰਫ ਜਾਣਕਾਰੀ ਲਈ ਛਾਪੇ ਜਾ ਰਹੇ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਰ-ਪਾਹਰ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਜ਼ਰੂਰ ਕਰੋ।**

# ਜਾਅਲੀ ਖਬਰਾਂ ਦਾ ਮੱਕੜਜਾਲ

ਗਹਿਰ-ਗੰਭੀਰ

ਤਰਲੋਚਨ ਸਿੰਘ ਭੱਟੀ
ਸੇਵਾ ਮੁਕਤ ਪੀ.ਸੀ.ਐਸ.
ਫੋਨ:91-9876502607



**ਬਨਾਉਟੀ ਬੁੱਧੀ (ਆਰਟੀਫਿਸ਼ੀਅਲ ਇਨਟੈਲੀਜੈਂਸ) ਨੇ ਜਾਅਲੀ ਡੈਟਾਬੇਸ ਨੂੰ ਹੋਰ ਆਸਾਨ ਬਣਾ ਦਿੱਤਾ ਹੈ। ਲਗਦਾ ਹੈ, ਅਸੀਂ ਜਲਦੀ ਹੀ ਐਸੀ ਸਥਿਤੀ ਦਾ ਸ਼ਿਕਾਰ ਹੋਵਾਂਗੇ ਜਦੋਂ ਸੱਚ ਅਤੇ ਝੂਠ ਦੇ ਫਰਕ ਨੂੰ ਸਮਝਣਾ ਮੁਸ਼ਕਲ ਹੋ ਜਾਵੇਗਾ ਅਤੇ 'ਸੱਚਾਈ ਦੀ ਖੋਜ' ਇੱਕ ਸੁਪਨਾ ਬਣ ਕੇ ਰਹਿ ਜਾਵੇਗੀ।**

ਕਦੇ ਸਮਾਂ ਸੀ ਜਦੋਂ ਅਫਵਾਹਾਂ ਅਤੇ ਹੋਰ ਝੂਠੀ ਜਾਣਕਾਰੀ ਜਬਾਨੀ ਕਲਾਮੀ ਹੁੰਦੀ ਸੀ ਜਾਂ ਵੱਧ ਤੋਂ ਵੱਧ ਲਾਊਡ ਸਪੀਕਰਾਂ ਅਤੇ ਰਵਾਇਤੀ ਮੀਡੀਆਂ ਰਾਹੀਂ ਸੀਮਤ ਪੱਧਰ ਉਤੇ ਫੈਲਾਈ ਜਾਂਦੀ ਸੀ, ਪਰ ਅਜੋਕੇ ਸੰਚਾਰ ਦੇ ਡਿਜ਼ੀਟਲ ਯੁੱਗ ਵਿੱਚ ਸੰਪਾਦਿਤ ਵੀਡੀਓਜ਼, ਵੈਬਸਾਈਟਾਂ ਬਲਾਰਾ, ਮੀਮਜ਼, ਗੈਰ-ਪ੍ਰਮਾਣਿਤ ਇਸ਼ਤਿਹਾਰ ਅਤੇ ਸੋਸ਼ਲ ਮੀਡੀਆ ਰਾਹੀਂ ਫੈਲਾਈਆਂ ਜਾ ਰਹੀਆਂ ਝੂਠੀਆਂ ਖਬਰਾਂ ਦੀ ਗਿਣਤੀ ਕਰਨੀ ਵੀ ਮੁਸ਼ਕਲ ਹੋ ਗਈ ਹੈ। ਇਹ ਇੱਕ ਗੰਭੀਰ ਸਮੱਸਿਆ ਹੈ, ਕਿਉਂਕਿ ਜਾਅਲੀ ਖਬਰਾਂ ਨੂੰ ਜਾਣ-ਬੁੱਝ ਕੇ ਅਤੇ ਪ੍ਰਮਾਣਿਤ ਤੌਰ 'ਤੇ ਝੂਠੀਆਂ ਹੋਣ ਦੇ ਬਾਵਜੂਦ ਇਸ ਢੰਗ ਨਾਲ ਲੋਕਾਂ ਸਾਹਮਣੇ ਪਰੋਸੀਆਂ ਜਾ ਰਹੀਆਂ ਹਨ ਕਿ ਉਹ ਸੱਚੀਆਂ ਲੱਗਣ ਲੱਗ ਜਾਂਦੀਆਂ ਹਨ। ਅਕਾਦਮਿਕ 'ਟਾਈਪੋਲੋਜੀ' ਇੱਕ ਐਸਾ ਤਾਣਾ-ਬਾਣਾ ਹੈ, ਜੋ ਸਿਆਸੀ ਹਿੱਤਾਂ ਦੀ ਪੂਰਤੀ ਵੱਲ ਸੇਧਤ ਹੁੰਦਾ ਹੈ। ਕੋਰੋਨਾਵਾਇਰਸ ਮਹਾਂਮਾਰੀ ਦੌਰਾਨ ਗਲਤ ਖੋਜਾਂ ਅਤੇ ਅੰਕੜੇ ਪੇਸ਼ ਕੀਤੇ ਜਾਂਦੇ ਰਹੇ, ਜਿਨ੍ਹਾਂ ਦੀ ਅਜੇ ਤੱਕ ਪੁਸ਼ਟੀ ਨਹੀਂ ਹੋਈ। ਸਿਟੀਜ਼ਨ ਅਮੈਂਡਮੈਂਟ ਬਿੱਲ ਦੇ ਵਿਰੋਧ ਨੇ ਜਾਅਲੀ ਖਬਰਾਂ ਅਤੇ ਛੇੜਛਾੜ ਵਾਲੀ ਸਮੱਗਰੀ ਦਾ ਹੜ੍ਹ ਲੈ ਆਂਦਾ। ਭਾਰਤੀ ਸੁਰੱਖਿਆ ਤੇ ਖੁਫ਼ੀਆ ਏਜੰਸੀਆਂ ਨੇ ਕਥਿਤ ਤੌਰ 'ਤੇ ਪਾਕਿਸਤਾਨ ਤੋਂ ਲਗਭਗ 5050 ਸੋਸ਼ਲ ਮੀਡੀਆ ਹੈਂਡਲਾਂ ਦੀ ਪਛਾਣ ਕੀਤੀ, ਜੋ ਫਰਜ਼ੀ ਤੇ ਝੂਠੇ ਡੂੰਘੇ ਜਾਅਲੀ ਵੀਡੀਓਜ਼ (ਡੀਪਫੇਕ) ਰਾਹੀਂ ਪ੍ਰਚਾਰ ਕਰਦੇ ਸਨ।

ਭਾਰਤ ਵਿੱਚ 2019 ਦੀਆਂ ਲੋਕ ਸਭਾ ਚੋਣਾਂ ਨੂੰ ਪਹਿਲੀਆਂ 'ਵੱਟਸਐਪ ਚੋਣਾਂ' ਕਿਹਾ ਜਾ ਸਕਦਾ ਹੈ, ਜਿਸ ਵਿੱਚ ਜਾਅਲੀ ਖਬਰਾਂ ਪ੍ਰਚਲਤ ਕਰਨ ਲਈ ਸਭ ਤੋਂ ਵੱਧ ਵੱਟਸਐਪ ਦਾ ਸਹਾਰਾ ਲਿਆ ਗਿਆ। ਫੇਸਬੁੱਕ ਵੀ ਜਾਅਲੀ ਖਬਰਾਂ ਤੋਂ ਏਨੀ ਪ੍ਰਭਾਵਤ ਹੋਈ ਕਿ ਉਸਨੂੰ ਲਗਭਗ 10 ਲੱਖ ਜਾਅਲੀ ਖਾਤੇ ਫੇਸਬੁੱਕ ਤੋਂ ਹਟਾਉਣੇ ਪਏ। 2019 ਵਿੱਚ 'ਯੂ.ਈ. ਡਿਸਇਨਫੋ ਲੈਬ' ਵੱਲੋਂ ਕੀਤੇ ਗਏ ਅਧਿਐਨ ਅਨੁਸਾਰ 65 ਤੋਂ ਵੱਧ ਦੇਸ਼ਾਂ ਵਿੱਚ ਘੱਟੋ-ਘੱਟ 265 ਜਾਅਲੀ ਸਥਾਨਕ ਖਬਰਾਂ ਦੀਆਂ ਵੈਬਸਾਈਟਾਂ ਨੂੰ ਪਾਕਿਸਤਾਨ ਵਿਰੁੱਧ ਜਾਅਲੀ ਖਬਰਾਂ ਫੈਲਾਉਣ ਦਾ ਨੈੱਟਵਰਕ ਬਣਾਇਆ ਗਿਆ। 2020 ਵਿੱਚ ਇੰਡੀਅਨ ਕਰੋਨੀਕਲਜ਼ ਵੱਲੋਂ ਕੀਤੇ ਗਏ ਅਧਿਐਨ ਅਨੁਸਾਰ 116 ਦੇਸ਼ਾਂ ਵਿੱਚ ਭਾਰਤੀ-ਪੱਖੀ ਜਾਅਲੀ ਖਬਰਾਂ ਫੈਲਾਉਣ ਵਾਲੀਆਂ ਸਾਈਟਾਂ ਦੀ ਗਿਣਤੀ 750 ਤੋਂ ਵੱਧ ਹੈ। ਬੀ.ਬੀ.ਸੀ. ਨਿਊਜ਼ ਅਨੁਸਾਰ ਬਹੁਤ ਸਾਰੀਆਂ ਜਾਅਲੀ ਖਬਰਾਂ ਦੀਆਂ ਵੈਬਸਾਈਟਾਂ ਇੱਕ ਭਾਰਤੀ ਕੰਪਨੀ ਚਲਾ ਰਹੀ ਸੀ, ਜਿਨ੍ਹਾਂ ਵਿੱਚ ਪਾਕਿਸਤਾਨ ਵਿਰੋਧੀ ਯੂਰਪੀਨ ਲਾਬਿੰਗ ਦੇ ਯਤਨਾਂ ਨਾਲ ਜਾਅਲੀ ਖਬਰਾਂ ਦਾ ਪ੍ਰਚਾਰ ਕੀਤਾ ਗਿਆ। ਦੂਜੇ ਮੀਡੀਆ ਆਊਟਲੈਟਾਂ ਤੋਂ ਸਿੰਡੀਕੇਟ ਖਬਰਾਂ ਦੀ ਸਮੱਗਰੀ ਨੂੰ ਤੋੜ-ਮਰੋੜ ਕੇ ਸਬੰਧਤ ਸਾਈਟਾਂ ਵਿੱਚ ਪਾਇਆ ਜਾਂਦਾ ਰਿਹਾ। ਏ.ਐਨ.ਆਈ. ਖੋਜਕਰਤਾਵਾਂ ਦਾ ਕਹਿਣਾ ਹੈ ਕਿ ਜਾਅਲੀ ਵੈਬਸਾਈਟਾਂ ਦਾ ਮੁੱਖ ਨਿਸ਼ਾਨਾ ਸਮੱਗਰੀ ਯੂਰਪ ਦੇ ਪਾਠਕਾਂ ਲਈ ਨਹੀਂ, ਸਗੋਂ ਭਾਰਤੀ ਪਾਠਕਾਂ ਲਈ ਹੁੰਦੀ ਸੀ। ਇਨ੍ਹਾਂ ਸਾਈਟਾਂ 'ਤੇ ਸੰਯੁਕਤ ਰਾਸ਼ਟਰ ਦੇ ਨਕਲੀ ਟੈਲੀਫੋਨ ਨੰਬਰਾਂ ਅਤੇ ਪਤਿਆਂ ਨੂੰ ਸੂਚੀਬੱਧ ਕੀਤਾ ਗਿਆ। ਅਗਸਤ 2019 ਵਿੱਚ ਜੰਮੂ ਅਤੇ ਕਸ਼ਮੀਰ ਦੀ ਧਾਰਾ 370 ਨੂੰ ਭਾਰਤ ਦੀ ਸਰਕਾਰ ਵੱਲੋਂ ਰੱਦ ਕੀਤੇ ਜਾਣ ਤੋਂ ਬਾਅਦ ਇਸ ਬਾਰੇ ਝੂਠੀ ਜਾਣਕਾਰੀ ਫੈਲਾਈ ਗਈ। ਇਸੇ ਤਰ੍ਹਾਂ ਇਜ਼ਰਾਇਲ-ਹਮਾਸ ਯੁੱਧ ਸਬੰਧੀ ਭਾਰਤ ਵਿੱਚ ਸਥਿਤ ਸੋਸ਼ਲ ਮੀਡੀਆ ਨੂੰ ਉਭਾਰ ਕੇ ਲੋਕਾਂ ਵਿੱਚ ਡਰ ਪੈਦਾ ਕੀਤਾ ਗਿਆ ਅਤੇ ਫਲਸਤੀਨੀਆ ਬਾਰੇ ਗਲਤ ਜਾਣਕਾਰੀ ਦਿੱਤੀ ਗਈ।

ਸੋਸ਼ਲ ਮੀਡੀਆ 'ਤੇ ਜਾਅਲੀ ਖਬਰਾਂ ਕਾਰਨ ਹੋਣ ਵਾਲਾ ਨੁਕਸਾਨ ਭਾਰਤ 'ਚ ਇੰਟਰਨੈਟ ਦੇ ਪ੍ਰਵੇਸ਼ ਨਾਲ ਵਧਿਆ ਹੈ, ਜੋ 2012 'ਚ 137 ਮਿਲੀਅਨ ਇੰਟਰਨੈਟ ਉਪਭੋਗਤਾਵਾਂ ਤੋਂ ਵਧ ਕੇ 2019 ਵਿੱਚ 600 ਮਿਲੀਅਨ ਤੋਂ ਵੀ ਵੱਧ ਹੋ ਗਏ। ਵੇਖਿਆ ਗਿਆ ਹੈ ਕਿ ਜਾਅਲੀ ਖਬਰਾਂ ਦੀ ਵਰਤੋਂ ਅਕਸਰ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਜਾਂਦੀ ਹੈ, ਜੋ ਸਥਾਨਕ ਦੰਗਿਆਂ ਦਾ ਕਾਰਨ ਬਣਦੀਆਂ ਹਨ। ਨਵੰਬਰ 2019 ਵਿੱਚ ਸੂਚਨਾ ਅਤੇ ਪ੍ਰਸਾਰਣ ਮੰਤਰਾਲਾ, ਭਾਰਤ ਸਰਕਾਰ ਨੇ ਜਾਅਲੀ ਖਬਰਾਂ ਰੋਕਣ ਲਈ ਇੱਕ ਤੱਥ-ਜਾਂਚ ਮੁਡਿਊਲ ਸਥਾਪਤ ਕਰਨ ਦੀ ਯੋਜਨਾ ਬਣਾਈ, ਜਿਸ ਦਾ ਮੁੱਖ ਮੰਤਵ ਆਨਲਾਈਨ ਖਬਰਾਂ ਦੇ ਸਰੋਤਾਂ ਅਤੇ ਜਨਤਕ ਤੌਰ 'ਤੇ ਦਿਖਾਈ ਦੇਣ ਵਾਲੀਆਂ ਸੋਸ਼ਲ ਮੀਡੀਆ ਸਾਈਟਾਂ ਦੀ ਨਿਰੰਤਰ ਨਿਗਰਾਨੀ ਕਰਨ ਦਾ ਪ੍ਰਬੰਧ ਹੈ, ਜੋ ਫੋਕਸ ਕਰੇਗਾ ਕਿ ਸਰਕਾਰ ਨਾਲ ਸਬੰਧਤ ਖਬਰਾਂ ਦੀ ਪੁਸ਼ਟੀ ਕੀਤੀ ਜਾਵੇ। ਪ੍ਰੈਸ ਕੌਂਸਲ ਆਫ ਇੰਡੀਆ ਅਨੁਸਾਰ ਜਾਅਲੀ ਖਬਰਾਂ ਨਾਲ ਸਬੰਧਤ ਵਿਵਸਥਾਵਾਂ ਪ੍ਰੈਸ ਦੀ ਆਜ਼ਾਦੀ ਨੂੰ ਪ੍ਰਭਾਵਤ ਕਰਦੀਆਂ ਹਨ।

ਫੈਕਟ ਚੈਕਰ ਇਨ, ਬੂਮ, ਆਲਟ ਨਿਊਜ਼, ਫੈਕਲਟੀ ਐਂਡ ਐਸ.ਐਮ. ਹੋਅਕਸ ਸਲੇਅਰ ਆਦਿ ਮੀਡੀਆ ਘਰਾਣਿਆਂ ਨੇ ਵੀ ਹੁਣ ਆਪਣੇ ਤੱਥ ਜਾਂਚ ਵਿਭਾਗ ਬਣਾਏ ਹਨ। ਇੰਡੀਆ ਟੁਡੇ ਗਰੁੱਪ, ਵਿਸ਼ਵਾਸ ਨਿਊਜ਼, ਫੈਕਲਟੀ ਨਿਊਜ਼ ਮੋਬਾਇਲ, ਫੈਕਟ ਕਰੈਸੈਂਡੋ, ਗੂਗਲ ਆਦਿ ਨੇ ਵੀ ਜਾਅਲੀ ਖਬਰਾਂ ਦੀ ਰੋਕਥਾਮ ਲਈ ਆਪਣੇ ਤੌਰ 'ਤੇ ਉਪਰਾਲੇ ਕੀਤੇ ਹਨ, ਜਿਸ ਰਾਹੀਂ ਜਾਣਕਾਰੀ ਦਾ ਮੁਲੰਕਣ ਕਰਨ ਅਤੇ ਇਸ ਦੇ ਸਰੋਤਾਂ ਨੂੰ ਸਮਝਣ ਲਈ ਉਪਭੋਗਤਾਵਾਂ ਨੂੰ ਅਸਾਨੀ ਹੋਵੇਗੀ। ਇਸ ਵਰਤਾਰੇ ਨੂੰ ਹਿੰਦੀ, ਤਾਮਿਲ, ਬੰਗਾਲੀ, ਮਰਾਠੀ, ਗੁਜਰਾਤੀ, ਤੈਲਗੂ, ਮਲਿਆਲਮ, ਕੰਨੜ ਅਤੇ ਪੰਜਾਬੀ ਸਮੇਤ ਹੋਰ ਭਾਸ਼ਾਵਾਂ ਵਿੱਚ ਵੀ ਜਾਣਿਆ ਜਾ ਸਕਦਾ ਹੈ। ਇਸ ਨਾਲ ਉਪਭੋਗਤਾਵਾਂ ਨੂੰ ਇਹ ਜਾਣਨ ਵਿੱਚ ਆਸਾਨੀ ਹੋਵੇਗੀ ਕਿ ਕਿਹੜੀਆਂ ਵੈਬਸਾਈਟਾਂ ਉਨ੍ਹਾਂ ਨੂੰ ਸਹੀ ਅਤੇ ਤੱਥਾਂ ਭਰਪੂਰ ਜਾਣਕਾਰੀ ਦੇ ਸਕਦੀਆਂ ਹਨ। ਜਰੂਰਤ ਹੈ ਕਿ ਸਕੂਲਾਂ ਵਿੱਚ ਵੀ, ਜਿਥੇ ਵਿਦਿਆਰਥੀ ਗਲਤ ਖਬਰਾਂ ਅਤੇ ਝੂਠੀ ਜਾਣਕਾਰੀ ਨਾਲ ਬੁਰੀ ਤਰ੍ਹਾਂ ਪ੍ਰਭਾਵਤ ਹੁੰਦੇ ਹਨ, ਵਿਦਿਆਰਥੀਆਂ ਅਤੇ ਮਾਪਿਆਂ ਨੂੰ ਜਾਗਰੂਕ ਕਰਨ ਲਈ ਸਰਕਾਰਾਂ ਤੇ ਗੈਰ-ਸਰਕਾਰੀ ਸਮਾਜਿਕ ਸੰਗਠਨਾਂ ਵੱਲੋਂ ਜਨਤਕ ਪਹਿਲਕਦਮੀਆਂ ਕੀਤੀਆਂ ਜਾਣ। 2018 ਵਿੱਚ ਗੂਗਲ ਨਿਊਜ਼ ਨੇ 'ਜਾਅਲੀ ਖਬਰਾਂ ਅਤੇ ਤੱਥ ਜਾਂਚ ਅਭਿਆਸ ਬਾਰੇ' ਅੰਗਰੇਜ਼ੀ ਸਮੇਤ 7 ਅਧਿਕਾਰਤ ਭਾਰਤੀ ਭਾਸ਼ਾਵਾਂ ਵਿੱਚ 8000 ਪੱਤਰਕਾਰਾਂ ਨੂੰ ਸਿਖਲਾਈ ਦੇਣ ਲਈ ਇੱਕ ਪ੍ਰੋਗਰਾਮ ਸ਼ੁਰੂ ਕੀਤਾ ਸੀ। ਫੇਸਬੁੱਕ ਨੇ ਭਾਰਤ ਵਿੱਚ ਤੱਥਾਂ ਦੀ ਜਾਂਚ ਕਰਨ ਵਾਲੀਆਂ ਵੈਬਸਾਈਟਾਂ ਬੂਮ, ਵੈਬਬੁੱਕ ਆਦਿ ਨਾਲ ਭਾਈਵਾਲੀ ਵੀ ਕੀਤੀ। ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਨੇ ਜਾਅਲੀ ਖਬਰਾਂ ਦੀ ਪਹਿਚਾਣ ਅਤੇ ਰੋਕਥਾਮ ਲਈ ਨਿਗਰਾਨ ਕੇਂਦਰ ਗਠਿਤ ਕੀਤੇ ਹਨ।




2018 ਵਿੱਚ 'ਵਿਸ਼ਵ ਪ੍ਰੈੱਸ ਆਜ਼ਾਦੀ ਦਿਹਾੜੇ' ਦੇ ਮੌਕੇ 'ਤੇ ਬਹੁਤੇ ਸਾਰੇ ਪੱਤਰਕਾਰਾਂ ਅਤੇ ਸਮਾਜਿਕ ਕਾਰਕੂਨਾਂ ਨੇ ਸਰਕਾਰਾਂ ਦੀ ਗੋਦੀ ਵਿੱਚ ਬੈਠੇ ਮੀਡੀਆ ਦੀ ਤਿੱਖੀ ਅਲੋਚਨਾ ਕੀਤੀ ਕਿ ਉਹ ਇੱਕ ਪੱਖੀ ਅਤੇ ਫਰਜ਼ੀ ਖਬਰਾਂ ਚਲਾਉਂਦੇ ਹਨ ਅਤੇ ਝੂਠੇ ਬਿਰਤਾਂਤ ਸਿਰਜਦੇ ਹਨ। ਜਰੂਰਤ ਹੈ ਕਿ ਖਬਰਾਂ ਦੇ ਸੱਚ ਜਾਂ ਝੂਠ ਨੂੰ ਜਾਣਨ ਲਈ ਖਬਰਾਂ ਦੇ ਲੇਖਕ, ਸਰੋਤ, ਵਿਸਥਾਰ ਜਾਰੀ ਹੋਣ ਦੀ ਮਿਤੀ, ਮਾਹਰਾਂ ਦੀ ਰਾਏ ਅਤੇ ਖਬਰ ਦੇ ਸਹਾਇਕ ਸੂਚਨਾ ਨੂੰ ਜਾਣਿਆ ਜਾਵੇ। ਮਾਹਰਾਂ ਅਨੁਸਾਰ ਜਾਅਲੀ ਖਬਰਾਂ ਕਾਰਨ ਭਾਰਤੀ ਹੀ ਨਹੀਂ, ਸਗੋਂ ਵਿਦੇਸ਼ੀ ਲੋਕ ਵੀ ਪ੍ਰੇਸ਼ਾਨ ਹਨ। ਸਟੈਟਸਟੀਕਲ ਜਨਰਲ ਆਫ਼ ਦਾ ਆਈ.ਏ.ਓ.ਐਸ. (2016) ਅਨੁਸਾਰ ਕਰਵਾਏ ਜਾਂਦੇ ਸਰਵੇ ਅਤੇ ਅਧਿਐਨ ਵਿੱਚ ਹਰੇਕ 5 ਸਰਵੇ ਪਿੱਛੇ ਇੱਕ ਦੇ ਅੰਕੜੇ ਜਾਅਲੀ ਹੁੰਦੇ ਹਨ। ਲੋਕ ਰਾਏ ਪੋਲ, ਤੇ ਐਗਜਿਟ ਪੋਲ ਦੇ ਅੰਕੜੇ ਦੀ ਤੋੜ-ਮਰੋੜ ਕੇ ਪੇਸ਼ ਕੀਤੇ ਜਾਂਦੇ ਹਨ ਅਤੇ ਸਿਰਜੇ ਗਏ ਝੂਠੇ ਬਿਰਤਾਂਤਾਂ ਨੂੰ ਸੱਚੇ ਦਿਖਾਉਣ ਲਈ ਮਨਘੜਤ ਅੰਕੜੇ ਤੇ ਡੈਟਾਬੇਸ ਤਿਆਰ ਕੀਤਾ ਜਾਂਦਾ ਹੈ। ਬਨਾਉਟੀ ਬੁੱਧੀ (ਆਰਟੀਫਿਸ਼ੀਅਲ ਇਨਟੈਲੀਜੈਂਸ) ਨੇ ਜਾਅਲੀ ਡੈਟਾਬੇਸ ਨੂੰ ਹੋਰ ਆਸਾਨ ਬਣਾ ਦਿੱਤਾ ਹੈ। ਲਗਦਾ ਹੈ, ਅਸੀਂ ਜਲਦੀ ਹੀ ਐਸੀ ਸਥਿਤੀ ਦਾ ਸ਼ਿਕਾਰ ਹੋਵਾਂਗੇ ਜਦੋਂ ਸੱਚ ਅਤੇ ਝੂਠ ਦੇ ਫਰਕ ਨੂੰ ਸਮਝਣਾ ਮੁਸ਼ਕਲ ਹੋ ਜਾਵੇਗਾ ਅਤੇ 'ਸੱਚਾਈ ਦੀ ਖੋਜ' ਇੱਕ ਸੁਪਨਾ ਬਣ ਕੇ ਰਹਿ ਜਾਵੇਗੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਦੀ

ਲੱਖ ਲੱਖ ਵਧਾਈ

ਇਸ ਸ਼ੁਭ ਦਿਹਾੜੇ 'ਤੇ ਕੁਲ ਲੋਕਾਈ ਨੂੰ ਬਹੁਤ ਬਹੁਤ ਮੁਬਾਰਕਬਾਦ ਦਿੰਦਿਆਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਸਾਲ 2024 ਸਾਰਿਆਂ ਲਈ ਭਾਗਾਂ ਭਰਿਆ ਹੋਵੇ



From:
Baldev Singh & Amrit Kaur Toor
and Family (Ph: 847-385-8226)

Gurdaspur Trucking Chicago

# ਨਿਊਜ਼ੀਲੈਂਡ ਦੀ ਤਰੱਕੀ ’ਚ ਵੱਡਾ ਯੋਗਦਾਨ ਪਾ ਰਹੇ ਨੇ ਪੰਜਾਬੀ

**ਰੁਜ਼ਗਾਰ ਲਈ ਪਰਵਾਸ ਹੰਢਾਉਂਦੇ ਪੰਜਾਬੀ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਵੱਸੇ ਹੋਏ ਹਨ ਤੇ ਆਪਣੀ ਮਿਹਨਤ, ਲਿਆਕਤ ਅਤੇ ਮੁਹੱਬਤ ਸਦਕਾ ਨਿਰੰਤਰ ਉਚੇਰੇ ਮੁਕਾਮ ਹਾਸਿਲ ਕਰ ਰਹੇ ਹਨ। ਬੇਹੱਦ ਖ਼ੂਬਸੂਰਤ ਕਹੀ ਜਾਂਦੀ ਨਿਊਜ਼ੀਲੈਂਡ ਦੀ ਧਰਤੀ ’ਤੇ ਜਾ ਵੱਸੇ ਪੰਜਾਬੀਆਂ ਨੇ ਨਿਊਜ਼ੀਲੈਂਡ ਦੀ ਤਰੱਕੀ ’ਚ ਵੱਡਾ ਯੋਗਦਾਨ ਪਾ ਰਹੇ ਹਨ।**

## ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



ਜਦੋਂ ਸੰਨ 2018 ਵਿੱਚ ਨਿਊਜ਼ੀਲੈਂਡ ਸਰਕਾਰ ਨੇ ਜਨਗਣਨਾ ਕਰਵਾਈ ਸੀ ਤਾਂ ਉੱਥੇ ਭਾਰਤੀਆਂ ਦੀ ਸੰਖਿਆ 2,39,193 ਸੀ, ਜਿਨ੍ਹਾਂ ਵਿੱਚੋਂ 1,17,348 ਤਾਂ ਭਾਰਤ ਦੇ ਜੰਮਪਲ ਸਨ ਅਤੇ ਬਾਕੀਆਂ ਦਾ ਜਨਮ ਜਾਂ ਤਾਂ ਭਾਰਤੀ ਪਰਿਵਾਰਾਂ ’ਚ ਨਿਊਜ਼ੀਲੈਂਡ ਜਾਣ ਪਿੱਛੋਂ ਹੋਇਆ ਸੀ ਤੇ ਜਾਂ ਫਿਰ ਉਹ ਦੂਜੇ ਮੁਲਕਾਂ ਤੋਂ ਨਿਊਜ਼ੀਲੈਂਡ ਵਿੱਚ ਤਬਦੀਲ ਹੋਏ ਸਨ। ਇਹ ਅੰਕੜਾ ਉਸ ਵੇਲੇ ਦੀ ਨਿਊਜ਼ੀਲੈਂਡ ਦੀ ਕੁੱਲ ਆਬਾਦੀ ਦਾ 4.7 ਫ਼ੀਸਦੀ ਦੇ ਕਰੀਬ ਬਣਦਾ ਸੀ। ਇਸ ਜਨਗਣਨਾ ਅਨੁਸਾਰ ਨਿਊਜ਼ੀਲੈਂਡ ਦੀ ਧਰਤੀ ’ਤੇ ਵੱਸਦੇ ਪੰਜਾਬੀਆਂ ਦੀ ਸੰਖਿਆ 41 ਹਜ਼ਾਰ ਦੇ ਕਰੀਬ ਸੀ, ਜੋ ਕੁੱਲ ਆਬਾਦੀ ਦਾ 0.9 ਫ਼ੀਸਦੀ ਦੇ ਕਰੀਬ ਬਣਦਾ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਸਾਲ 1991 ਵਿੱਚ ਇੱਥੇ ਪੰਜਾਬੀਆਂ ਦੀ ਸੰਖਿਆ ਕੇਵਲ 2061 ਸੀ, ਜੋ ਸੰਨ 2006 ਵਿੱਚ 9507 ’ਤੇ ਜਾ ਪੁੱਜੀ ਸੀ ਅਤੇ ਫਿਰ ਸਾਲ 2013 ਵਿੱਚ ਦੁੱਗਣੀ ਹੋ ਕੇ 19,191 ਦੇ ਅੰਕੜੇ ਤੱਕ ਪੁੱਜ ਗਈ ਸੀ। ਇਸ ਤੇਜ਼ੀ ਨਾਲ ਹੋ ਰਹੇ ਵਾਧੇ ਦਾ ਇੱਕ ਕਾਰਨ ਪੰਜਾਬੀ ਵਿਦਿਆਰਥੀਆਂ ਦਾ ਕੈਨੇਡਾ ਵੱਲੋਂ ਮੋਹ ਭੰਗ ਹੋਣ ਪਿੱਛੋਂ ਆਸਟਰੇਲੀਆ ਅਤੇ ਨਿਊਜ਼ੀਲੈਂਡ ਵੱਲ ਨੂੰ ਰੁਖ ਕਰਨਾ ਸੀ।

ਪ੍ਰਾਪਤ ਇਤਿਹਾਸਕ ਜਾਣਕਾਰੀ ਤੋਂ ਪਤਾ ਲੱਗਦਾ ਹੈ ਕਿ ਉੱਨੀਵੀਂ ਸਦੀ ਦੇ ਅਖ਼ੀਰ ਵਿੱਚ ਪੰਜਾਬੀਆਂ ਨੇ ਨਿਊਜ਼ੀਲੈਂਡ ਦਾ ਰੁਖ਼ ਕੀਤਾ ਸੀ। ਇੱਥੇ ਪੁੱਜਣ ਵਾਲੇ ਸਭ ਤੋਂ ਪਹਿਲੇ ਪੰਜਾਬੀਆਂ ਵਿੱਚ ਪੰਜਾਬ ਦੇ ਜ਼ਿਲ੍ਹਾ ਮੋਗਾ ਨਾਲ ਸਬੰਧ ਰੱਖਦੇ ਦੋ ਭਰਾ- ਫ਼ੁੰਮਣ ਸਿੰਘ ਤੇ ਬੀਰ ਸਿੰਘ ਦੇ ਨਾਂ ਸ਼ਾਮਿਲ ਹਨ। ਬੀਰ ਸਿੰਘ ਦਰਅਸਲ ਦੇਸੀ ਜੜ੍ਹੀਆਂ-ਬੂਟੀਆਂ ਦਾ ਕੰਮ ਕਰਦਾ ਸੀ ਅਤੇ ਉਸ ਨੇ ਇੱਥੋਂ ਦੇ ਗਰਮ ਪਾਣੀ ਵਾਲੇ ਤਲਾਬਾਂ ਲਈ ਮਸ਼ਹੂਰ ਖਿੱਤੇ ’ਚ ਵੱਸਦੇ ‘ਮੌਰੀ’ ਲੋਕਾਂ ਵਿੱਚ ਆ ਕੇ ਵਾਸ ਕਰ ਲਿਆ ਸੀ ਤੇ ਇੱਥੇ ਹੀ ਸ਼ਾਦੀ ਕਰਵਾ ਕੇ ਪੈਰ ਜਮਾਅ ਲਏ ਸਨ। ਸੰਨ 1890 ਤੋਂ ਸੰਨ 1910 ਤੱਕ ਦੇ ਵੀਹ ਸਾਲਾਂ ਦੇ ਅਰਸੇ ਵਿੱਚ ਕਾਫੀ ਸਾਰੇ ਪੰਜਾਬੀ ਨਿਊਜ਼ੀਲੈਂਡ ਆਣ ਪੁੱਜੇ ਸਨ ਅਤੇ ਆਕਲੈਂਡ, ਵੈਲੰਗਟਨ, ਕ੍ਰਾਈਸਟਚਰਚ ਤੇ ਵੈਕੇਟੋ ਆਦਿ ਸ਼ਹਿਰਾਂ ਵਿੱਚ ਜਾ ਵੱਸੇ ਸਨ।

ਨਿਊਜ਼ੀਲੈਂਡ ਦੀ ਤਰੱਕੀ ਵਿੱਚ ਪੰਜਾਬੀਆਂ ਦੇ ਯੋਗਦਾਨ ਦੀ ਗੱਲ ਕਰਦਿਆਂ ਇਤਿਹਾਸਕ ਹਵਾਲਿਆਂ ਵਿੱਚ ਇਹ ਦਰਜ ਕੀਤਾ ਗਿਆ ਹੈ ਕਿ ਪੰਜਾਬੀਆਂ ਨੇ ਇੱਥੇ ਆ ਕੇ ਸੈਂਕੜੇ ਮੀਲ ਤੱਕ ਫ਼ੈਲੀ ਘਾਹ-ਬੂਟੀ ਨੂੰ ਬੜੀ ਮੁਸ਼ੱਕਤ ਨਾਲ ਸਾਫ਼ ਕਰਕੇ ਜ਼ਮੀਨ ਨੂੰ ਖੇਤੀ ਯੋਗ ਬਣਾਇਆ ਸੀ ਤੇ ਵੈਕੇਟੋ ਖੇਤਰ ਵਿੱਚ ਤਾਂ ਪੰਜਾਬੀਆਂ ਨੇ ਡੇਅਰੀ ਉਦਯੋਗ ਦੀ ਲਹਿਰ ਹੀ ਚਲਾ ਦਿੱਤੀ ਸੀ, ਜੋ ਅੱਜ ਵੀ ਬਾਦਸਤੂਰ ਜਾਰੀ ਹੈ। ਪੰਜਾਬੀਆਂ ਦੇ ਅਮੁੱਕ ਯੋਗਦਾਨ ਸਦਕਾ ਉਨ੍ਹਾਂ ਨੂੰ ਨਿਊਜ਼ੀਲੈਂਡ ਵਿੱਚ ਬਹੁਤ ਮਾਣ-ਸਤਿਕਾਰ ਦਿੱਤਾ ਜਾਂਦਾ ਹੈ। ਸੰਨ 1964 ਵਿੱਚ ਇੱਥੇ ਸਿੱਖਾਂ ਦੀ ਆਬਾਦੀ ਚੰਗੀ ਹੋ ਜਾਣ ਕਰਕੇ ਕੋਈ ਸਿੱਖ ਧਾਰਮਿਕ ਅਸਥਾਨ ਉਸਾਰੇ ਜਾਣ ਦੀਆਂ ਗੱਲਾਂ ਹੋਣ ਲੱਗ ਪਈਆਂ ਸਨ ਤੇ ਸੰਨ 1977 ਵਿੱਚ ਹੈਮਿਲਟਨ ਵਿਖੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਕਰ ਦਿੱਤੀ ਗਈ ਸੀ। ਇਸ ਤੋਂ ਬਾਅਦ ਦੂਜਾ ਗੁਰਦੁਆਰਾ ਸੰਨ 1986 ਵਿੱਚ ਓਤਾਨਹੂ ਸ਼ਹਿਰ ’ਚ ਸਥਾਪਿਤ ਕੀਤਾ ਗਿਆ ਸੀ ਤੇ ਉਪਰੰਤ ਨਿਊਜ਼ੀਲੈਂਡ ਦੇ ਵੱਖ-ਵੱਖ ਇਲਾਕਿਆਂ ਵਿੱਚ 25 ਦੇ ਕਰੀਬ ਗੁਰਦੁਆਰਾ ਸਾਹਿਬ ਸੁਸ਼ੋਭਿਤ ਕਰ ਦਿੱਤੇ ਗਏ, ਜਿਨ੍ਹਾਂ ਦੇ ਪ੍ਰਬੰਧਨ ਨਾਲ ‘ਦਿ ਨਿਊਜ਼ੀਲੈਂਡ ਸੈਂਟਰਲ ਸਿੱਖ ਐਸੋਸੀਏਸ਼ਨ’ ਨਾਮਕ ਸੰਸਥਾ ਜੁੜੀ ਹੋਈ ਹੈ। ਇਸ ਤੋਂ ਇਲਾਵਾ ਕਈ ਹੋਰ ਸਿੱਖ ਸੰਸਥਾਵਾਂ ਅਤੇ ਸੰਗਠਨ ਵੀ ਨਿਊਜ਼ੀਲੈਂਡ ਵਿੱਚ ਸਰਗਰਮ ਹਨ।

ਪੰਜਾਬੀ ਲੋਕ ਚਾਹੇ ਜਿੱਥੇ ਮਰਜ਼ੀ ਚਲੇ ਜਾਣ, ਉਹ ਆਪਣੀ ਫਿਤਰਤ ਵਿੱਚੋਂ ਮਿਹਨਤ ਅਤੇ ਮੁਹੱਬਤ ਨੂੰ ਕਦੀ ਮਨਫ਼ੀ ਨਹੀਂ ਹੋਣ ਦਿੰਦੇ ਹਨ, ਜਿਸ ਕਰਕੇ ਉਹ ਹਰੇਕ ਮੁਲਕ ਵਿੱਚ ਚੋਖਾ ਨਾਮਣਾ ਖੱਟਦੇ ਹਨ। ਨਿਊਜ਼ੀਲੈਂਡ ਵਿੱਚ ਭਾਰਤੀ ਮੂਲ ਦਾ ਈਸ਼ ਸੋਢੀ ਨਿਊਜ਼ੀਲੈਂਡ ਦੀ ਕੌਮੀ ਕ੍ਰਿਕਟ ਟੀਮ ਦਾ ਖਿਡਾਰੀ ਬਣ ਚੁੱਕਾ ਹੈ ਤੇ ਸਰਵਸ੍ਰੀ ਕੰਵਲਜੀਤ ਸਿੰਘ ਬਖ਼ਸ਼ੀ, ਪਰਮਜੀਤ ਪਰਮਾਰ ਅਤੇ ਖੜਗ ਸਿੰਘ ਸਮੇਤ ਕੁਝ ਹੋਰ ਪੰਜਾਬੀ ਨਿਊਜ਼ੀਲੈਂਡ ਦੀ ਸਿਆਸਤ ਵਿੱਚ ਆਪਣੀ ਪੈਂਠ ਬਣਾ ਕੇ ਸੰਸਦ ਤੱਕ ਪੁੱਜਣ ‘ਚ ਸਫ਼ਲ ਹੋ ਚੁੱਕੇ ਹਨ ਜਾਂ ਸੰਸਦ ਮੈਂਬਰੀ ਲਈ ਚੋਣ ਲੜ ਚੁੱਕੇ ਹਨ। ਸ. ਕੰਵਲਜੀਤ ਸਿੰਘ ਬਖ਼ਸ਼ੀ ਤਾਂ ਸਾਲ 2001 ਵਿੱਚ ਦਿੱਲੀ ਤੋਂ ਨਿਊਜ਼ੀਲੈਂਡ ਆਏ ਸਨ ਤੇ ਸਾਲ 2008 ਵਿੱਚ ਪਹਿਲੀ ਵਾਰ ਸੰਸਦ ਮੈਂਬਰ ਚੁਣੇ ਗਏ ਸਨ। ਉਪਰੰਤ ਸੰਨ 2020 ਤੱਕ ਤਿੰਨ ਵਾਰ ਲਗਾਤਾਰ ਸੰਸਦ ਮੈਂਬਰ ਚੁਣੇ ਜਾਂਦੇ ਰਹੇ ਸਨ। ਸ. ਬਖ਼ਸ਼ੀ ਨੂੰ ਸਾਲ 2011 ਵਿੱਚ ਭਾਰਤ-ਨਿਊਜ਼ੀਲੈਂਡ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਸ੍ਰੀ ਜੌਨ੍ਹ ਕੀ ਨਾਲ ਭਾਰਤ ਦੇ ਦੌਰੇ ’ਤੇ ਆਉਣ ਦਾ ਸੁਭਾਗ ਵੀ ਹਾਸਿਲ ਹੋਇਆ ਸੀ ਤੇ ਸੰਨ 2015 ਵਿੱਚ ਭਾਰਤ ਸਰਕਾਰ ਨੇ ਉਨ੍ਹਾਂ ਨੂੰ ‘ਪਰਵਾਸੀ ਭਾਰਤੀ ਸਨਮਾਨ ਪੁਰਸਕਾਰ’ ਨਾਲ ਨਿਵਾਜਿਆ ਸੀ।

ਇਸੇ ਤਰ੍ਹਾਂ ਭਾਰਤੀ ਮੂਲ ਦੀ ਪਰਮਜੀਤ ਪਰਮਾਰ ਵੀ ਭਾਰਤੀ ਹਵਾਈ ਫ਼ੌਜ ਦੇ ਇੱਕ ਅਧਿਕਾਰੀ ਦੀ ਧੀ ਹੈ ਤੇ ਸੰਨ 1995 ਵਿੱਚ ਉਹ ਨਿਊਜ਼ੀਲੈਂਡ ਆ ਗਈ ਸੀ। ਉਸ ਨੇ ਇਥੇ ਆ ਕੇ ‘ਨਿਊਰੋ ਸਾਇੰਸ’ ਵਿਸ਼ੇ ਵਿੱਚ ਪੀਐਚ.ਡੀ. ਕੀਤੀ ਤੇ ਬਤੌਰ ਵਿਗਿਆਨੀ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸ ਨੂੰ ਚਲੰਤ ਮਾਮਲਿਆਂ ਸਬੰਧੀ ਰੇਡੀਓ ’ਤੇ ਚਰਚਾ ਕਰਨ ਦਾ ਸ਼ੌਕ ਹੈ ਤੇ ਉਹ ‘ਰੇਡੀਓ ਤਰਾਨਾ’ ਉਤੇ ਕਈ ਪ੍ਰੋਗਰਾਮ ਬਤੌਰ ਮੇਜ਼ਬਾਨ ਕਰਦੀ ਰਹੀ ਹੈ। ਉਸ ਨੂੰ ਨਿਊਜ਼ੀਲੈਂਡ ਦੇ ਦੋ ਪ੍ਰਧਾਨ ਮੰਤਰੀਆਂ- ਸ੍ਰੀਮਤੀ ਹੈਲਨ ਕਲਾਰਕ ਅਤੇ ਸ੍ਰੀ ਜੌਨ੍ਹ ਕੀ ਨਾਲ ਭਾਰਤ ਦੇ ਦੌਰੇ ’ਤੇ ਬਤੌਰ ਪੱਤਰਕਾਰ ਆਉਣ ਦਾ ਮੌਕਾ ਵੀ ਮਿਲ ਚੁੱਕਾ ਹੈ ਤੇ ਸੰਨ 2012 ਤੋਂ ਬਾਅਦ ਉਹ ਨਿਊਜ਼ੀਲੈਂਡ ਦੀ ਸਿਆਸਤ ਵਿੱਚ ਸਰਗਰਮ ਹੋ ਗਈ ਸੀ। ਉਹ ਸਾਲ 2014 ਅਤੇ 2017 ਵਿੱਚ ਸੰਸਦ ਮੈਂਬਰ ਚੁਣੇ ਜਾਣ ਤੋਂ ਬਾਅਦ ਅਕਤੂਬਰ 2023 ਵਿੱਚ ਇੱਕ ਵਾਰ ਫਿਰ ਸੰਸਦ ਮੈਂਬਰ ਚੁਣੇ ਜਾਣ ਵਿੱਚ ਕਾਮਯਾਬ ਰਹੀ ਹੈ। ਸ. ਰਵਿੰਦਰ ਸਿੰਘ ਪਰਮਾਰ ਉਸ ਦੇ ਪਤੀ ਹਨ ਤੇ ਹੁਣ ਉਹ ਦੋ ਬੱਚਿਆਂ ਦੀ ਮਾਂ ਵੀ ਹੈ।

ਸ. ਭੁਪਿੰਦਰ ਸਿੰਘ ਅਤੇ ਅਮਨਦੀਪ ਸਿੰਘ ਕ੍ਰਮਵਾਰ ਆਕਲੈਂਡ ਕ੍ਰਿਕ੍ਰਟ ਟੀਮ ਤੇ ਕੈਂਟਰਬਰੀ ਵਿਜ਼ਰਡਜ਼ ਨਾਮਕ ਟੀਮਾਂ ਦੇ ਮਹੱਤਵਪੂਰਨ ਖਿਡਾਰੀਆਂ ਵਜੋਂ ਆਪਣੀਆਂ ਭੂਮਿਕਾਵਾਂ ਅਦਾ ਕਰ ਚੁਕੇ ਹਨ। ਮਾਣਯੋਗ ਸੁੱਖੀ ਟਰਨਰ (ਸੁਖਵਿੰਦਰ ਕੌਰ ਟਰਨਰ) ਨੂੰ ਤਾਂ ਨਿਊਜ਼ੀਲੈਂਡ ਦੇ ਅਹਿਮ ਸ਼ਹਿਰ ‘ਡਿਊਨਡਿਨ’ ਦਾ ਮੇਅਰ ਹੋਣ ਦਾ ਸਰਫ਼ ਵੀ ਹਾਸਿਲ ਹੋ ਚੁਕਾ ਹੈ। ਕਿੰਨੇ ਫ਼ਖ਼ਰ ਦੀ ਗੱਲ ਹੈ ਕਿ ਸੁੱਖੀ ਟਰਨਰ ਇਸ ਅਹੁਦੇ ਲਈ ਸੰਨ 1995 ਵਿੱਚ ਚੁਣੀ ਗਈ ਸੀ ਤੇ ਸੰਨ 2004 ਵਿੱਚ ਆਪਣੀ ਸੇਵਾ-ਮੁਕਤੀ ਤੱਕ ਉਹ ਇਸ ਅਹੁਦੇ ’ਤੇ ਸੁਭਾਇਮਾਨ ਰਹੀ ਸੀ। ਜ਼ਿਕਰਯੋਗ ਹੈ ਕਿ ਸੁੱਖੀ ਟਰਨਰ ਦਾ ਜਨਮ 13 ਅਪ੍ਰੈਲ 1952 ਨੂੰ ਲੁਧਿਆਣਾ ਵਿਖੇ ਵੱਸਦੇ ਸਕੁਆਰਡਨ ਲੀਡਰ ਸ. ਜਸਬੀਰ ਸਿੰਘ ਗਿੱਲ ਦੇ ਘਰ ਸ੍ਰੀਮਤੀ ਪ੍ਰੇਮਜੀਤ ਕੌਰ ਦੀ ਕੁੱਖੋਂ ਹੋਇਆ ਸੀ। ਉਸ ਦਾ ਵਿਆਹ ਸੰਨ 1973 ਵਿੱਚ ਨਿਊਜ਼ਲੈਂਡ ਕ੍ਰਿਕਟ ਟੀਮ ਦੇ ਨਾਮਵਰ ਖਿਡਾਰੀ ਗਲੈਨ ਟਰਨਰ ਨਾਲ ਹੋਇਆ ਸੀ।

ਨਿਊਜ਼ੀਲੈਂਡ ਦੇ ਵੱਖ-ਵੱਖ ਖਿੱਤਿਆਂ ‘ਚ ਵੱਸਦੇ ਪੰਜਾਬੀਆਂ ਦੀ ਸੰਖਿਆ ਦੀ ਜੇ ਗੱਲ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਾਲ 2018 ਦੀ ਜਨਗਣਨਾ ਅਨੁਸਾਰ ਸਭ ਤੋਂ ਵੱਧ ਪੰਜਾਬੀ (23,382) ਆਕਲੈਂਡ ਵਿਖੇ ਵੱਸਦੇ ਹਨ, ਜਦਕਿ ਤਾਸਮਨ ਵਿਖੇ ਵੱਸਦੇ ਪੰਜਾਬੀਆਂ ਦੀ ਸੰਖਿਆ ਕੇਵਲ 51 ਸੀ ਤੇ ਸਭ ਤੋਂ ਘੱਟ ਪੰਜਾਬੀਆਂ ਦੀ ਕੁੱਲ ਵੱਸੋਂ 33 ਸੀ, ਜੋ ਕਿ ‘ਵੈਸਟ ਕੋਸਟ’ ਇਲਾਕੇ ਵਿੱਚ ਵੱਸਦੀ ਸੀ।



ਹੈਮਿਲਟਨ, ਨਿਊਜ਼ੀਲੈਂਡ ਵਿਖੇ ਬਣਿਆ ਪਹਿਲਾ ਗੁਰਦੁਆਰਾ ਸਾਹਿਬ

ਨਿਊਜ਼ੀਲੈਂਡ ਪਰਵਾਸ ਕਰਨ ਵਾਲੇ ਪਹਿਲੇ ਪੰਜਾਬੀਆਂ ਵਿੱਚ ਸ. ਗੇਂਦਾ ਸਿੰਘ ਵੀ ਸ਼ੁਮਾਰ ਸਨ। ਉਹ 14 ਸਾਲ ਦੀ ਉਮਰ ਵਿੱਚ ਅਨਾਥ ਹੋ ਗਏ ਸਨ, ਪਰ ਅਖੀਰ ਤੱਕ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਹਿੰਮਤ ਅਤੇ ਸਖ਼ਤ ਮਿਹਨਤ ਨਾਲ ਆਪਣੇ ਵਾਰਿਸਾਂ ਲਈ ਨਿਰੰਤਰ ਪ੍ਰੇਰਨਾ ਸਰੋਤ ਬਣੇ ਰਹੇ। ਗੇਂਦਾ ਸਿੰਘ ਦਾ ਵੱਡਾ ਪਰਿਵਾਰ ਹੈ, ਜੋ ਨਿਊਜ਼ੀਲੈਂਡ ਤੋਂ ਇਲਾਵਾ ਕੈਨੇਡਾ, ਅਮਰੀਕਾ, ਯੂਨਾਈਟਿਡ ਕਿੰਗਡਮ ਅਤੇ ਭਾਰਤ ਵਿੱਚ ਰਹਿੰਦਾ ਹੈ। ਸਾਰਿਆਂ ਨੂੰ ਇਸ ਦਲੇਰ ਅਤੇ ਨਿਰਸੁਆਰਥ ਵਿਅਕਤੀ ‘ਤੇ ਮਾਣ ਹੈ, ਜਿਸ ਨੇ ਆਪਣੇ ਪਰਿਵਾਰ ਲਈ ਬਿਹਤਰ ਜ਼ਿੰਦਗੀ ਦੀ ਭਾਲ ਵਿਚ ਆਪਣਾ ਘਰ ਛੱਡ ਕੇ ਬਹੁਤ ਦੁੱਖ ਝੱਲੇ।

1905 ਵਿੱਚ, 17 ਸਾਲ ਦੀ ਉਮਰ ਵਿੱਚ ਗੇਂਦਾ ਸਿੰਘ ਮੱਧ ਪੂਰਬ ਅਤੇ ਯੂਰਪ ਦੇ ਆਲੇ-ਦੁਆਲੇ ਮਿਹਨਤ ਕਰਦਾ ਰਿਹਾ। ਗੇਂਦਾ ਸਿੰਘ ਨੂੰ ਇੱਕ ਦੇਸ਼ ਤੋਂ ਦੂਜੇ ਦੇਸ਼ ਜਾਣ ਲਈ ਮਜਬੂਰ ਹੋਣਾ ਪਿਆ, ਕਿਉਂਕਿ ਬਹੁਤੇ ਦੇਸ਼ਾਂ ਨੇ ਵਿਦੇਸ਼ੀਆਂ ਨੂੰ ਛੇ ਮਹੀਨਿਆਂ ਤੋਂ ਵੱਧ ਸਮਾਂ ਰਹਿਣ ਦੀ ਇਜਾਜ਼ਤ ਨਾ ਦਿੱਤੀ। ਆਪਣੀ ਯਾਤਰਾ ਦੌਰਾਨ ਗੇਂਦਾ ਨੇ ਸੁਣਿਆ ਕਿ ਨਿਊਜ਼ੀਲੈਂਡ ਵਿੱਚ ਜੇ ਤੁਸੀਂ ਅੰਗਰੇਜ਼ੀ ਵਿੱਚ ਆਗਮਨ ਫਾਰਮ ਭਰ ਸਕਦੇ ਹੋ ਤਾਂ ਤੁਹਾਨੂੰ ਇੱਕ ਸਥਾਈ ਨਿਵਾਸੀ ਵੀਜ਼ਾ ਦਿੱਤਾ ਜਾਂਦਾ ਹੈ।

ਗੇਂਦਾ ਸਿੰਘ ਫਿਜੀ ਰਾਹੀਂ ਨਿਊਜ਼ੀਲੈਂਡ ਵਿੱਚ ਆਉਣ ਵਾਲਾ ਪਹਿਲਾ ਪੰਜਾਬੀ ਸੀ। ਕਰੀਬ ਪੰਜ ਸਾਲ ਉਸ ਨੇ ਵਾਂਗਾਨੁਈ ਖੇਤਰ ਵਿੱਚ ਇੱਕ ਸਕਰਬ ਕਟਰ ਅਤੇ ਖੇਤ ਮਜ਼ਦੂਰ ਵਜੋਂ ਕੰਮ ਕੀਤਾ। 1917 ਵਿਚ ਉਹ ਵਿਆਹ ਕਰਨ ਲਈ ਭਾਰਤ ਵਾਪਸ ਪਰਤਿਆ। ਆਪਣੀ ਮਿਹਨਤ ਦੀ ਕਮਾਈ ਨਾਲ ਉਸ ਨੇ ਆਪਣੇ ਪਿੰਡ ਗੋਵਿੰਦਪੁਰ ਵਿੱਚ ਪਹਿਲਾ ਇੱਟਾਂ ਦਾ ਘਰ ਬਣਾਇਆ। ਉਸ ਨੇ ਖੇਤੀਬਾੜੀ ਜ਼ਮੀਨ ਵੀ ਖਰੀਦੀ ਅਤੇ ਦੋ ਲੜਕਿਆਂ ਤੇ ਦੋ ਲੜਕੀਆਂ ਦੇ ਪਰਿਵਾਰ ਦਾ ਪਾਲਣ ਪੋਸ਼ਣ ਕੀਤਾ।

1952 ਤੱਕ ਗੇਂਦਾ ਸਿੰਘ ਅਤੇ ਉਸ ਦੇ ਪੁੱਤਰ ਚੰਨਣ ਸਿੰਘ ਨੇ ਖੇਤ ਖਰੀਦਣ ਦੇ ਆਪਣੇ ਜੀਵਨ ਭਰ ਦੇ ਸੁਪਨੇ ਨੂੰ ਪੂਰਾ ਕਰਨ ਲਈ ਕਾਫ਼ੀ ਪੈਸਾ ਬਚਾ ਲਿਆ ਸੀ। ਉਨ੍ਹਾਂ ਨੇ ਵਾਂਗਾਨੁਈ ਦੇ ਬਾਹਰਵਾਰ 250 ਏਕੜ ਅਣਗੌਲੇ ਖੇਤ ਖਰੀਦੇ, ਜੋ ਲਗਭਗ ਪੂਰੀ ਤਰ੍ਹਾਂ ਗੋਰਸ ਅਤੇ ਝਾੜੀਆਂ ਵਿੱਚ ਢਕੇ ਹੋਏ ਸਨ। ਉਹ ਉਨ੍ਹਾਂ ਲਈ ਇੱਕ ਹੋਰ ਚੁਣੌਤੀ ਸੀ। ਗੇਂਦਾ ਸਿੰਘ ਨੇ ਇਸ ਫਾਰਮ ‘ਤੇ ਕੰਮ ਕੀਤਾ ਅਤੇ ਫੈਸਲਾ ਕੀਤਾ ਕਿ ਜਦੋਂ ਉਹ 70 ਸਾਲ ਦਾ ਹੋ ਗਿਆ ਤਾਂ ਉਹ ਰਿਟਾਇਰ ਹੋਣ ਲਈ ਭਾਰਤ ਵਾਪਸ ਆ ਜਾਵੇਗਾ, ਪਰ ਅਫ਼ਸੋਸ ਦੀ ਗੱਲ ਹੈ ਕਿ 1958 ਵਿੱਚ ਉਸ ਦੇ 70ਵੇਂ ਜਨਮ ਦਿਨ ਤੋਂ ਦੋ ਹਫ਼ਤੇ ਪਹਿਲਾਂ ਗੇਂਦਾ ਸਿੰਘ ਦਾ ਦਿਹਾਂਤ ਹੋ ਗਿਆ।



ਸ. ਗੇਂਦਾ ਸਿੰਘ (ਖੱਬੇ) ਆਪਣੇ ਪੁੱਤ ਸ. ਚੰਨਣ (ਸੱਜੇ) ਨਾਲ



ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥

ਮਾਨਵੀ ਮੁੱਲਾਂ ਦੇ ਪਹਿਰੇਦਾਰ, ਬਹੁਮੁਖੀ ਸ਼ਖਸੀਅਤ ਦੇ ਮਾਲਕ, ਲਾਸਾਨੀ ਯੋਧੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈ

ਇੱਕ ਹੋਰ ਸਾਲ ਬੀਤ ਗਿਆ, ਇੱਕ ਹੋਰ ਸਾਲ ਆ ਗਿਆ...

# ਖੁਸ਼ਆਮਦੀਦ 2024

ਕਾਮਨਾ ਹੈ ਕਿ ਨਵਾਂ ਸਾਲ ਤੁਹਾਡੇ ਲਈ ਨਵੇਂ ਸਾਹਸਾਂ ਅਤੇ ਚੰਗੀ ਕਿਸਮਤ ਨਾਲ ਭਰਿਆ ਹੋਵੇ



ਸ. ਹਰਵਿੰਦਰ ਸਿੰਘ ਘੋਤੜਾ (ਸ਼ਿਕਾਗੋ) ਅਤੇ ਸਮੂਹ ਪਰਿਵਾਰ
ਫੋਨ: 708-228-8520

**ਜ਼ਫ਼ਰਨਾਮਾ**

# ਸ਼ਮਸ਼ੀਰਾਂ ਦੇ ਜੌਹਰ ਵਿੱਚ ਫ਼ਤਹਿ ਦਾ ਐਲਾਨਨਾਮਾ

**ਦੱਖਣੀ ਏਸ਼ੀਆ ਜਿਸ ਰਾਹ ਵੱਲ ਤੁਰ ਰਿਹਾ ਹੈ, ਉਸ ਵਿੱਚ ਹਿੰਦੁਸਤਾਨ ਦਾ ਭਵਿੱਖ ਇਸ ਨੂੰ ਕਿਸੇ ਵੀ ਦਿਸ਼ਾ ਵਿੱਚ ਮੋੜ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਹੀ ਅਜਿਹਾ ਖ਼ਜ਼ਾਨਾ ਹੈ, ਜੋ ਇਸ ਨੂੰ ਟੁੱਟਣ ਤੋਂ ਬਚਾ ਸਕਦਾ ਹੈ। ਇਹ ਟੁੱਟ ਭੱਜ ਦਾ ਕਹਿਰ ਤਾਂ ਹੀ ਠੱਲ੍ਹ ਸਕਦਾ ਹੈ, ਜੇ ਹਿੰਦੁਸਤਾਨ ਦੀ ਮੁਖ ਧਾਰਾ ਗੁਰੂ ਗ੍ਰੰਥ ਸਾਹਿਬ ਦੀ ਧਾਰਾ ਨੂੰ ਪ੍ਰਣਾ ਲਵੇ, ਜਿਸ ਵਿੱਚ ਸਮੂਹ ਧਰਮਾਂ ਨੂੰ ਨਾਲ ਲੈ ਕੇ ਤੁਰਨ ਦੀ ਤਾਕਤ ਹੈ। ਰੂਸ ਤੇ ਚੀਨ ਦਾ ਮਾਰਕਸਵਾਦੀ ਸਮਾਜਿਕ ਵਰਤਾਰਾ ਗੁਰੂ ਗ੍ਰੰਥ ਸਾਹਿਬ ਵਿੱਚ ਸਿਰਜੇ ਵਿਸ਼ਵ ਦੇ ਸਮਾਜਕ ਵਰਤਾਰੇ ਤੋਂ ਕੋਹਾਂ ਦੂਰ ਤੇ ਊਣਾ ਹੈ। ਜਿਸ ਦਿਨ ਇਨ੍ਹਾਂ ਦੇਸ਼ਾਂ ਦੀਆਂ ਮਾਰਕਸਵਾਦੀ ਵਿਚਾਰਧਰਾਵਾਂ ਨੇ ਆਪਣੇ ਸਮਾਜਿਕ ਵਰਤਾਰੇ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਮਾਜਿਕ ਵਰਤਾਰੇ ਵਿੱਚ ਰੰਗ ਲਿਆ, ਉਸ ਦਿਨ ਖ਼ਾਲਸਾ ਜੀ ਦਾ ਸਗਲੀ ਧਰਤੀ 'ਤੇ ਰਾਜ ਸਥਾਪਤ ਹੋ ਜਾਵੇਗਾ ਅਤੇ ਵਿਸ਼ਵ ਇੱਕ ਸਭਿਆਚਾਰਕ ਇਕਾਈ ਦੀ ਮਾਲਾ ਵਿੱਚ ਪ੍ਰੋਇਆ ਜਾਵੇਗਾ, ਜਿਸ ਦੀ ਨੀਂਹ ਮਨੁੱਖਤਾ ਹੋਵੇਗੀ; ਤੇ ਗੁਰੂ ਗ੍ਰੰਥ ਸਾਹਿਬ 'ਚ ਮਨੁੱਖਤਾ ਦੇ ਕਲਿਆਣ ਦੀ ਹੀ ਗੱਲ ਕੀਤੀ ਗਈ ਹੈ।**

**ਵਿਸ਼ੇਸ਼**

**ਡਾ. ਸਵਰਨਜੀਤ ਸਿੰਘ**
swaranjeetsingh@gmail.com



ਜਦੋਂ ਹਿੰਦੁਸਤਾਨ ਦੀ ਧਰਤੀ ਨੂੰ ਬਾਬਰ ਦੀਆਂ ਬੇਮੁਹਾਰੀਆਂ ਫ਼ੌਜਾਂ ਦੇ ਘੋੜਿਆਂ ਦੇ ਪੌੜਾਂ ਨੇ ਬੜੀ ਬੇਰਹਿਮੀ ਨਾਲ ਮਨੁੱਖਤਾ ਦੀ ਇੱਜ਼ਤ, ਆਬਰੂ ਤੇ ਅਣਖ਼ ਨੂੰ ਲੀਰੋ-ਲੀਰ ਕਰਨ ਦੀ ਹਿਮਾਕਤ ਕੀਤੀ ਤਾਂ ਵਕਤ ਦੀ ਇਸ ਜ਼ਾਲਮ ਹਨੇਰੀ ਝੁਲਾਉਣ ਦੀ ਹਿੰਮਤ ਕਰਨ ਵਾਲੇ ਬਾਬਰ ਨੂੰ ਗੁਰੂ ਨਾਨਕ ਸਾਹਿਬ ਨੇ ਜਾਬਰ ਕਹਿ ਕੇ ਸੰਬੋਧਨ ਕੀਤਾ ਤੇ ਉਸ ਨੂੰ ਆਪਣੀ ਸ਼ਮਸ਼ੀਰ ਦਾ ਰੁਖ ਮਨੁੱਖਤਾ ਦੀ ਭਲਾਈ ਵੱਲ ਮੋੜਨ ਦੀ ਵੰਗਾਰ ਪਾਈ। ਸ਼ਮਸ਼ੀਰਾਂ ਦੇ ਇਨ੍ਹਾਂ ਹੀ ਜੌਹਰਾਂ ਵਿੱਚ ਜਦੋਂ ਔਰੰਗਜ਼ੇਬ ਨੇ ਜੰਗ ਦੇ ਨਿਯਮਾਂ ਵਿੱਚ ਨੈਤਿਕ ਪਤਨ ਦਾ ਇਤਿਹਾਸ ਸਿਰਜਿਆ ਤਾਂ ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਨੂੰ ਵਾਅਦੇ ਮੁਤਾਬਕ ਮਾਲਵੇ ਦੇ ਇਲਾਕੇ ਵਿੱਚ ਗੱਲਬਾਤ ਦੇ ਦੌਰ ਨੂੰ ਅੰਜਾਮ ਦੇਣ ਦਾ ਵਾਅਦਾ ਪੂਰਾ ਕਰਨ ਲਈ ਵੰਗਾਰਿਆ। ਗੁਰੂ ਸਾਹਿਬ ਨੇ ਆਪਣੇ ਸਿੰਘਾਂ ਤੇ ਪਰਿਵਾਰ ਦੀ ਸ਼ਹਾਦਤ ਦਿੰਦਿਆਂ ਵੀ ਜੰਗ ਦੇ ਨੈਤਿਕ ਨਿਯਮਾਂ ਨੂੰ ਕਾਇਮ ਰੱਖਿਆ ਅਤੇ ਔਰੰਗਜ਼ੇਬ ਨੂੰ ਇਸਲਾਮ ਦੇ ਪਵਿੱਤਰ ਭਰੋਸੇ ਤੋਂ ਕੋਹਾ ਦੂਰ ਭਟਕਦਾ ਹੋਇਆ ਸਾਬਤ ਕਰ ਦਿੱਤਾ, ਜਿਸ ਦੀ ਕਹਿਣੀ ਤੇ ਕਰਨੀ ਵਿੱਚ ਇੱਕ ਬਹੁਤ ਵੱਡਾ ਵਿੱਚੋੜਾ ਹੈ।

ਜ਼ਫ਼ਰਨਾਮਾ ਔਰੰਗਜ਼ੇਬ ਨੂੰ ਇਸਲਾਮ ਦੇ ਰਾਹ ਤੋਂ ਭਟਕਿਆ ਹੋਇਆ ਸਾਬਤ ਕਰਦਾ ਉਸ ਨੂੰ ਇਸਲਾਮ ਦੇ ਨਾਂ 'ਤੇ ਸ਼ਮਸ਼ੀਰਾਂ ਦੇ ਜੌਹਰ ਸਿਰਜਣ ਦੀ ਹਿਮਾਕਤ ਕਰਨ ਤੋਂ ਰੋਕਣ ਦੀ ਆਖਰੀ ਵੰਗਾਰ ਹੈ, ਕਿਉਂਕਿ ਜਿਸ ਤਰ੍ਹਾਂ ਦੇ ਇਸਲਾਮ ਦਾ ਨਕਸ਼ਾ ਉਹ ਧਰਤੀ ਦੀ ਹਿੱਕ ਤੇ ਉਸਾਰਨ ਦੀ ਹਿਮਾਕਤ ਕਰ ਰਿਹਾ ਸੀ, ਉਹ ਮਨੁੱਖਤਾ ਦੇ ਭਲੇ ਵਿੱਚ ਨਹੀਂ ਸੀ ਅਤੇ ਨਾ ਹੀ ਉਹ ਰਾਹ ਬਾਬਾ ਫ਼ਰੀਦ ਜੀ ਦੇ ਸਲੋਕਾਂ ਦੀ ਪਾਕ ਨੁਹਾਰ ਦੀ ਸਿਰਜਣਾ ਕਰਦੇ ਸਨ। ਸਮੁੱਚੀ ਮਨੁੱਖਤਾ ਦੀ ਰਾਖੀ ਦਾ ਦਾਅਵਾ, ਜੰਗ ਦੇ ਨੈਤਿਕ ਨਿਯਮਾਂ ਦੀ ਪਾਲਣਾ ਕਰਨ, ਇਸਲਾਮ ਦੀ ਕਸਮ ਤੇ ਭਰੋਸੇ ਨੂੰ ਕਾਇਮ ਰੱਖਣ ਅਤੇ ਜਨ ਸਮੂਹ ਦੇ ਪਵਿੱਤਰ ਰਿਸ਼ਤਿਆਂ ਦੇ ਘਰ ਨੂੰ ਸਜਾਉਣ ਵਾਲੇ ਗੁਰੂ ਗੋਬਿੰਦ ਸਿੰਘ ਤੇ ਖ਼ਾਲਸੇ ਨੂੰ ਹੀ ਇਹ ਬਖ਼ਸ਼ਿਸ਼ ਨਸੀਬ ਹੋਈ ਹੈ। ਔਰੰਗਜ਼ੇਬ ਦੀ ਸ਼ਮਸ਼ੀਰ ਦਾ ਸਿਦਕ ਇਸਲਾਮ ਦੇ ਪਵਿੱਤਰ ਜਜ਼ਬਿਆਂ ਤੋਂ ਸੱਖਣਾ ਹੋਣ ਕਰਕੇ ਧਰਤੀ 'ਤੇ ਰੱਬ ਦਾ ਰਾਜ ਪ੍ਰਗਟ ਨਹੀਂ ਕਰ ਸਕਦਾ ਅਤੇ ਰਾਜ ਭਾਗ ਨੂੰ ਮਨੁੱਖਤਾ ਦੇ ਹੱਕ ਵਿੱਚ ਪ੍ਰਗਟ ਕਰਨ ਵਾਲਾ ਇਨਕਲਾਬ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਸ਼ਮਸ਼ੀਰ ਵਿੱਚੋਂ ਹੀ ਆ ਸਕਦਾ ਹੈ, ਕਿਉਂਕਿ ਇਸ ਸ਼ਮਸ਼ੀਰ ਦੀ ਸਾਹਾਂ ਦੀ ਤੰਦ ਗੁਰੂ ਗ੍ਰੰਥ ਸਾਹਿਬ ਨਾਲ ਜੁੜੀ ਹੋਈ ਹੈ। ਜ਼ਫ਼ਰਨਾਮਾ ਔਰੰਗਜ਼ੇਬ ਕੋਲੋਂ ਇਸਲਾਮ ਦੀ ਅਗਵਾਈ ਅਤੇ ਜਹਾਦ ਲਈ ਨੱਚਦੀ ਸ਼ਮਸ਼ੀਰ ਨੂੰ ਧੂਹ ਲੈਣ ਦਾ ਸਿੱਧਾ ਐਲਾਨਨਾਮਾ ਹੈ।

ਆਨੰਦਪੁਰ ਸਾਹਿਬ ਦਾ ਕਿਲਾ ਛੱਡਣ ਲਈ ਕੁਰਾਨ ਦੀ ਜਿਲਦ 'ਤੇ ਕੀਤੇ ਇਕਰਾਰਨਾਮੇ ਦੀਆਂ ਸ਼ਰਤਾਂ ਦਾ ਜ਼ਿਕਰ ਗੁਰੂ ਸਾਹਿਬ ਜ਼ਫ਼ਰਨਾਮੇ ਵਿੱਚ ਦੁਹਰਾਉਂਦੇ ਹਨ ਤਾਂ ਜੋ ਔਰੰਗਜ਼ੇਬ ਦੀ ਸੁੱਤੀ ਜ਼ਮੀਰ ਜਾਗ ਪਏ:

ਤੁਰਾ ਗਰ ਬਬਾਯਦ ਓ ਕੌਲਿ ਕੁਰਆਂ।
ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾਂ।

(ਜੇ ਤੂੰ ਕੁਰਾਨ ਦੀ ਉਹ ਜਿਲਦ ਵੇਖਣੀ ਚਾਹੁੰਦਾ ਹੈ, ਜਿਸ 'ਤੇ ਇਕਰਾਰਨਾਮਾ ਲਿਖਿਆ ਹੋਇਆ ਸੀ ਤਾਂ ਮੈਂ ਉਹ ਤੈਨੂੰ ਭੇਜ ਦਿੰਦਾ ਹਾਂ।)

ਕਿਹ ਤਸ਼ਰੀਫ਼ ਦਰ ਕਸਬਹ ਕਾਂਗੜ ਕੁਨੱਦ।
ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵੱਦ।

(ਤੁਸੀਂ -ਆਨੰਦਪੁਰ ਸਾਹਿਬ ਛੱਡ ਕੇ- ਕਾਂਗੜ ਆ ਜਾਓ। ਇਸ ਪਿਛੋਂ ਆਪਣੀ ਮੁਲਾਕਾਤ ਹੋਵੇਗੀ।)

ਨ ਜ਼ੱਰਾ ਦਰੀਂ ਰਾਹ ਖ਼ਤਰਾ ਤੁਰਾਸਤ।
ਹਮਾ ਕੌਮਿ ਬੈਰਾੜ ਹੁਕਮਿ ਮਰਾਸਤ।

(ਕਾਂਗੜ ਦੇ ਰਾਹ ਵਿੱਚ ਤੁਹਾਨੂੰ ਕੋਈ ਖ਼ਤਰਾ ਨਹੀਂ, ਕਿਉਂਕਿ ਸਾਰੀ ਬਰਾੜ ਕੌਮ ਮੇਰੇ ਹੁਕਮ ਵਿੱਚ ਹੈ।)

ਬਯਾ ਤਾ ਸੁਖ਼ਨ ਖ਼ੁਦ ਜ਼ਬਾਨੀ ਕੁਨੇਮ।
ਬਰੂਏ ਸ਼ੁਮਾ ਮਿਹਰਬਾਨੀ ਕੁਨੇਮ।

(ਤੁਸੀਂ ਏਧਰ ਆਓ ਤਾਂ ਆਹਮੋ ਸਾਹਮਣੇ ਬੈਠ ਕੇ ਗੱਲਾਂ ਕਰੀਏ। ਤੁਹਾਡੇ ਨਾਲ ਮਿਹਰਬਾਨੀ ਭਰਿਆ ਸਲੂਕ ਕੀਤਾ ਜਾਵੇਗਾ।)

ਯਕੇ ਅਸਪ ਸ਼ਾਇਸਤਹ ਏ ਯਕ ਹਜ਼ਾਰ।
ਬਯਾ ਤਾ ਬਗੀਰੀ ਜ਼ਿ ਮਨ ਈਂ ਦਯਾਰ।

(ਤੁਸੀਂ ਏਧਰ ਆਓ ਤੇ ਇਸ ਇਲਾਕੇ ਵਿੱਚ ਤੁਹਾਨੂੰ "ਯਕ ਅਸਪ" ਇੱਕ ਹਜ਼ਾਰੀ ਦਾ ਮਨਸਬ ਵੀ ਪ੍ਰਦਾਨ ਕਰੀਏ। ਮੇਰੇ ਕੋਲੋਂ ਇਹ ਇਲਾਕਾ ਲੈਣ ਲਈ ਤੁਸੀਂ ਆਓ।)

ਆਨੰਦਪੁਰ ਸਾਹਿਬ ਦਾ ਕਿਲਾ ਛੱਡਣ ਦੀ ਕੀਮਤ ਇਕਰਾਰਨਾਮੇ ਦੀ ਆਖ਼ਰੀ ਮਦ ਹੈ, ਜਿਸ ਵਿੱਚ ਸਿੱਧੇ ਤੌਰ 'ਤੇ ਔਰੰਗਜ਼ੇਬ ਗੁਰੂ ਸਾਹਿਬ ਨੂੰ ਘੋੜ ਸਵਾਰ ਰੱਖਣ ਤੇ ਇਲਾਕਾ ਦੇਣ ਲਈ ਵਚਨਵੱਧ ਹੈ, ਜੋ ਖ਼ਾਲਸਾ ਜੀ ਦੀ ਪ੍ਰਭੁਸੱਤਾ ਸਪੰਨ ਰਾਜ ਭਾਗ ਦੀ ਗੱਲ ਹੈ। ਇਹ ਇਸਲਾਮਕ ਰਾਜ ਭਾਗ ਦੇ ਅੰਦਰ ਇੱਕ ਖ਼ੁਦਮੁਖਤਿਆਰ ਰਾਜ ਦੀ ਗੱਲ ਹੈ, ਜਿਹੜੀ ਔਰੰਗਜ਼ੇਬ ਦੇਣ ਲਈ ਮਨਜ਼ੂਰ ਕਰਦਾ ਹੈ। ਗੁਰੂ ਸਾਹਿਬ ਔਰੰਗਜ਼ੇਬ ਨੂੰ ਵਾਅਦਾ ਪ੍ਰਸਤ ਹੋਣ ਦੀ ਗੱਲ ਦੁਹਰਾਉਂਦੇ ਹਨ, ਪਰ ਉਹ ਵਾਅਦਾ ਸ਼ਿਕਨ ਨਿਕਲਦਾ ਹੈ। ਗੁਰੂ ਸਾਹਿਬ ਔਰੰਗਜ਼ੇਬ ਨੂੰ ਸ਼ਾਹੀ ਫ਼ੁਰਮਾਨ ਮਿਲਣ ਦੀ ਸੂਰਤ ਵਿੱਚ ਜਾ ਕੇ ਮਿਲਣ ਦਾ ਵਾਅਦਾ ਵੀ ਕਰਦੇ ਹਨ ਤਾਂ ਜੋ ਜੰਗ ਨੂੰ ਰੋਕਿਆ ਜਾ ਸਕੇ। ਇਸ ਬੇਮੁਹਾਰੀ ਜੰਗ ਵਿੱਚ ਗੁਰੂ ਸਾਹਿਬ ਨੂੰ ਜਾਣ ਬੁਝ ਕੇ ਫ਼ਸਾਇਆ ਗਿਆ ਸੀ, ਜਿਸ ਵਿੱਚ ਬੁੱਤ-ਪ੍ਰਸਤ ਪਹਾੜੀ ਰਾਜੇ ਗੁਰੂ ਸਾਹਿਬ ਦੇ ਵਿਰੁੱਧ ਭੁਗਤੇ ਸਨ ਅਤੇ ਇਸ ਜੰਗ ਵਿੱਚ ਸ਼ਹੀਦ ਹੋਏ ਸਿੱਖਾਂ ਦਾ ਦੋਸ਼ੀ ਔਰੰਗਜ਼ੇਬ ਸੀ, ਕਿਉਂਕਿ ਕੁਰਾਨ ਦੀ ਕਸਮ ਚੁੱਕਣ ਤੋਂ ਬਾਅਦ ਨਾ ਕਿਸੇ ਨੂੰ ਕੈਦ ਕੀਤਾ ਜਾ ਸਕਦਾ ਅਤੇ ਨਾ ਹੀ ਮਾਰਿਆ ਜਾ ਸਕਦਾ ਹੈ:

ਹਰਾਂ ਕਸ ਕਿਹ ਕੌਲਿ ਕੁਰਆਂ ਆਯਦਸ਼।
ਨ ਜ਼ੋ ਬਸਤਨੋ, ਕੁਸਤਨੋ ਬਾਯਦਸ਼।

(ਜਿਹੜਾ ਮਨੁੱਖ ਕੁਰਾਨੀ ਕੌਲ ਤੇ ਭਰੋਸਾ ਕਰੇ, ਉਹਨੂੰ ਕੈਦ ਕਰਨਾ ਜਾਂ ਜਾਨੋਂ ਮਾਰਨਾ ਨਹੀਂ ਚਾਹੀਦਾ।)

ਗੁਰੂ ਸਾਹਿਬ ਨੇ ਜ਼ਫ਼ਰਨਾਮਾ ਦੀਨੇ, ਕਾਂਗੜ, ਭਾਈ ਦੇਸਾ ਸਿੰਘ ਦੇ ਘਰ ਬੈਠ ਕੇ ਲਿਖਿਆ, ਜੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਦੀ ਰਚਨਾ ਹੈ। ਇਸ ਜੰਗ ਵਿੱਚ ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੇ ਧਰਮ-ਯੁੱਧ ਵਿੱਚ ਸ਼ਹੀਦ ਹੋ ਗਏ ਅਤੇ ਦੋ ਛੋਟੇ ਸਾਹਿਜ਼ਾਦਿਆਂ ਨੂੰ ਸਰਹਿੰਦ ਨੀਂਹਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ, ਜੋ ਕਿ ਸ਼ਰਾ ਦੇ ਨਿਯਮਾਂ ਦੇ ਖ਼ਿਲਾਫ਼ ਹੋਣ ਕਰਕੇ ਨਵਾਬ ਮਲੇਰਕੋਟਲੇ ਸ਼ੇਰ ਮੁਹੰਮਦ ਖ਼ਾਨ ਦੇ ਵਿਰੋਧ ਦੇ ਬਾਵਜੂਦ ਧੱਕੇਸ਼ਾਹੀ ਦੇ ਜ਼ਰੀਏ ਗੁਰੂ ਪਰਿਵਾਰ ਨੂੰ ਖ਼ਤਮ ਕੀਤਾ ਗਿਆ। ਪਰ ਔਰੰਗਜ਼ੇਬ ਭਵਿੱਖ ਦੇ ਉਸ ਵਰਤਾਰੇ ਤੋਂ ਅਣਜਾਣ ਹੈ ਕਿ ਗੁਰੂ ਦਾ ਪੁੱਤ ਖ਼ਾਲਸਾ ਉਸ ਦੀ ਸਲਤਨਤ ਨੂੰ ਨੇਸਤੋਨਾਬੂਦ ਕਰੇਗਾ। ਭਵਿੱਖ ਦੇ ਆਗਾਜ਼ ਦਾ ਦ੍ਰਿਸ਼ ਜ਼ਫ਼ਰਨਾਮਾ 'ਚ ਅੰਕਿਤ ਹੈ:

ਚਿਹਾ ਸ਼ੁੱਦ ਕਿ ਚੂੰ ਬੱਚਗਾਂ ਕੁਸ਼ਤਨ ਚਾਰ।
ਕਿ ਬਾਕੀ ਬਿਮਾਂਦਸਤ ਪੇਚੀਦਾ ਮਾਰ।

(ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ ਹਨ, ਅਜੇ ਕੁੰਡਲੀਆ ਸੱਪ (ਖ਼ਾਲਸਾ) ਬਾਕੀ ਹੈ 'ਤੇਰੇ ਨਾਲ ਸਿੱਝਣ ਲਈ')

ਅਸਲ ਵਿੱਚ ਔਰੰਗਜ਼ੇਬ ਦੀ ਸਲਨਤਨ ਇਸਲਾਮ ਦੇ ਪਵਿੱਤਰ ਜਜ਼ਬਿਆਂ ਦੇ ਹਾਣ ਦੀ ਨਹੀਂ ਅਤੇ ਨਾ ਹੀ ਔਰੰਗਜ਼ੇਬ ਦਾ ਵਜੂਦ ਇਸਲਾਮ ਦੇ ਪਾਕ ਹੁਸਨ ਨਾਲ ਸਰਸਾਰ ਹੈ। ਉਸ ਦੀ ਸ਼ਮਸ਼ੀਰ ਦਾ ਹੁਸਨ ਕੁਰਾਨ ਦੀਆਂ ਪਵਿੱਤਰ ਆਇਤਾਂ ਤੋਂ ਸੱਖਣਾ ਅਤੇ ਸ਼ਰਾ ਦੇ ਨਿਯਮਾਂ ਦਾ ਪਾਲਣਹਾਰ ਨਹੀਂ ਹੈ।


ਨ ਈਮਾਂ ਪ੍ਰਸੱਤੀ, ਨ ਔਜ਼ਾਇ ਦੀਂ।
ਨ ਸਾਹਿਬ ਸ਼ਨਾਸੀ, ਮੁਹੰਮਦ ਯਕੀਂ।

(ਨਾ ਤੇਰੇ ਪੱਲੇ ਈਮਾਨ ਹੈ, ਤੇ ਨਾ ਹੀ ਧਰਮ ਦਾ ਰਾਹ। ਨਾ ਤੂੰ ਰੱਬ ਨੂੰ ਪਹਿਚਾਣਦਾ ਹੈ ਤੇ ਨਾ ਹੀ ਤੈਨੂੰ ਹਜ਼ਰਤ ਮੁਹੰਮਦ 'ਤੇ ਭਰੋਸਾ ਹੈ।)

ਔਰੰਗਜ਼ੇਬ ਜਿਸ ਸ਼ਮਸ਼ੀਰ ਨੂੰ ਇਸਲਾਮ ਦੇ ਹੁਸਨ ਨਾਲ ਭਰਪੂਰ ਵੇਖ ਰਿਹਾ, ਉਹ ਤਾਕਤ ਦੇ ਨਸ਼ੇ ਵਿੱਚ ਭੁੱਲ ਗਿਆ ਕਿ ਉਸ ਦੀ ਸ਼ਮਸ਼ੀਰ ਦਾ ਆਗਾਜ਼ ਉਸ ਇਲਾਹੀ ਹੁਸਨ ਦਾ ਮਾਲਕ ਹੀ ਨਹੀਂ ਰਿਹਾ। ਗੁਰੂ ਸਾਹਿਬ ਔਰੰਗਜ਼ੇਬ ਦੀ ਸ਼ਮਸ਼ੀਰ ਦੇ ਇਸ ਵਹਿਣ ਦੇ ਵਿਰੋਧ ਵਿੱਚ ਖੜੇ ਹਨ ਅਤੇ ਜ਼ਫ਼ਰਨਾਮਾ ਦਾ ਰੋਮ ਰੋਮ ਉਸ ਨੂੰ ਆਪਣੇ ਅੰਦਰ ਝਾਤ ਪਾਉਣ ਦਾ ਸੁਨੇਹਾ ਦੇ ਰਿਹਾ ਹੈ। ਇਹ ਆਤਮ ਝਾਤ ਪਵਾਉਣ ਦੀ ਗਾਥਾ ਉਸ ਦੀ ਆਤਮਾ ਨੂੰ ਜਗਾਉਣ ਦੀ ਗੁਰੂ ਦੀ ਅਲੌਕਿਕ ਜੁਗਤ ਹੈ। ਜ਼ਫ਼ਰਨਾਮਾ ਔਰੰਗਜ਼ੇਬ ਉੱਤੇ ਗੁਰੂ ਦੀ ਇੱਕ ਅਜਿਹੀ ਬਖ਼ਸ਼ਿਸ਼ ਹੈ, ਜਿਸ ਨੇ ਉਸ ਨੂੰ ਇਸ ਧਰਤੀ ਦੇ ਹੁਸਨ ਤੋਂ ਵਿਦਾ ਹੋਣ ਤੋਂ ਪਹਿਲਾਂ ਉਸ ਦੀ ਅਸਲੀਅਤ ਦਾ ਨਿਸ਼ਚਾ ਕਰਵਾ ਦਿੱਤਾ ਕਿ ਕੁਲ ਦੁਨੀਆਂ ਵਿੱਚ ਇਨਕਲਾਬ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਜਜ਼ਬਿਆਂ ਨਾਲ ਸਰਸਾਰ ਖ਼ਾਲਸੇ ਨੂੰ ਬਖ਼ਸ਼ੀ ਸ਼ਮਸ਼ੀਰ ਵਿੱਚੋਂ ਹੀ ਆ ਸਕਦਾ ਹੈ, ਜੋ ਦੁਨੀਆਂ ਦੀਆਂ ਇਕਾਈਆਂ ਨੂੰ ਬਰਾਬਰੀ ਦੇ ਹੱਲ ਵਿੱਚ ਸਿਰਜਦੀ ਹੈ।

ਗੁਰੂ ਸਾਹਿਬ ਨੇ ਰੁਖ਼ਸਤ ਹੋਣ ਤੋਂ ਪਹਿਲਾਂ ਜ਼ੁਲਮ ਦਾ ਨਾਸ਼ ਕਰਨ ਲਈ ਬਾਬਾ ਬੰਦਾ ਸਿੰਘ ਬਹਾਦਰ ਨੂੰ ਖ਼ਾਲਸਾ ਰਾਜ ਦੇ ਮਹਿਲ ਉਸਾਰਨ ਲਈ ਪੰਜਾਬ ਵੱਲ ਰੁਖ਼ਸਤ ਕਰ ਦਿੱਤਾ ਅਤੇ ਖ਼ਾਲਸੇ ਦੇ ਇਸ ਆਗਾਜ਼ ਨੇ ਪੰਜਾਬ ਅੰਦਰ ਖ਼ਾਲਸਾ ਰਾਜ ਦੀ ਸਿਰਜਣਾ ਨੂੰ ਸੱਚ ਤੇ ਇਨਸਾਫ਼ ਦੀਆਂ ਨੀਹਾਂ 'ਤੇ ਉਸਾਰਿਆ।

ਭਾਈ ਕਾਨ੍ਹ ਸਿੰਘ ਨਾਭਾ ਗੁਰੁਸ਼ਬਦ ਰਤਨਾਕਰ



ਔਰੰਗਜ਼ੇਬ ਦਾ ਇੱਕ ਚਿੱਤਰ

ਮਹਾਨ ਕੋਸ਼ ਵਿੱਚ ਜਫਰ, ਜਫਰ ਨਾਮਾ ਅਤੇ ਜਫਰਨਾਮਾ ਸਾਹਿਬ ਦੇ ਤਿੰਨ ਇੰਦਰਾਜ ਮਿਲਦੇ ਹਨ। ਜਫਰ ਨੂੰ ਅਰਬੀ ਭਾਸ਼ਾ ਦਾ ਤਸਲੀਮ ਕਰਦੇ ਇਸ ਦੇ ਅਰਥ ਸੰਗਯਾ ਵਜੋਂ ਫ਼ਤੇ। ਜਿੱਤ ਅਤੇ ਵਿਜਯ ਕਰਦੇ ਹਨ ਅਤੇ ਨਾਲ ਹੀ ਕਾਰਜ ਦੀ ਸਫ਼ਲਤਾ ਅਤੇ ਕਾਮਯਾਬੀ ਕਰਦੇ ਹਨ। ਜਫਰ ਨਾਮਾ ਇੰਦਰਾਜ ਅਧੀਨ ਉਹ ਇਸ ਨੂੰ ਫ਼ਾਰਸੀ ਦੇ ਸ਼ਬਦ ਵਜੋਂ (ਨਾਮਾ) ਲਿਖਦੇ ਜ਼ਫ਼ਰਨਾਮਹ ਲਿਪੀਅੰਤਰਣ ਕਰਦੇ ਵਿਜਯ-ਪਤ੍ਰ, ਫ਼ਤੇ ਦਾ ਖ਼ਤ ਅਰਥ ਕਰਦੇ ਹਨ। ਇਸ ਦੀ ਇਤਿਹਾਸਕਤਾ ਬਾਰੇ ਵਰਨਣ ਕਰਦੇ ਹਨ ਕਿ ਸੰਮਤ 1763 (ਸੰਨ 1706) ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਾਂਗੜ ਗ੍ਰਾਮ ਤੋਂ ਫ਼ਾਰਸੀ ਅਬਯਾਤ (ਬੈਂਤਾਂ) ਦੀ ਚਿੱਠੀ, ਜੋ ਔਰੰਗਜ਼ੇਬ ਨੂੰ ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਦੇ ਹੱਥ ਦੱਖਣ ਭੇਜੀ ਹੈ, ਉਸ ਦਾ ਨਾਮ ਜ਼ਫ਼ਰਨਾਮਾ (ਵਿਜਯਪਤ੍ਰ) ਹੈ। ਇਸ ਵਿੱਚ ਬਾਦਸ਼ਾਹ ਦੇ ਅਨਯਾਯ ਅਤੇ ਅਯੋਗ ਕਰਮਾਂ ਦਾ ਵਰਨਣ ਤਥਾ ਹਿਤਭਰੀ ਸਿਖਯਾ ਹੈ। ਜਫਰਨਾਮਾ ਸਾਹਿਬ ਇੰਦਰਾਜ ਅਧੀਨ ਉਹ ਲਿਖਦੇ ਹਨ ਕਿ ਰਾਜ ਨਾਭੇ ਦੀ ਨਜਾਮਤ ਫ਼ੂਲ ਵਿੱਚ ਪਿੰਡ ਦਿਆਲਪੁਰੇ ਦੀ ਕਾਂਗੜ ਪੱਤੀ ਵਿੱਚ ਇੱਕ ਗੁਰਦੁਆਰਾ, ਜਿਸ ਦੀ ਆਲੀਸ਼ਾਨ ਇਮਾਰਤ ਭਾਈ ਮਨੀ ਸਿੰਘ ਜੀ ਨੇ ਗੁਰਸਿੱਖਾਂ ਨੂੰ ਪ੍ਰੇਰ ਕੇ ਬਣਵਾਈ ਹੈ। ਇੱਥੇ ਵਿਰਾਜ ਕੇ ਕਲਗੀਧਰ ਨੇ ਜਫਰਨਾਮਾ ਲਿਖਿਆ। ਜਦੋਂ ਕਲਗੀਧਰ ਇੱਥੇ ਵਿਰਾਜੇ ਸਨ, ਉਸ ਵੇਲੇ ਦਿਆਲਪੁਰਾ ਆਬਾਦ ਨਹੀਂ ਸੀ, ਇਹ ਜਮੀਨ ਕਾਂਗੜ ਪਿੰਡ ਦੀ ਸੀ।

ਜ਼ਫ਼ਰਨਾਮਾ ਦੀਆਂ ਮਦਾਂ ਅਨੁਸਾਰ ਕਾਂਗੜ ਦਾ ਇਲਾਕਾ ਚੁਣਿਆ ਗਿਆ ਸੀ ਅਤੇ ਇਸ ਚੋਣ ਪਿੱਛੇ ਦੋ ਕਾਰਨ ਨਜ਼ਰ ਆਉਂਦੇ ਹਨ। ਪਹਿਲੇ ਕਾਰਨ ਦੀ ਪੁਸ਼ਟੀ ਕਰਦੇ ਪਿਆਰਾ ਸਿੰਘ ਪਦਮ ਲਿਖਦੇ ਹਨ, "ਕਾਂਗੜ ਕਸਬਾ ਧਾਲੀਵਾਲ ਜੱਟ ਮਹਰ ਮਿੱਠੇ ਦਾ ਨਗਰ ਸੀ, ਜਿਸ ਦੀ ਪੋਤੀ (ਰਾਇਬੇਗ ਦੀ ਪੁੱਤਰੀ ਸ਼ੰਮੀ) ਅਕਬਰ ਨੂੰ ਪ੍ਰਣਾਈ ਗਈ ਸੀ। ਪਿੱਛੋਂ ਇਸ ਦਾ ਪੋਤਰਾ ਰਾਇ ਜੋਧ ਬੜਾ ਸੂਰਮਾ ਹੋਇਆ, ਜੋ ਗੁਰੂ ਹਰਿ ਗੋਬਿੰਦ ਸਾਹਿਬ ਦਾ ਸ਼ਰਧਾਲੂ ਸੇਵਕ ਬਣਿਆ। ਰਾਇ ਜੋਧ ਦੇ ਪੋਤਰੇ ਰਾਇ ਸ਼ਮੀਰ, ਲਖਮੀਰ ਤੇ ਤਖ਼ਤ ਮੱਲ ਸਨ, ਰਾਇ ਸ਼ਮੀਰ ਇਸ ਸਮੇਂ ਕਾਂਗੜ ਦਾ ਚੌਧਰੀ ਸੀ।ਮੁਗ਼ਲਾਂ ਨਾਲ ਸਾਕਾਦਾਰੀ ਹੋਣ ਕਰਕੇ ਇਹ ਸਤਿਗੁਰਾਂ ਲਈ ਵੀ ਆਦਰ-ਸਨਮਾਨ ਰੱਖਦੇ ਸਨ। ਇਸੇ ਕਰਕੇ ਗੁਰੂ ਸਾਹਿਬ ਦੇ ਟਿਕਾਣੇ ਲਈ ਕਾਂਗੜ ਦੀ ਚੋਣ ਕੀਤੀ ਗਈ ਸੀ, ਕਾਂਗੜ ਕਸਬੇ ਦੇ ਇੱਕ ਹਿੱਸੇ ਦਾ ਨਾਂ ਦੀਨਾ ਹੈ, ਜਿਥੇ ਗੁਰੂ ਸਾਹਿਬ ਭਾਈ ਦੇਸਾ ਸਿੰਘ ਤਰਖਾਣ ਦੇ ਚੁਬਾਰੇ ਵਿੱਚ ਦੋ ਤਿੰਨ ਹਫ਼ਤੇ ਠਹਿਰੇ ਸਨ।" ਦੂਜਾ ਕਾਰਨ ਭਾਈ ਰਣਧੀਰ ਸਿੰਘ ਮਆਸਰਿ ਆਲਮਗੀਰੀ ਦੇ ਪੰਨਾ 497 ਦੇ ਹਵਾਲੇ ਨਾਲ ਜ਼ਫ਼ਰਨਾਮਾ ਦੇ 59 ਸ਼ੇਅਰ ਦੀ ਵਿਆਖਿਆ ਦੇ ਪ੍ਰਸੰਗ ਵਿੱਚ ਕਰਦੇ ਹਨ, "ਇਹ ਭਰੋਸਾ, ਬਾਦਸ਼ਾਹ ਨੇ ਬੈਰਾੜਾਂ ਦੀ ਵਧੇਰੇ ਵਸੋਂ ਵਾਲਾ ਇਲਾਕਾ- 'ਲੱਖੀ ਜੰਗਲ' ਸਰਕਾਰ ਆਪਣੇ ਵੱਡੇ ਪੋਤ੍ਰੇ-ਮੁਹੰਮਦ ਮੁਇੱਜ਼ੁੱਦੀਨ, ਨਾਇਬ ਸੂਬੇਦਾਰ ਮੁਲਤਾਨ ਨੂੰ ਸੌਂਪ ਕੇ, ਦਿਵਾਇਆ ਸੀ।"

ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ, "ਜ਼ਫ਼ਰਨਾਮਹ ਦਾ ਪਾਠ ਅਣਜਾਣ ਲਿਖਾਰੀਆਂ ਨੇ ਬਹੁਤ ਅਸ਼ੁੱਧ ਕਰ ਦਿੱਤਾ ਹੈ।" ਇਸ ਅਸ਼ੁੱਧਤਾ ਦਾ ਜ਼ਿਕਰ ਪਿਆਰਾ ਸਿੰਘ ਪਦਮ ਵੀ ਕਰਦੇ ਹਨ, ਜਿਸ ਦਾ ਅਹਿਸਾਸ ਉਨ੍ਹਾਂ ਨੂੰ ਭਾਈ ਰਣਧੀਰ ਸਿੰਘ ਨਾਲ ਵਿੱਚਾਰ ਵਟਾਂਦਰੇ ਤੋਂ ਬਾਅਦ ਹੋਇਆ।

ਨਿਰੰਜਨ ਸਿੰਘ ਨੂਰ ਜ਼ਫ਼ਰਨਾਮਾ ਦੇ ਅਨੁਵਾਦ ਵਿੱਚ ਮਿਲੀਆਂ ਤਰੁੱਟੀਆਂ ਤੇ ਛਾਪੇਖ਼ਾਨੇ ਦੀਆਂ ਗ਼ਲਤੀਆਂ ਬਾਰੇ ਲਿਖਦੇ ਹਨ, "ਜ਼ਫ਼ਰਨਾਮੇ ਦਾ ਪੰਜਾਬੀ ਅਨੁਵਾਦ ਕਰਦਿਆਂ ਕੁਝ ਔਕੜਾਂ ਪੇਸ਼ ਆਈਆਂ ਹਨ। ਮੈਨੂੰ ਚਾਰ ਵਿਅਕਤੀਆਂ ਵੱਲੋਂ ਤਰਜਮਾਏ ਜ਼ਫ਼ਰਨਾਮੇ ਪੜ੍ਹਨ ਦਾ ਮੌਕਾ ਮਿਲਿਆ ਹੈ। (ਪਿੰਡੀ ਦਾਸ ਸਰਵਰੀ 1966, ਨਾਨਕ ਚੰਦ ਨਾਜ 1952, ਅਵਤਾਰ ਸਿੰਘ ਆਜ਼ਾਦ, ਪਿਆਰਾ ਸਿੰਘ ਪਦਮ) ਚੌਹਾਂ ਕਿਤਾਬਾਂ ਵਿੱਚ ਹੀ ਲਿਪੀ ਦਾ ਅੰਤਰ ਕਰਦਿਆਂ (ਫ਼ਾਰਸੀ ਤੋਂ ਪੰਜਾਬੀ/ਗੁਰਮਖੀ) ਕਾਫ਼ੀ ਮਾਤ੍ਰਾ ਵਿੱਚ ਸ਼ਬਦ ਐਸੇ ਹਨ, ਜਿਹੜੇ ਜਾਂ ਤਾਂ ਛਾਪੇ ਦੀਆਂ ਗ਼ਲਤੀਆਂ ਕਾਰਨ ਹੋਰ ਦੇ ਹੋਰ ਹੋ ਗਏ ਹਨ। ਸ਼ਬਦਾਰਥ ਕਰਦਿਆਂ ਵੀ ਕੁਝ ਉਕਾਈਆਂ ਰੜਕਦੀਆਂ ਸਨ।"

ਜ਼ਫ਼ਰਨਾਮਾ ਫ਼ਾਰਸੀ ਸ਼ੇਅਰਾਂ ਵਿੱਚ ਲਿਖਿਆ ਗਿਆ ਹੈ। ਦੋ ਸਤਰਾਂ ਦੇ ਇੱਕ ਸ਼ੇਅਰ ਵਾਲੀ ਇਸ ਰਚਨਾ ਦੇ ਕੁਲ 111 ਸ਼ੇਅਰ ਹਨ, ਜਿਸ ਨਾਲ ਭਾਈ ਰਣਧੀਰ ਸਿੰਘ, ਪਿਆਰਾ ਸਿੰਘ ਪਦਮ ਅਤੇ ਨਿਰੰਜਨ ਸਿੰਘ ਨੂਰ ਸਹਿਮਤ ਹਨ ਅਤੇ ਇਨ੍ਹਾਂ ਵਿਦਵਾਨਾਂ ਨੇ ਜ਼ਫ਼ਰਨਾਮਾ ਦੇ ਇਕਰਾਰਨਾਮੇ ਵਾਲੇ ਸ਼ੇਅਰਾਂ ਦੀ ਸਾਰਥਕਤਾ ਲਈ ਵੀ ਸਹਿਮਤੀ ਪ੍ਰਗਟਾਈ ਹੈ, ਪਰ ਅਰਥਾਂ ਦੀ ਵਿਸ਼ਾਲਤਾ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਦੀਆਂ ਲਿਖਤਾਂ ਤੋਂ ਬਾਅਦ ਨਿਰੰਜਨ ਸਿੰਘ ਨੂਰ ਦੇ ਅਨੁਵਾਦ ਵਾਲੀ ਰਚਨਾਂ ਨੂੰ ਵਰਤਿਆ ਹੈ, ਜਿਸ ਵਿੱਚ ਜ਼ਫ਼ਰਨਾਮਾ ਦੀ ਫ਼ਾਰਸੀ ਭਾਸ਼ਾ ਦਾ ਪੰਜਾਬੀ ਲਿਪੀਅੰਤਰ, ਕਾਵਿਕ ਅਨੁਵਾਦ, ਸ਼ਬਦਾਰਥ, ਪੰਜਾਬੀ ਤੇ ਅੰਗਰੇਜ਼ੀ ਭਾਸ਼ਾ ਵਿੱਚ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਭੰਡ

## ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ: +91-9417358120



ਲੋਕ ਸਾਹਿਤ ਵਿੱਚ ਭੰਡਾਂ ਅਥਵਾ ਨਕਲੀਆਂ ਦਾ ਵਿਸ਼ੇਸ਼ ਸਥਾਨ ਹੈ। ਲੋਕਧਾਰਾ ਵਿਸ਼ਵ ਕੋਸ਼ ਅਨੁਸਾਰ ਭੰਡ, ਲੋਕਾਂ ਨੂੰ ਨਕਲਾਂ ਰਾਹੀਂ ਜਾਂ ਹਾਸੇ ਠੱਠੇ ਵਾਲੀਆਂ ਗੱਲਾਂ ਅਥਵਾ ਲਘੂ ਕਥਾਵਾਂ ਸੁਣਾ ਕੇ ਦਿਲ ਪਰਚਾਂਦੇ ਹਨ। ਪੁਰਾਣੇ ਸਮਿਆਂ ਵਿੱਚ ਰਾਜਿਆਂ, ਜਗੀਰਦਾਰਾਂ ਤੇ ਪਿੰਡ ਦੇ ਧਨੀ ਲੋਕਾਂ ਦੇ ਮਨ ਮਰਚਾਵੇ ਵਿੱਚ ਇਹ ਵੱਡਾ ਹਿੱਸਾ ਪਾਉਂਦੇ ਸਨ ਤੇ ਹਰ ਵੱਡੇ ਜਗੀਰਦਾਰ/ਰਾਜੇ ਨੇ ਭੰਡ ਰੱਖੇ ਹੁੰਦੇ ਸਨ। ਇਨ੍ਹਾਂ ਨੂੰ ਮਸਖਰੇ ਜਾਂ ਨਕਾਲ ਵੀ ਕਿਹਾ ਜਾਂਦਾ ਸੀ। ਇਨ੍ਹਾਂ ਦਾ ਨਾਂ ਭੰਡ ਇਸ ਕਰਕੇ ਪਿਆ ਹੈ, ਕਿਉਂਕਿ ਇਹ ਕਿਸੇ ਦੀ ਕੋਈ ਕਮਜ਼ੋਰੀ, ਕੰਜੂਸੀ ਜਾਂ ਜ਼ੁਲਮ ਦੀ ਹਾਸੋਹੀਣੇ ਢੰਗ ਨਾਲ ਭੰਡੀ ਪਾ ਕੇ ਠੱਠਾ ਉਡਾਉਂਦੇ ਹਨ। ਕਈ ਭੰਡ ਘੁੰਮ ਫਿਰ ਕੇ ਲੋਕਾਂ ਦਾ ਮਨ ਪਰਚਾਵਾ ਵੀ ਕਰਦੇ ਹਨ। ਇਹ ਵੀ ਧਾਰਨਾ ਹੈ ਕਿ ਭੰਡ ਅਸਲ ਵਿੱਚ ਇੱਕ ਪੇਸ਼ਾ ਹੈ ਤੇ ਇਸ ਪੇਸ਼ੇ ਦੇ ਬਹੁਤੇ ਲੋਕ ਮਿਰਾਸੀ ਹੁੰਦੇ ਹਨ।

ਵਿਓਤਪਤੀ ਕੋਸ਼ ਅਨੁਸਾਰ ਭੰਡ ਦਾ ਅਰਥ- ਇਸਤਰੀ, ਜਣਨੀ ਹੈ ਜਿਵੇਂ- 'ਭੰਡਹੁ ਹੀ ਭੰਡ ਉਪਜੈ, ਭੰਡੈ ਬਾਝੁ ਨ ਕੋਇ॥' (ਵਾਰ ਆਸਾ) 'ਭੰਡ ਉਪਜੈ' ਦੀ ਹਾਲਤ ਵਿੱਚ ਭੰਡ ਦਾ ਅਰਥ 'ਸਰੀਰ ਜਾਂ ਦੇਹ' ਹੈ, ਜਿਸ ਨੂੰ ਮਿੱਟੀ ਦੇ ਬਣੇ ਭਾਂਡੇ ਦਾ ਰੂਪਕ ਦਰਸਾਇਆ ਗਿਆ ਹੈ। ਇਸ ਹਿਸਾਬ ਨਾਲ ਘੁਮਿਆਰ ਅਥਵਾ ਪਰਜਾਪਤੀ ਭਾਂਡਿਆਂ (ਬੰਦਿਆਂ) ਦੀ ਘਾੜਤ ਕਰਦਾ ਹੈ। ਇਸ ਲਈ ਉਕਤ 'ਭੰਡ' ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਸਦਾ ਢੁਕਵਾਂ ਅਰਥ ਉਹ ਭਾਂਡਾ ਹੈ, ਜਿਸ ਵਿੱਚ ਕੋਈ ਅਕਾਰ ਬਣਾਉਣ ਲਈ ਧਾਤ ਢਾਲ ਕੇ ਪਾਈ ਜਾਵੇ ਅਰਥਾਤ 'ਸੱਚਾ'। ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਅਨੁਸਾਰ ਭੰਡਿ-ਸੰਸਕ੍ਰਿਤ-ਭਾਰਯਾ, ਪ੍ਰਾਕਿਰਤ-ਭਜ ਤੇ ਪੰਜਾਬੀ ਭੰਡ ਜਿਸ ਦਾ ਅਰਥ ਹੈ, ਔਰਤ। ਭੰਡਣਾ- ਨਿੰਦਣਾ, ਬਦਨਾਮ ਕਰਨਾ ਪ੍ਰਾਕਿ। ਭੰਡ, ਸਿੰਧੀ ਭੰਨਣ੍; ਬੰਗਾਲੀ- ਭਾੜਨ, ਧੋਖਾ ਦੇਣਾ, ਤੰਗ ਕਰਨਾ; ਭੰਡ- ਨਕਲਾਂ ਦੁਆਰਾ ਭੰਡੀ ਕਰਨ ਵਾਲਾ, ਨਕਲੀਆ, ਮਸਖਰਾ ਪ੍ਰਾਕਿ। ਭੰਡ; ਸਿੰਧੀ ਭੰਡੁ; ਮਰਾਸੀ, ਹਿੰਦੀ ਭਾਂੜ; ਗੁਜ। ਭਾਂਡ, ਸੰਸ। ਭਾਂਡਾ-ਭੰਡੀ ਕਰਨ ਵਾਲਾ, ਭੜੂਆ। ਮਹਾਨ ਕੋਸ਼ ਵਿੱਚ ਵੀ ਲਗਪਗ ਇਹੋ ਜਿਹੇ ਅਰਥ ਦਿੱਤੇ ਹਨ: ਭੰਡ- ਮਖੌਲ ਕਰਨਾ, ਨਿੰਦਾ ਕਰਨੀ; ਭਾਂਡ- ਨਿਰਲੱਜ ਗੱਲਾਂ ਕਰਨ ਵਾਲਾ; ਭਾਂਡ- ਪਾਤਰ, ਬਰਤਨ, ਇਸਤਰੀ ਜੋ ਸੰਤਾਨ ਉਤਪੰਨ ਕਰਨ ਲਈ ਸ਼ੁਭ ਪਾਤਰ ਹੈ। ਭੰਡਣਾ- ਨਿੰਦਣਾ, ਬਦਮਾਨ ਕਰਨਾ; ਭੰਡਾਈ- ਭੰਡਪੁਣਾ, ਨਿੰਦਣ ਦੀ ਕਿਰਿਆ, 'ਭਾਂਡ ਕੀ ਭੰਡਾਈ ਮੇਂ ਬੁਰਾਈ ਨ ਕਹਤ ਆਵੈ' (ਕਬਿੱਤ ਭਾਈ ਗੁਰਦਾਸ)

ਪੰਜਾਬੀ ਕੋਸ਼ਾਂ ਅਨੁਸਾਰ ਭੰਡ ਦਾ ਅਰਥ ਹੈ- ਨਕਲੀਆ, ਮਸਖਰਾ; ਨਕਲਾਂ ਰਾਹੀਂ ਕਿਸੇ ਦਾ ਪਾਜ ਉਘੇੜਨ ਵਾਲਾ, ਭੰਡੀ ਕਰਨ ਵਾਲਾ ਆਦਮੀ, ਨਿੰਦਕ, ਜਿਸ ਦੇ ਢਿੱਡ ਵਿੱਚ ਗੱਲ ਨਾ ਪਚੇ; ਭੰਡ ਸਰਾਧੀ- ਭੰਡਣ ਦਾ ਭਾਵ, ਨਿੰਦਿਆ ਬੁਰਿਆਈ ਭੰਡ-ਇਸਤਰੀ, ਔਰਤ; ਭੰਡਣ- ਮਾਤਮ, ਸੋਗ, ਦੁੱਖ; ਭੰਡਣੀ- ਮੌਸਮ ਸਬੰਧੀ ਅਖੌਤਾਂ ਵਿੱਚ ਵਰਤਿਆ ਗਿਆ ਸ਼ਬਦ- ਦੱਖਣ ਚੜ੍ਹੀ ਸਣ ਬਦਲੀ, ਘੁਲੀ ਪੁਰੇ ਦੀ ਵਾ; ਡੱਕ ਕਹੇ ਸੁਣ ਭੰਡਨੀ ਅੰਦਰ ਪਲੰਗ ਵਿਛਾ; ਭੰਡਰਿਆ- ਖੱਡਾਂ ਵਾਲੀ ਧਰਤੀ। ਇਸ ਨਾਲ ਕਈ ਮੁਹਾਵਰੇ ਵੀ ਜੁੜੇ ਹੋਏ ਹਨ ਜਿਵੇਂ- ਭੰਡ ਨਾਲ ਰਲ ਖੇਤੀ ਕੀਤੀ, ਗਾ ਵਜਾ ਆਪਣੀ ਕਰ ਲੀਤੀ; ਭੰਡ ਦਾ ਪੁੱਤਰ, ਸੌਦਾਗਰ ਦਾ ਘੋੜਾ, ਖਾਵਨ ਨੂੰ ਢੇਰ, ਕਮਾਵਣ ਨੂੰ ਥੋੜ੍ਹਾ; ਭੰਡੀ ਹੋਣਾ ਬਦਨਾਮ ਹੋਣਾ, ਭੰਡੀ ਖਵਾਰੀ-ਬੇਇਜ਼ਤੀ, ਭੰਡੀ ਖੋਰ/ਖੋਰਾ, ਭੰਡੀ ਪਾਉਣਾ, ਭੰਡੀ ਪਿੱਟਣਾ, ਭੰਡੀ ਪੈਣੀ /ਮੱਚਣੀ/ ਭੰਡੀ ਪ੍ਰਚਾਰ ਹੋਣਾ, ਭੰਡਾ ਭੰਡਾਰੀਆ-ਬੱਚਿਆਂ ਦੀ ਇੱਕ ਖੇਡ। ਇਹਦੇ ਲਈ ਇੱਕ ਤੁਕ ਪ੍ਰਸਿਧ ਹੈ- ਭੰਡਾ ਭੰਡਾਰੀਆਂ ਕਿੰਨਾ ਕੁ ਭਾਰ, ਇੱਕ ਮੁੱਠ ਚੁੱਕ ਲੈ ਦੂਜੀ ਤਿਆਰ। ਕਿਸੇ ਦੀ ਪੋਲ ਖੁਲ੍ਹਣ ਵੇਲੇ ਕਿਹਾ ਜਾਂਦਾ ਹੈ- ਉਹਦਾ ਭਾਂਡਾ ਭੱਜ ਗਿਆ। ਭੰਡ ਅਰਥਾਤ ਭਾਂਡੇ ਵਿੱਚ ਰੱਖੀ ਸਮੱਗਰੀ ਟੁੱਟਣ ਤੋਂ ਬਾਅਦ ਬਾਹਰ ਆ ਡੁਲ੍ਹਦੀ ਹੈ। ਇਸ ਪੱਖੋਂ ਭਾਂਡੇ ਦਾ ਵਿਸ਼ੇਸ਼ ਮਹੱਤਵ ਹੈ। ਮਨੁੱਖ ਜਿਵੇਂ ਜਿਵੇਂ ਵਿਕਾਸ ਕਰਦਾ ਗਿਆ, ਉਹਨੇ ਸਮੱਗਰੀ ਨੂੰ ਇਕੱਠਾ ਰੱਖਣ ਲਈ ਉਹਦਾ ਭੰਡਾਰ ਸ਼ੁਰੂ ਕੀਤਾ। ਭੰਡਾਰ ਸ਼ਬਦ ਬਣਿਆ ਹੈ- ਭੰਡ ਤੋਂ ਜਿਸਦਾ ਅਰਥ ਹੈ- ਪਾਤਰ, ਬਰਤਨ, ਭਾਂਡਾ।

ਭੰਡ ਦੀ ਵਿਓਤਪਤੀ ਸੰਸਕ੍ਰਿਤ ਦੀ 'ਭਾਣ' ਧਾਤੂ ਤੋਂ ਹੋਈ ਹੈ, ਜਿਸਦਾ ਅਰਥ ਹੈ- ਕਹਿਣਾ, ਬੋਲਣਾ (ਉਚੀ ਉਚੀ), ਰੌਲਾ ਪਾਉਣਾ ਆਦਿ। ਜਦੋਂ ਕਹਿਣ-ਸੁਣਨ ਨੂੰ ਕੁਝ ਨਹੀਂ ਰਹਿ ਜਾਂਦਾ ਤਾਂ ਕਿਹਾ ਜਾਂਦਾ ਹੈ- ਭਿੰਨਭਿਨਾਉਣਾ ਅਰਥਾਤ ਬੁੜ ਬੁੜ ਕਰਨਾ। ਭੰਡ ਸ਼ਬਦ ਦੇ ਮੂਲ ਵਿੱਚ ਇਹੀ 'ਭਣ੍' ਧਾਤੂ ਪਈ ਹੈ। ਸੰਸਕ੍ਰਿਤ ਵਿੱਚ ਭਾਂਡਮ ਤੋਂ ਬਣੇ ਭੰਡ ਦਾ ਅਰਥ ਹੀ ਪਾਤਰ, ਬਰਤਨ, ਭਾਂਡਾ ਕੀਤਾ ਜਾਂਦਾ ਹੈ। ਰਸੋਈ ਵਿੱਚ ਵਰਤੇ ਜਾਣ ਵਾਲੇ ਗਲਾਸ, ਕੌਲੀਆਂ, ਪਤੀਲੇ, ਤਾਂਬੀਏ, ਥਾਲੀਆਂ, ਗੜਵੀਆਂ ਸਾਰੇ ਇਸ ਵਿੱਚ ਸ਼ਾਮਲ ਹਨ। ਆਦਿ ਕਾਲ ਤੋਂ ਮਨੁੱਖੀ ਭਾਂਡਿਆਂ ਵਿੱਚ ਧੁਨੀ ਦਾ ਗੁਣ ਹੈ। ਏਸੇ ਕਰਕੇ ਸਾਰੇ ਭਾਂਡੇ ਵਜਾਏ ਜਾਣ 'ਤੇ ਧੁਨੀ ਪੈਦਾ ਕਰਦੇ ਹਨ। ਪਾਣੀ ਸਾਂਭਣ ਲਈ ਵੀ ਗਾਗਰ ਦਾ ਇਸਤੇਮਾਲ ਕੀਤਾ ਜਾਂਦਾ ਹੈ। ਪ੍ਰਾਕਿਰਤ ਵਿੱਚ ਭਾਂਡਕ ਦਾ ਰੂਪ ਸਿਰਫ਼ ਭਾਂਡੇ ਦੇ ਰੂਪ ਵਿੱਚ ਰਹਿ ਜਾਂਦਾ ਹੈ। ਭੰਡ ਤੋਂ ਹੀ ਬਣੇ ਭੰਡਾਰ ਦਾ ਅਰਥ ਸਟੋਰ, ਗੁਦਾਮ, ਸੰਗ੍ਰਹਿ ਕੀਤਾ ਜਾਂਦਾ ਹੈ। ਭੰਡਾਰ ਨੂੰ ਸਾਂਭਣ ਵਾਲਾ ਭੰਡਾਰੀ ਹੈ।

ਪ੍ਰਾਚੀਨ ਕਾਲ ਵਿੱਚ ਵਸਤਾਂ ਦੀ ਸਾਂਭ ਸੰਭਾਲ ਲਈ ਭੰਡਾਰ ਬਣਾਏ ਜਾਂਦੇ ਸਨ। ਇਨ੍ਹਾਂ ਦੀ ਸਾਂਭ ਸੰਭਾਲ ਕਰਨ ਵਾਲੇ ਧਾਤੂ ਤੋਂ ਬਣੇ ਭੰਡਕ: ਅਥਵਾ ਭੰਡ ਦਾ ਅਰਥ ਹੈ- ਐਲਾਨ ਕਰਨ ਵਾਲਾ, ਘੋਸ਼ਣਾ ਕਰਨ ਵਾਲਾ। ਕਿਸੇ ਜ਼ਮਾਨੇ ਵਿੱਚ ਕਿਹਾ ਜਾਂਦਾ ਹੈ ਕਿ ਭੰਡ ਸਿਰਫ਼ ਵੀਰ ਗਾਥਾਵਾਂ ਗਾਉਂਦੇ ਸਨ ਤਾਂ ਕਿ ਯੋਧਿਆਂ ਵਿੱਚ ਜੋਸ਼ ਕਾਇਮ ਰਹੇ, ਪਰ ਬਾਅਦ ਵਿੱਚ ਇਹ ਪੇਸ਼ਾ ਢਾਡੀਆਂ ਨੇ ਅਪਨਾ ਲਿਆ। ਬਾਅਦ ਵਿੱਚ ਹੌਲੀ ਹੌਲੀ ਢੰਢੋਰਚੀ, ਚੁਗਲਖੋਰ ਦੇ ਰੂਪ ਵਿੱਚ ਇਹ ਕਿਸੇ ਦੇ ਭੇਦ ਉਜਾਗਰ ਕਰਨ ਵਾਲਾ ਵਿਅਕਤੀ ਬਣ ਗਿਆ, ਜਿਸ ਰੂਪ ਵਿੱਚ ਅੱਜ ਭੰਡਾਂ ਨੂੰ ਸਥਾਪਤ ਕੀਤਾ ਜਾਂਦਾ ਹੈ। ਸਵਾਂਗ ਕਰਨ ਵਾਲਾ, ਹਾਸ ਕਲਾਕਾਰ, ਭੰਡ ਅੱਜ ਹਾਸੇ ਮਜ਼ਾਕ ਦਾ ਪਾਤਰ ਬਣ ਗਿਆ ਹੈ। ਉਹਦਾ ਚਮੋਟਾ ਆਵਾਜ਼/ਧੁਨੀ ਪੈਦਾ ਕਰਨ ਦਾ ਸਾਧਨ ਹੈ। ਅੱਜ ਭਾਵੇਂ ਦਰਬਾਰਾਂ ਵਿਚਲੇ ਭੰਡਾਂ ਦਾ ਰੁਤਬਾ ਖਤਮ ਹੋ ਗਿਆ ਹੈ ਤੇ ਹੁਣ ਇਹ ਵਿਆਹਾਂ ਆਦਿ ਖ਼ੁਸ਼ੀ ਦੇ ਮੌਕਿਆਂ 'ਤੇ ਆਪਣੀ ਕਲਾ ਦਾ ਜੌਹਰ ਵਿਖਾਉਂਦੇ ਹਨ। ਇਸ ਤਰ੍ਹਾਂ /ਭਣ੍/ਭਾਂਡੇ/ਭੰਡ/ ਦੀ ਸਕੀਰੀ ਤੋਂ ਇਸ ਸ਼ਬਦ ਦਾ ਵਿਸਥਾਰ ਹੋਇਆ ਹੈ।

# ਜ਼ਫ਼ਰਨਾਮਾ

ਅਨੁਵਾਦ ਕੀਤਾ ਗਿਆ ਹੈ, ਜੋ ਪਾਠਕਾਂ ਦੇ ਦਾਇਰੇ ਨੂੰ ਵਿਸ਼ਾਲਤਾ ਵੀ ਪ੍ਰਦਾਨ ਕਰਦਾ ਹੈ, ਜਿਸ ਵਿੱਚ ਜੰਗ ਦੇ ਨੈਤਿਕ ਨਿਯਮਾਂ ਦੀ ਉਲੰਘਣਾ ਦੇ ਨਾਲ-ਨਾਲ ਗੁਰੂ ਸਾਹਿਬ ਦੇ ਪਰਿਵਾਰ ਦੀਆਂ ਸ਼ਹਾਦਤਾਂ ਤੇ ਜੰਗ ਦੇ ਮੈਦਾਨ ਵਿੱਚ ਵਿਰੋਧੀਆਂ ਦੀਆਂ ਗਤੀਵਿਧੀਆਂ ਦਾ ਇਸ਼ਾਰਿਆਂ ਵਿੱਚ ਜ਼ਿਕਰ ਕੀਤਾ ਗਿਆ ਹੈ। ਚਮਕੌਰ ਦੇ ਯੁੱਧ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਸ਼ਹਾਦਤ ਦਾ ਜਾਮ ਪੀ ਗਏ। ਇਸ ਗੜ੍ਹੀ ਦੀਆਂ ਦੀਵਾਰਾਂ ਨੂੰ ਮੁਗ਼ਲ ਸੈਨਾ ਦੇ ਜਰਨੈਲ ਟੱਪ ਨਾ ਸਕੇ ਅਤੇ ਜਿਹੜਾ ਵੀ ਸਾਹਮਣੇ ਆਇਆਂ ਗੁਰੂ ਸਾਹਿਬ ਦੇ ਤੀਰ ਨਾਲ ਫ਼ੁੰਡਿਆ ਗਿਆ। ਨਵਾਬ ਮਲੇਰਕੋਟਲੇ ਦਾ ਭਰਾ ਨਾਹਰ ਖ਼ਾਂ ਗੁਰੂ ਜੀ ਦੇ ਤੀਰ ਦਾ ਸ਼ਿਕਾਰ ਹੋ ਗਿਆ, ਪਰ ਫ਼ੌਜੀ ਜਰਨੈਲ ਖਵਾਜਾ (ਖ਼ਿਜ਼ਰ ਖ਼ਾਨ) ਸਾਹਮਣੇ ਹੀ ਨਹੀਂ ਆਇਆ, ਜਿਸ ਨੂੰ ਭਾਈ ਰਣਧੀਰ ਸਿੰਘ ਤਵਾਰੀਖ਼ ਖ਼ਾਲਸਾ (ਪੱਥਰ ਛਾਪ- ਪੰਨੇ 324, 373) ਦੇ ਹਵਾਲੇ ਨਾਲ, ਖ਼ਿਜ਼ਰ ਖ਼ਾਨ ਮਲੇਰਕੋਟਲੇ ਵਾਲਾ, ਜੋ ਮਲੇਰੀ-ਜਮੀਅਤ ਦਾ ਸਰਦਾਰ ਸੀ, ਲਿਖਦੇ ਹਨ:

ਹਰਾਂ ਕਸ ਜ਼ਿ ਦੀਵਾਰ ਆਮਦ ਬਰੂੰ।
ਬਖ਼ੁਰਦਨ ਯਕੇ ਤੀਰ ਸ਼ੁਦ ਗ਼ਰਕਿ ਖ਼ੂੰ।

ਜਿਹੜਾ ਵੀ ਦੀਵਾਰ (ਚਮਕੌਰ ਦੀ ਗੜ੍ਹੀ) ਦੀ ਓਟ ਤੋਂ ਜ਼ਰਾ ਬਾਹਰ ਆਇਆ, ਇੱਕੋ ਤੀਰ ਖਾ ਕੇ ਖ਼ੂਨ ਵਿੱਚ ਡੁੱਬ ਗਿਆ।

ਚੂੰ ਦੀਦਮ ਕਿ ਨਾਹਰ ਬਿਆਮਦ ਬਜੰਗ।
ਚਸ਼ੀਦਹ ਯਕੇ ਤੀਰ ਤਨਿ ਬੇਦਰੰਗ।

ਜਦੋਂ ਮੈਂ ਡਿੱਠਾ ਕਿ ਨਾਹਰ (ਕੋਟਲੇ ਨਵਾਬ ਦਾ ਭਾਈ) ਜੰਗ ਵਿੱਚ ਕੁੱਦਿਆ ਹੈ ਤਾਂ ਉਹਨੇ ਇਕਦਮ ਮੇਰੇ ਤੀਰ ਦਾ ਸੁਆਦ ਚੱਖਿਆ ਜਾਂ ਮਾਰਿਆ ਗਿਆ।

ਕਿ ਆਂ ਖਵਾਜਾ ਮਰਦੂਦ ਜ਼ਿ ਸਾਯਹ ਦੀਵਾਰ।
ਬ ਮੈਦਾਂ ਨਿਆਮਦ ਬ ਮਰਦਾਨਹਵਾਰ।

ਪਰ ਇਸ ਫੌਜ ਦਾ ਪਾਪੀ/ਕਾਇਰ ਜਰਨੈਲ ਗੜ੍ਹੀ ਦੀ ਦੀਵਾਰ ਓਹਲੇ ਹੀ ਰਿਹਾ ਤੇ ਬਹਾਦਰਾਂ ਵਾਂਗ ਮੈਦਾਨ ਵਿੱਚ ਸਾਹਮਣੇ ਨਾ ਆਇਆ।

ਪਰ ਇਸ ਜੰਗ ਦਾ ਨੈਤਿਕ ਪਤਨ ਉਸ ਵਕਤ ਗ਼ਰਕ ਗਿਆ, ਜਦੋਂ ਸ਼ਰਾਂ ਦੇ ਨਿਯਮਾਂ ਨੂੰ ਤੋੜ ਕੇ ਕਾਜ਼ੀ ਨੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਨੂੰ ਨੀਂਹਾਂ ਵਿੱਚ ਜਿਉਂਦੇ ਚਿਣਨ ਦਾ ਹੁਕਮ ਸਾਦਰ ਕਰ ਦਿੱਤਾ, ਜਿਸ ਨੂੰ ਸਿਰੇ ਚਾੜ੍ਹਨ ਲਈ ਬੁੱਤਪ੍ਰਸਤ ਸੁੱਚਾ ਨੰਦ ਨੇ ਹੱਲਾਸ਼ੇਰੀ ਦਿੱਤੀ। ਇੱਕ ਪਾਸੇ ਬੁੱਤਸ਼ਿਕਨ ਕਾਜ਼ੀ, ਵਜ਼ੀਰ ਖਾਨ ਤੇ ਬੁੱਤਪ੍ਰਸਤ ਸੁੱਚਾ ਨੰਦ ਦੀ ਕੁਲਹਿਣੀ ਫ਼ਿਤਰਤ ਨੇ ਆਪਣਾ ਰੰਗ ਵਿਖਾਇਆ ਤਾਂ ਦੂਸਰੇ ਪਾਸੇ ਸਾਹਿਜ਼ਾਦਿਆਂ ਨੂੰ ਦੁੱਧ ਪਿਲਾਉਣ ਵਾਲੇ ਮੋਤੀ ਮਹਿਰਾ ਨੇ ਸ਼ਹਾਦਤ ਦਾ ਜ਼ਾਮ ਪੀਤਾ ਅਤੇ ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾਂ ਖੜ੍ਹੀਆਂ ਕਰਕੇ ਸੰਸਕਾਰ ਵਾਲੀ ਜ਼ਮੀਨ ਦਾ ਮੁੱਲ ਤਾਰਿਆ। ਸਰਹਿੰਦ ਦੀ ਧਰਤੀ 'ਤੇ ਜ਼ਮੀਨ ਦੇ ਇਸ ਟੁਕੜੇ ਦਾ ਮੁੱਲ ਦੁਨੀਆਂ ਦੀਆਂ ਕੁਲ ਦੌਲਤਾਂ ਤੋਂ ਉੱਪਰ ਤੇ ਨਾ ਖਰੀਦ ਸਕਣ ਦੇ ਕਾਬਲ ਹੈ। ਇਸ ਮਿੱਟੀ ਦਾ ਇਹ ਟੁਕੜਾ ਅਨਮੋਲ ਹੈ। ਇਹ ਜ਼ਮੀਨ ਗ਼ਵਾਹ ਹੈ ਕਿ ਬੁੱਤਸ਼ਿਕਨ ਇਸਲਾਮ ਦੀ ਅਗਵਾਈ ਕਰਨ ਵਾਲੇ ਕਾਜ਼ੀ ਤੇ ਬੁੱਤਪ੍ਰਸਤ ਸੁੱਚਾ ਨੰਦ ਦੇ ਫ਼ਰੇਬ ਦੇ ਦਗੇ ਦਾ ਆਖਰੀ ਵਾਰ ਸੀ, ਜੋ ਖ਼ਾਲਸੇ ਨੂੰ ਵਿਰਾਸਤ ਵਿੱਚ ਮਿਲਿਆ। ਇਹ ਅਜਿਹਾ ਅਕ੍ਰਿਤਘਣ ਸੀ, ਜਿਸ ਨੇ ਜ਼ਫ਼ਰਨਾਮਾ ਦੀ ਪਾਕ ਲਿਖਤ ਨੂੰ ਜਨਮ ਦਿੱਤਾ ਅਤੇ ਖ਼ਾਲਸੇ ਦਾ ਹਲੇਮੀ ਰਾਜ ਕਾਇਮ ਕਰਨ ਲਈ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵੱਲ ਰੁਖ ਕਰ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ। ਇਹ ਉਹੋ ਹੀ ਸ਼ਰਤ ਸੀ, ਜਿਸ ਨੂੰ ਮੰਨ ਕੇ ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਦਾ ਕਿਲਾ ਛੱਡਿਆ ਸੀ ਤੇ ਔਰੰਗਜ਼ੇਬ ਮੌਤ ਦੇ ਮੂੰਹ ਵਿੱਚ ਜਾ ਪੈਣ ਕਾਰਨ ਗੁਰੂ ਸਾਹਿਬ ਨੂੰ ਮਿਲ ਨਾ ਸਕਿਆ, ਪਰ ਬਹਾਦਰ ਸ਼ਾਹ ਵੱਲੋਂ ਗੁਰੂ ਨੂੰ ਭੇਟ ਕੀਤੀ ਸ਼ਮਸ਼ੀਰ ਗਵਾਹ ਹੈ ਕਿ ਬਹਾਦਰ ਸ਼ਾਹ ਨੇ ਉਸ ਸ਼ਰਤ ਨੂੰ ਕਬੂਲ ਕਰ ਪ੍ਰਭੁਸੱਤਾ ਸਪੰਨ ਖਾਲਸੇ ਦਾ ਰਾਜ ਸਵੀਕਾਰ ਕਰ ਲਿਆ ਸੀ, ਜਿਸ ਦੀ ਕਾਇਮੀ ਲਈ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵੱਲ ਆਗਾਜ਼ ਕੀਤਾ। ਇਤਿਹਾਸ ਵਿੱਚ ਇਹ ਇੱਕ ਨਵਾਂ ਜੁੱਗ ਸੀ ਕਿ ਗੁਰੂ ਨੇ ਇੱਕ ਇਸਲਾਮਕ ਰਾਜ ਦੇ ਅੰਦਰ ਸੁਤੰਤਰ ਰਾਜ ਦੀ ਕਾਇਮੀ ਕਰ ਦਿੱਤੀ ਸੀ। ਭਾਵੇਂ ਇਹ ਰਾਜ ਭਾਗ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਨਾਲ ਮੁਗ਼ਲਾਂ ਨੇ ਹਥਿਆ ਲਿਆ, ਪਰ ਮਿਸਲਾਂ ਦੀਆਂ ਸਰਦਾਰੀਆਂ ਨੇ ਇਸ ਹੱਕ ਨੂੰ ਸਦਾ ਜਿਤਾਇਆ ਤੇ ਮਹਾਰਾਜਾ ਰਣਜੀਤ ਸਿੰਘ ਨੇ ਮੁੜ ਇਸ ਰਾਜ ਭਾਗ ਨੂੰ 1799 ਵਿੱਚ ਕਾਇਮ ਕੀਤਾ, ਜੋ ਅੰਗਰੇਜ਼ਾਂ ਦੀਆਂ ਚਲਾਕੀਆਂ ਕਾਰਨ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਗਿਆ ਅਤੇ ਮੁੜ ਇਸ ਨੇ ਧਰਮ ਯੁੱਧ ਦੇ ਰੂਪ ਵਿੱਚ ਨਨਕਾਣਾ ਸਾਹਿਬ ਦੇ ਸਾਕੇ ਵਿੱਚ ਆਗ਼ਾਜ਼ ਕੀਤਾ ਤੇ ਅੰਗਰੇਜ਼ਾਂ ਤੋਂ ਗੁਰਧਾਮਾਂ ਦਾ ਕਬਜ਼ਾ ਲੈ ਕੇ ਸਿੱਖ ਰਾਜ ਦੀ ਸਥਾਪਨਾ ਵੱਲ ਵਧਦਿਆਂ ਅੰਗਰੇਜ਼ ਹਕੂਮਤ ਨਾਲ ਸਮਝੌਤਾ ਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕੀਤੀ, ਜੋ ਸਿੱਖ ਰਾਜ ਦੀ ਵੱਖਰੀ ਹੋਂਦ ਨੂੰ ਮੰਨਣਾ ਹੈ। ਮੋਹਨਦਾਸ ਕਰਮਚੰਦ ਗਾਂਧੀ ਨੇ ਇਸ ਨੂੰ ਆਜ਼ਾਦੀ ਦੀ ਪਹਿਲੀ ਲੜਾਈ ਦੀ ਜਿੱਤ ਆਖ ਕੇ ਰਾਸ਼ਟਰੀ ਲੜਾਈ ਦੀ ਰੰਗਤ ਵਿੱਚ ਰੰਗ ਦਿੱਤਾ ਅਤੇ ਸਿੱਖ ਮਾਨਸਿਕਤਾ ਫੇਰ ਉਸ ਜਾਲ ਦੀ ਬੁਣਤ ਦਾ ਸ਼ਿਕਾਰ ਹੋ ਗਈ, ਜੋ ਜਾਲ ਬੁੱਤਪ੍ਰਸਤਾਂ ਨੇ ਸਾਹਿਜ਼ਾਦਿਆਂ ਨੂੰ ਸ਼ਹੀਦ ਕਰਨ ਲਈ ਬੁਣਿਆ ਸੀ ਅਤੇ ਦਸਮ ਪਾਤਸ਼ਾਹ ਨੇ ਪਹਾੜੀ ਬੁੱਤਪ੍ਰਸਤ ਰਾਜਿਆਂ ਨਾਲ ਜੰਗਾਂ ਲੜੀਆਂ ਸਨ। ਇਨ੍ਹਾਂ ਸਮਿਆਂ ਅੰਦਰ ਸਿੱਖਾਂ ਅੰਦਰ ਬਫ਼ਰ ਸਟੇਟ ਦੀ ਮੰਗ ਵੀ ਉੱਠੀ ਅਤੇ ਸਿੱਖ ਹੋਮਲੈਂਡ ਦੀ ਮੰਗ ਨੇ ਜੋਰ ਫੜਿਆ। ਸਿੱਖ ਆਜ਼ਾਦੀ ਦੇ ਚਾਅ ਅਤੇ ਜਵਾਹਰ ਲਾਲ ਨਹਿਰੂ ਦੇ ਇਸ ਛਲਾਵੇ ਵਿੱਚ ਆ ਗਏ ਕਿ ਆਜ਼ਾਦ ਭਾਰਤ ਵਿੱਚ ਸਿੱਖਾਂ ਨੂੰ ਉੱਤਰੀ ਇਲਾਕੇ ਵਿੱਚ ਖਿੱਤਾ ਦਿੱਤਾ ਜਾਵੇਗਾ, ਜਿਸ ਵਿੱਚ ਉਹ ਆਜ਼ਾਦੀ ਦਾ ਸਕੂਨ ਮਾਣ ਸਕਣ, ਪਰ ਆਜ਼ਾਦੀ ਦੇ ਇਸ ਚਾਅ ਵਿੱਚ ਪੰਜਾਬ ਦੇ ਦੋ ਟੁਕੜੇ ਹੋ ਗਏ ਅਤੇ ਹਿੰਦੁਸਤਾਨ ਅੰਦਰਲਾ ਪੰਜਾਬ ਆਪਣੇ ਨਾਲੋਂ ਹਿਮਾਚਲ, ਹਰਿਆਣਾ ਤੇ ਗੰਗਾ ਨਗਰ ਦਾ ਇਲਾਕਾ ਗਵਾ ਬੈਠਾ। ਸਿੱਖਾਂ ਨੇ ਇੱਕ ਵਾਰ ਫੇਰ 1946 ਵਿੱਚ ਸਿੱਖ ਹੋਮਲੈਂਡ ਦੀ ਮੰਗ ਨੂੰ ਉਭਾਰਿਆ।

ਸਵਰਗੀ ਸਿਰਦਾਰ ਕਪੂਰ ਸਿੰਘ ਨੇ 1973 ਵਿੱਚ ਸਿੱਖਾਂ ਲਈ ਆਜ਼ਾਦ ਖ਼ੁਦਮੁਖਤਿਆਰੀ ਦੇ ਮੁੱਦੇ ਨੂੰ ਉਭਾਰਿਆ, ਜਿਸ ਨੂੰ 'ਆਨੰਦਪੁਰ ਸਾਹਿਬ ਦਾ ਮਤਾ' ਦੇ ਨਾਂ ਨਾਲ ਇਤਿਹਾਸ ਵਿੱਚ ਜਾਣਿਆ ਜਾਂਦਾ ਹੈ। ਪਰ 1978 ਵਿੱਚ ਇੱਕ ਹੋਰ ਮਤਾ ਲਿਆਦਾ ਜਾਂਦਾ ਹੈ, ਜੋ ਕਿ ਲੁਧਿਆਣਾ ਵਾਲੇ ਮਤੇ ਦੇ ਨਾਂ ਨਾਲ ਸਬੰਧਤ ਹੈ। ਇਨ੍ਹਾਂ ਸਮਿਆਂ ਵਿੱਚ ਹੀ ਪੰਜਾਬ ਦੇ ਪਾਣੀਆਂ ਦਾ ਮਸਲਾ ਉੱਭਰਦਾ ਹੈ ਅਤੇ ਧਰਮ ਯੁੱਧ ਮੋਰਚੇ ਦਾ ਅੰਤ ਦਰਬਾਰ ਸਾਹਿਬ ਤੇ ਹੋਰ ਗੁਰਧਾਮਾਂ 'ਤੇ 1984 ਦਾ ਕਹਿਰ ਟੁੱਟਦਾ ਹੈ ਤੇ ਨਵੰਬਰ 1984 ਵਿੱਚ ਸਿੱਖਾਂ ਦੀ ਨਸਲਕੁਸ਼ੀ ਕੀਤੀ ਜਾਂਦੀ ਹੈ, ਜਿਸ ਨੇ ਔਰੰਗਜ਼ੇਬ ਦੀ ਸਲਤਨਤ ਦੇ ਨਕਸ਼ ਨੂੰ ਦੁਬਾਰਾ ਜ਼ਮੀਨ ਦੀ ਹੱਕ 'ਤੇ ਉਤਾਰਿਆ। ਸਾਕਾ ਨੀਲਾ ਤਾਰਾ 1984 ਤੋਂ ਬਾਅਦ 1986 ਵਿੱਚ ਦੇਸ਼ ਦੇ ਵਕਤੀ ਪ੍ਰਧਾਨ ਮੰਤਰੀ ਤੇ ਅਕਾਲੀ ਲੀਡਰ ਸੰਤ ਹਰਚੰਦ ਸਿੰਘ ਲੌਂਗੋਵਾਲ ਵਿੱਚਕਾਰ ਇੱਕ ਸਮਝੌਤਾ ਹੋਇਆ, ਜਿਹੜਾ ਇਤਿਹਾਸ ਦਾ ਸਿਰਫ਼ ਇੱਕ ਬੇਜ਼ਾਨ ਜਿਹਾ ਦਸਤਾਵੇਜ਼ ਬਣ ਕੇ ਰਹਿ ਗਿਆ ਹੈ।

1986 ਦਾ ਖ਼ਾਲਿਸਤਾਨ ਐਲਾਨਨਾਮਾ ਅਤੇ 1994 ਵਿੱਚ ਅਕਾਲ ਤਖ਼ਤ ਸਾਹਿਬ 'ਤੇ ਕੀਤਾ ਐਲਾਨਨਾਮਾ, ਜਿਸ ਨੂੰ ਅੰਮ੍ਰਿਤਸਰ ਐਲਾਨਨਾਮਾ ਕਿਹਾ ਜਾਂਦਾ ਹੈ, ਇਹ ਉਸੇ ਹੀ ਰਾਜਸੀ ਮੰਜਲ ਦਾ ਆਗ਼ਾਜ਼ ਹੈ, ਜੋ ਜ਼ਫ਼ਰਨਾਮਾ ਵਿੱਚ ਇਕਰਾਰਨਾਮਾ ਦੀ ਆਖ਼ਰੀ ਮਦ ਹੈ ਅਤੇ ਆਜ਼ਾਦੀ ਸਮੇਂ ਨਹਿਰੂ ਵੱਲੋਂ ਕੀਤੇ ਇਕਰਾਰਨਾਮੇ ਦੀ ਮੰਗ ਹੈ। ਧੋਖੇ ਨਾਲ ਹਥਿਆਏ ਸਿੱਖ ਰਾਜ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਪੁੱਤਰ ਮਹਾਰਾਜਾ ਦਲੀਪ ਸਿੰਘ ਯਤਨਾਂ ਦੇ ਬਾਵਜੂਦ ਵਾਪਸ ਨਾ ਲੈ ਸਕਿਆ, ਪਰ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ, ਜਿਸ ਵਿੱਚ ਹਰ ਕੋਈ ਖ਼ੁਸ਼ੀ ਨਾਲ ਵਸਦਾ ਸੀ, ਇੱਕ ਆਜ਼ਾਦ ਸਿੱਖ ਰਾਜ ਸੀ, ਜਿਸ ਨੂੰ ਬਿਨਾਂ ਕਿਸੇ ਮਨਜ਼ੂਰੀ ਤੋਂ ਹਥਿਆਇਆ ਨਹੀਂ ਜਾ ਸਕਦਾ ਸੀ। ਇਹ ਭਵਿੱਖ ਦੀਆਂ ਨਸਲਾਂ ਹੀ ਤੈਅ ਕਰਨਗੀਆਂ ਕਿ ਉਨ੍ਹਾਂ ਨੇ ਕਦੋਂ ਬ੍ਰਿਟੇਨ ਨੂੰ ਸਿੱਖਾਂ ਦੇ ਇਸ ਹੜੱਪੇ ਰਾਜ ਨੂੰ ਵਾਪਸ ਕਰਨ ਲਈ ਦੁਨੀਆਂ ਦੀ ਨਿਆਂ ਪ੍ਰਣਾਲੀ ਵਿੱਚ ਖੜ੍ਹਾ ਕਰਨਾ ਹੈ ਅਤੇ ਬਹੁ-ਭਾਂਤੀ ਸਭਿਆਚਾਰ ਵਾਲੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਮੁੜ ਬਹਾਲ ਕਰਨਾ ਹੈ। ਰਣਜੀਤ ਸਿੰਘ ਨੇ ਆਪਣੇ ਰਾਜ ਨੂੰ ਸਦਾ ਹੀ ਖਾਲਸਾ ਰਾਜ ਦਾ ਨਾਂ ਦਿੱਤਾ ਹੈ। ਖ਼ਾਲਸਾ ਉਹ ਹੈ ਜਿਸ ਦਾ ਕਿਰਦਾਰ ਗੁਰਬਾਣੀ ਵਿੱਚ ਪ੍ਰਗਟ ਕੀਤੇ ਗੁਰਮੁੱਖ ਦੀ ਨੁਹਾਰ ਵਾਲਾ ਹੈ ਅਤੇ ਜਿਸ ਦਾ ਧਰਤੀ 'ਤੇ ਰਾਜ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਖ਼ਾਲਿਸਹ: ਸ਼ੁੱਧ, ਬਿਨਾ ਮਿਲਾਵਟ ਤੇ ਨਿਰੋਲ ਕਰਦੇ ਹੋਏ ਇਸ ਨੂੰ ਸੰਗਯਾ - ਉਹ ਜ਼ਮੀਨ ਜਾਂ ਮੁਲਕ, ਜੋ ਬਾਦਸ਼ਾਹ ਦਾ ਹੈ, ਜਿਸ ਪੁਰ ਕਿਸੇ ਜਾਗੀਰਦਾਰ ਅਥਵਾ ਜ਼ਿੰਮੀਦਾਰ ਦਾ ਸਵਤਵ ਨਹੀਂ, ਤਸਲੀਮ ਕਰਦੇ ਹਨ।

ਅੱਜ ਦੱਖਣੀ ਏਸ਼ੀਆ ਜਿਸ ਰਾਹ ਵੱਲ ਤੁਰ ਰਿਹਾ ਹੈ, ਉਸ ਵਿੱਚ ਹਿੰਦੁਸਤਾਨ ਦਾ ਭਵਿੱਖ ਇਸ ਨੂੰ ਕਿਸੇ ਵੀ ਦਿਸ਼ਾ ਵਿੱਚ ਮੋੜ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਹੀ ਅਜਿਹਾ ਖ਼ਜ਼ਾਨਾ ਹੈ, ਜਿਹੜਾ ਇਸ ਨੂੰ ਟੁੱਟਣ ਤੋਂ ਬਚਾ ਸਕਦਾ ਹੈ। ਇਹ ਟੁੱਟ ਭੱਜ ਦਾ ਕਹਿਰ ਤਾਂ ਹੀ ਠੱਲ੍ਹ ਸਕਦਾ ਹੈ, ਜੇ ਹਿੰਦੁਸਤਾਨ ਦੀ ਮੁਖ ਧਾਰਾ ਗੁਰੂ ਗ੍ਰੰਥ ਸਾਹਿਬ ਦੀ ਧਾਰਾ ਨੂੰ ਪ੍ਰਣਾ ਲਵੇ, ਜਿਸ ਵਿੱਚ ਸਮੂਹ ਧਰਮਾਂ ਨੂੰ ਨਾਲ ਲੈ ਕੇ ਤੁਰਨ ਦੀ ਤਾਕਤ ਹੈ। ਰੂਸ ਤੇ ਚੀਨ ਦਾ ਮਾਰਕਸਵਾਦੀ ਸਮਾਜਿਕ ਵਰਤਾਰਾ ਗੁਰੂ ਗ੍ਰੰਥ ਸਾਹਿਬ ਵਿੱਚ ਸਿਰਜੇ ਵਿਸ਼ਵ ਦੇ ਸਮਾਜਕ ਵਰਤਾਰੇ ਤੋਂ ਕੋਹਾਂ ਦੂਰ ਤੇ ਊਣਾ ਹੈ। ਜਿਸ ਦਿਨ ਇਨ੍ਹਾਂ ਦੇਸ਼ਾਂ ਦੀਆਂ ਮਾਰਕਸਵਾਦੀ ਵਿੱਚਾਰਧਰਾਵਾਂ ਨੇ ਆਪਣੇ ਸਮਾਜਿਕ ਵਰਤਾਰੇ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਮਾਜਿਕ ਵਰਤਾਰੇ ਵਿੱਚ ਰੰਗ ਲਿਆ, ਉਸ ਦਿਨ ਖ਼ਾਲਸਾ ਜੀ ਦਾ ਸਗਲੀ ਧਰਤੀ 'ਤੇ ਰਾਜ ਸਥਾਪਤ ਹੋ ਜਾਵੇਗਾ ਅਤੇ ਵਿਸ਼ਵ ਇੱਕ ਸਭਿਆਚਾਰਕ ਇਕਾਈ ਦੀ ਮਾਲਾ ਵਿੱਚ ਪ੍ਰੋਇਆ ਜਾਵੇਗਾ, ਜਿਸ ਦੀ ਨੀਂਹ ਮਨੁੱਖਤਾ ਹੋਵੇਗੀ; ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਮਨੁੱਖਤਾ ਦੇ ਕਲਿਆਣ ਦੀ ਹੀ ਗੱਲ ਕੀਤੀ ਗਈ ਹੈ।

ਪ੍ਰੋ. ਪੂਰਨ ਸਿੰਘ ਸਿੱਖ ਧਰਮ, ਸਿੱਖ ਇਤਿਹਾਸ ਅਤੇ ਸਿੱਖਾਂ ਦੀ ਜਨਮ-ਭੂਮੀ, ਪੰਜਾਬ ਅਤੇ ਇਸ ਦੀ ਸਮੁੱਚੀ ਪ੍ਰਕ੍ਰਿਤੀ ਦੇ ਵਜੂਦ ਦੀ ਸਿੱਖੀ ਨਾਲ ਗਹਿਰੀ ਸਾਂਝ ਨੂੰ ਨਸ਼ਰ ਕਰਦੇ ਹਨ। ਪੰਜਾਬ ਦੇ ਦਰਿਆਵਾਂ ਦੀ ਖ਼ਾਲਸੇ ਨਾਲ ਦੋਸਤੀ, ਪੰਜਾਬ ਦੇ ਜ਼ੱਰੇ-ਜ਼ੱਰੇ ਵਿੱਚ ਗੁਰਬਾਣੀ ਦੀ ਮਹਿਕ ਨਾਲ ਭਰੇ ਹੋਣ ਦੀ ਗਵਾਹੀ ਉਨ੍ਹਾਂ ਦੇ ਕਾਵਿ-ਆਵੇਸ਼ ਵਿੱਚ ਦਰਜ ਹੈ। ਪੰਜਾਬ ਸਬੰਧੀ ਉਹ ਕੇਵਲ ਦੋ ਸਤਰਾਂ ਵਿੱਚ ਫ਼ੈਸਲਾ ਕਰਦੇ ਹਨ ਕਿ ਇਹ ਸਿੱਖ ਗੁਰੂ ਸਾਹਿਬਾਨ ਦਾ ਸਿਰਜਿਆ ਹੋਇਆ ਹੈ ਅਤੇ ਇਹ ਸਿੱਖ-ਪੰਜਾਬ ਹੈ। ਇਸੇ ਦਹਿਲੀਜ਼ ਤੋਂ ਉਹ ਪੰਜਾਬ ਦੇ ਜਿਉਂਣ ਪਿੱਛੇ ਗੁਰੂ ਦੀ ਬਖ਼ਸ਼ਿਸ਼ ਨੂੰ ਵੇਖਦੇ ਹਨ ਅਤੇ ਕਿਸੇ ਮਰਦਿ-ਜਵਾਂ ਨੂੰ ਆਵਾਜ਼ਾਂ ਮਾਰਦੇ ਹਨ, ਜਿਹੜਾ ਉਜੜ ਰਹੇ ਪੰਜਾਬ ਨੂੰ ਗੁਰਬਾਣੀ ਦੇ ਖ਼ਾਲਸ ਰੰਗ ਵਿੱਚ ਰੰਗ ਦੇਵੇ :

ਪੰਜਾਬ ਨਾ ਹਿੰਦੂ ਨਾ ਮੁਸਲਮਾਨ
ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ।

—0—

ਝਨਾਂ ਤੇ ਰਾਵੀ ਤੇ ਸਤਲੁਜ ਤੇ ਬਿਆਸ ਤੇ
ਜੇਹਲਮ ਤੇ ਕਟਕ ਸਭ ਬਲ ਉੱਠੇ;
ਗੁਰੂ ਦਾ ਜਾਪੁ ਸਾਹਿਬ ਗਾਉਂਦੇ ।

—0—

ਆ ਪੰਜਾਬ-ਪਿਆਰ ਤੂੰ ਮੁੜ ਆ!
ਆ ਸਿੱਖ-ਪੰਜਾਬ ਤੂੰ ਘਰ ਆ!

—0—

ਆ! ਪੰਜਾਬ, ਤੂੰ ਮੁੜ ਆ! ਖਿੜੇ ਖਿੜੇ ਮੱਥੇ ਲਾ,
ਕਰੋੜਾਂ ਪੰਜਾਬ ਆ! ਇੱਕ ਆ, ਹਜ਼ਾਰ ਆ।
ਦਿਲ ਦੇ ਵਿੱਚਕਾਰ ਆ! ਰੂਹ ਦੀ ਖੁਲ੍ਹੀ ਟੰਕਾਰ ਆ।
ਭੌਰਿਆਂ ਦੀ ਗੁੰਜਾਰ ਆਂ! ਫੁੱਲਾਂ ਦੀ ਗੁਲਜ਼ਾਰ ਆ।
ਧੁਰ ਦੀ ਫੁੰਕਾਰ ਆ! ਆ ਪਿਆਰ ਪੰਜਾਬ ਸਦਕੇ,
ਤੂੰ ਮੁੜ ਆ, ਫਿਰ ਆ।

—0—

'ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ'

ਅਲੀ ਰਾਜਪੁਰਾ
ਫੋਨ:+91-9417679302



# ਕੋਟਲਾ ਪਠਾਣ ਤੋਂ ਬਣਿਆ ਕੋਟਲਾ ਨਿਹੰਗ

**"ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਦੀ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਸੁਹਿਰਦ ਪਾਠਕਾਂ ਲਈ ਇਹ ਪੁਸਤਕ 'ਪੰਜਾਬੀ ਪਰਵਾਜ਼' ਵਿੱਚ ਲੜੀਵਾਰ ਛਾਪੀ ਜਾ ਰਹੀ ਹੈ। ਇਸ ਅੰਕ ਵਿੱਚ ਨਿਹੰਗ ਖ਼ਾਨ, ਕਰੀਮ ਖ਼ਾਂ ਪਠਾਣ ਅਤੇ ਹਕੀਮ ਅਬੂ ਤੁਰਾਬ ਬਾਰੇ ਸੰਖੇਪ ਵੇਰਵਾ ਹੈ...**

ਰੋਪੜ (ਰੂਪਨਗਰ) ਤੋਂ ਚੜ੍ਹਦੇ ਪਾਸੇ ਵਸਿਆ ਪਿੰਡ ਹੈ, ਕੋਟਲਾ ਨਿਹੰਗ। ਇਹ ਜ਼ਿਲ੍ਹਾ ਰੂਪਨਗਰ ਦਾ ਮਸ਼ਹੂਰ ਤੇ ਇਤਿਹਾਸਕ ਪਿੰਡ ਹੈ, ਇਸੇ ਪਿੰਡ ਦਾ ਪਠਾਣ ਸ਼ਮਸ ਖ਼ਾਨ ਧਾਰਮਿਕ ਬਿਰਤੀ ਵਾਲਾ ਇਨਸਾਨ ਸੀ। ਉਹ ਨੇੜੇ-ਤੇੜੇ ਵਾਲੇ ਲਗਭਗ 84 ਪਿੰਡਾਂ ਦਾ ਜ਼ੈਲਦਾਰ ਸੀ। ਉਸ ਕੋਲ ਕੋਈ ਔਲਾਦ ਨਾ ਹੋਣ ਕਰਕੇ ਉਸ ਨੇ ਕਈ ਫ਼ਕੀਰਾਂ ਅਤੇ ਧਾਰਮਿਕ ਥਾਂਵਾਂ 'ਤੇ ਮੱਥਾ ਟੇਕਿਆ, ਪਰ ਕਿਤੋਂ ਵੀ ਕੋਈ ਬਖ਼ਸ਼ਿਸ਼ ਨਾ ਹੋਈ। ਕਿਸੇ ਨੇ ਸ਼ਮਸ ਖ਼ਾਨ ਕੋਲ ਦੱਸ ਪਾਈ ਕਿ ਜੇ ਗੁਰੂ ਹਰਿਗੋਬਿੰਦ ਸਾਹਿਬ ਤੇਰੇ 'ਤੇ ਕ੍ਰਿਪਾ ਕਰਨ ਤਾਂ ਤੇਰੇ ਘਰ ਔਲਾਦ ਪੈਦਾ ਹੋ ਸਕਦੀ ਹੈ। ਉਦੋਂ ਗੁਰੂ ਹਰਿਗੋਬਿੰਦ ਸਾਹਿਬ 52 ਰਾਜਿਆਂ ਤੇ ਹੋਰ ਸੰਗਤਾਂ ਨਾਲ ਕੀਰਤਪੁਰ ਸਾਹਿਬ ਨੂੰ ਜਾ ਰਹੇ ਸਨ। ਜਦੋਂ ਸ਼ਮਸ ਖ਼ਾਨ ਨੂੰ ਗੁਰੂ ਜੀ ਦੇ ਲੰਘਣ ਦਾ ਪਤਾ ਲੱਗਿਆ ਤਾਂ ਉਹ ਰਾਹ ਵਿੱਚ ਗੁਰੂ ਸਾਹਿਬ ਜੀ ਦੇ ਚਰਨਾਂ 'ਚ ਜਾ ਬਿਰਾਜਿਆ ਤੇ ਬੇਨਤੀ ਕੀਤੀ, "ਮੇਰੇ ਘਰ ਆਪਣੇ ਪਵਿੱਤਰ ਚਰਨ ਜ਼ਰੂਰ ਪਾ ਕੇ ਜਾਣਾ।" ਗੁਰੂ ਸਾਹਿਬ ਨੇ ਪਠਾਣ ਸ਼ਮਸ ਖ਼ਾਨ ਦੀ ਬੇਨਤੀ ਖਿੜੇ ਮੱਥੇ ਪ੍ਰਵਾਨ ਕੀਤੀ ਤੇ 52 ਰਾਜਿਆਂ ਸਮੇਤ ਗੁਰੂ ਜੀ ਪਠਾਣ ਸ਼ਮਸ ਖ਼ਾਨ ਦੀ ਹਵੇਲੀ ਵਿੱਚ ਠਹਿਰੇ। ਰਾਤ ਠਹਿਰਣ ਪਿੱਛੋਂ ਜਦੋਂ ਗੁਰੂ ਜੀ ਕੀਰਤਪੁਰ ਵੱਲ ਨੂੰ ਤੁਰਨ ਲੱਗੇ ਸੀ ਤਾਂ ਸ਼ਮਸ ਖ਼ਾਨ ਨੇ ਬੇਨਤੀ ਕੀਤੀ, "ਗੁਰੂ ਜੀ, ਮੇਰੇ ਘਰ ਪੁੱਤਰ ਨਹੀਂ ਤੁਸੀਂ ਮੈਨੂੰ ਪੁੱਤਰ ਦੀ ਦਾਤ ਬਖ਼ਸ਼ੋ...।" ਤਾਂ ਗੁਰੂ ਜੀ ਨੇ ਕਿਹਾ, "ਤੁਸੀਂ ਗੁਰੂ ਘਰ ਦੇ ਸੇਵਕ ਹੋ, ਗੁਰੂ ਦੇ ਸਿੱਖਾਂ ਦੀ ਸੇਵਾ ਕਰਦੇ ਹੋ, ਵਾਹਿਗੁਰੂ ਤੁਹਾਨੂੰ ਜ਼ਰੂਰ ਪੁੱਤਰ ਦੀ ਦਾਤ ਬਖ਼ਸ਼ੇਗਾ...। ਜਦੋਂ ਤੁਹਾਡੇ ਪੁੱਤਰ ਹੋਵੇਗਾ ਤਾਂ ਪੁੱਤਰ ਦੇ ਚਾਲ਼ੀ ਦਿਨ ਹੋਣ ਤੋਂ ਬਾਅਦ ਉਸ ਨੂੰ ਸਾਡੇ ਕੋਲ ਕੀਰਤਪੁਰ ਲੈ ਕੇ ਆਉਣਾ।" ਸ਼ਮਸ ਖ਼ਾਂ ਦੇ ਘਰ ਸਮਾਂ ਪਾ ਕੇ ਪੁੱਤਰ ਨੇ ਜਨਮ ਲਿਆ। ਚਾਲ਼ੀ ਦਿਨਾਂ ਤੋਂ ਬਾਅਦ ਸ਼ਮਸ ਖ਼ਾਨ ਆਪਣੇ ਪੁੱਤਰ ਨੂੰ ਗੁਰੂ ਸਾਹਿਬ ਕੋਲ ਕੀਰਤਪੁਰ ਲੈ ਕੇ ਗਿਆ। ਗੁਰੂ ਜੀ ਨੇ ਚੋਲ਼ਾ ਮੰਗਵਾ ਕੇ ਬੱਚੇ ਨੂੰ ਪਹਿਨਾ ਦਿੱਤਾ। ਉਸੇ ਵਕਤ ਹੀ ਉਸ ਨੂੰ ਨਿਹੰਗ ਖ਼ਾਂ ਦਾ ਨਾਂ ਦਿੱਤਾ। ਇਸ ਤੋਂ ਮਗਰੋਂ ਹੀ ਪਿੰਡ ਦਾ ਨਾਮ ਕੋਟਲਾ ਪਠਾਣ ਤੋਂ ਕੋਟਲਾ ਨਿਹੰਗ ਹੋ ਗਿਆ।

ਉਹ ਵੀ ਆਪਣੇ ਅੱਬਾ ਵਾਂਗ ਧਾਰਮਿਕ ਬਿਰਤੀ ਵਾਲਾ ਸੀ ਤੇ ਕਿੱਤੇ ਵਜੋਂ ਘੋੜਿਆਂ ਦਾ ਵਪਾਰ ਅਪਨਾ ਲਿਆ। ਇਹ ਚੰਗੀਆਂ ਨਸਲਾਂ ਦੇ ਘੋੜੇ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਕੋਲ ਲੈ ਕੇ ਜਾਂਦਾ ਸੀ, ਇਸ ਤਰ੍ਹਾਂ ਆਉਣੀ-ਜਾਣੀ ਕਰਕੇ ਨਿਹੰਗ ਖ਼ਾਂ ਦਾ ਗੁਰੂ ਜੀ ਨਾਲ ਡੂੰਘਾ ਸਨੇਹ ਪੈ ਗਿਆ ਸੀ; ਦੂਜਾ ਇਹ ਆਪਣੇ ਪਿਤਾ ਵਾਂਗ ਗੁਰੂ ਘਰ ਦਾ ਸ਼ਰਧਾਲੂ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਭੰਗਾਣੀ ਦੀ ਜੰਗ ਜਿੱਤ ਕੇ ਵਾਪਿਸ ਪਰਤ ਰਹੇ ਸਨ ਤਾਂ ਗੁਰੂ ਜੀ ਕੋਟਲਾ ਨਿਹੰਗ ਦੇ ਇੱਕ ਭੱਠੇ 'ਤੇ ਪੁੱਜੇ, ਤਾਂ ਗੁਰੂ ਜੀ ਨੇ ਉੱਥੇ ਕਾਰਿੰਦਿਆਂ ਨੂੰ ਆਰਾਮ ਕਰਨ ਲਈ ਥਾਂ ਪੁੱਛੀ ਸੀ ਤੇ ਕਾਰਿੰਦਿਆਂ ਨੇ ਮਜ਼ਾਕ 'ਚ ਤਪਦੇ ਭੱਠੇ ਵੱਲ ਇਸ਼ਾਰਾ ਕਰ ਦਿੱਤਾ ਸੀ। ਭਾਵੇਂ ਗੁਰੂ ਜੀ ਸਭ ਕਾਸੇ ਬਾਰੇ ਜਾਣੀ-ਜਾਣ ਸਨ, ਪਰ ਉਨ੍ਹਾਂ ਨੇ ਕੁਝ ਵੀ ਬੋਲਣਾ-ਕਹਿਣਾ ਠੀਕ ਨਾ ਸਮਝਿਆ ਤੇ ਆਪ ਘੋੜੇ ਸਮੇਤ ਉਸ ਤਪਦੇ ਭੱਠੇ 'ਤੇ ਜਾ ਚੜ੍ਹੇ ਸਨ। ਜਦੋਂ ਘੋੜੇ ਨੇ ਤਪਦੇ ਭੱਠੇ 'ਤੇ ਪੈਰ ਧਰਿਆ ਤਾਂ ਤਪਦਾ ਭੱਠਾ ਠਰ ਗਿਆ ਸੀ।



ਥੇਹ ਹੋਇਆ ਕੋਟਲਾ ਨਿਹੰਗ ਦਾ ਕਿਲਾ

ਇੱਕ ਕਾਰਿੰਦੇ ਨੇ ਸਾਰੀ ਘਟਨਾ ਬਾਰੇ ਜਾਣਕਾਰੀ ਨਿਹੰਗ ਖ਼ਾਂ ਨੂੰ ਦਿੱਤੀ ਤਾਂ ਉਸ ਨੂੰ ਮੂਰਖ ਕਾਮਿਆਂ 'ਤੇ ਬੇਅੰਤ ਗੁੱਸਾ ਆਇਆ ਤੇ ਗੁਰੂ ਜੀ ਦੇ ਦਰਸ਼ਨਾਂ ਲਈ ਭੱਜ ਤੁਰਿਆ। ਗੁਰੂ ਜੀ ਨੂੰ ਚੌਂਕੜਾ ਮਾਰੀ ਦੇਖ ਭਰੀਆਂ ਅੱਖਾਂ ਨਾਲ ਮਾਫ਼ੀ ਮੰਗੀ। ਜਦੋਂ ਨਿਹੰਗ ਖ਼ਾਂ ਨੇ ਉਨ੍ਹਾਂ ਕਾਮਿਆਂ ਨੂੰ ਸਜ਼ਾ ਦੇਣ ਦੀ ਗੱਲ ਕੀਤੀ ਤਾਂ, ਗੁਰੂ ਜੀ ਨੇ ਕਿਹਾ, "ਇਹ ਸਭ ਕੁਝ ਮਹਾਰਾਜ ਦੀ ਆਗਿਆ ਨਾਲ ਵਾਪਰ ਰਿਹਾ ਹੈ, ਮੈਂ ਅਕਾਲ ਪੁਰਖ ਦੀ ਰਜ਼ਾ 'ਚ ਰਾਜ਼ੀ ਹਾਂ।" ਨਿਹੰਗ ਖ਼ਾਂ ਗੁਰੂ ਜੀ ਦੇ ਮੂੰਹੋਂ ਇਹ ਕੁਝ ਸੁਣ ਕੇ ਪ੍ਰਭਾਵਿਤ ਹੋ ਉੱਠਿਆ, ਉਸ ਨੇ ਗੁਰੂ ਜੀ ਤੇ ਉਨ੍ਹਾਂ ਦੇ ਸਾਥੀਆਂ ਦੀ ਦਿਲੋਂ ਆਓ ਭਗਤ ਕੀਤੀ। ਨਿਹੰਗ ਖ਼ਾਂ ਦੇ ਲੜਕੇ 'ਆਲਮ ਖ਼ਾਂ' ਦੀ ਮੰਗਣੀ ਮੌਕੇ ਗੁਰੂ ਜੀ ਵੀ ਸ਼ਾਮਿਲ ਹੋਏ ਸਨ। ਗੁਰਦੁਆਰਾ ਭੱਠਾ ਸਾਹਿਬ ਵਿਖੇ ਅੱਜ ਵੀ ਘੋੜੇ ਦੇ ਪੈਰਾਂ ਦੇ ਨਿਸ਼ਾਨ ਦੇਖਣ ਨੂੰ ਮਿਲਦੇ ਹਨ।




ਅਨੰਦਪੁਰ ਸਾਹਿਬ ਦੇ ਯੁੱਧ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਜਦੋਂ ਸਰਸਾ ਨਦੀ ਪੁੱਜੇ ਤਾਂ ਆਪਣੇ ਪਰਿਵਾਰ ਨੂੰ ਤਿੰਨ ਥਾਂ ਵੰਡ ਦਿੱਤਾ। ਵੱਡੇ ਸਾਹਿਬਜ਼ਾਦੇ ਤੇ ਹੋਰ ਸਿੰਘਾਂ ਨਾਲ ਗੁਰੂ ਜੀ ਸਰਸਾ ਨਦੀ ਪਾਰ ਕਰਕੇ ਕੋਟਲਾ ਨਿਹੰਗ ਨੂੰ ਚੱਲ ਪਏ ਸਨ। ਜਦੋਂ ਇਹ ਕੋਟਲਾ ਨਿਹੰਗ ਜਾ ਰਹੇ ਸਨ ਤਾਂ ਉਦੋਂ ਹੀ ਭਾਈ ਬਚਿੱਤਰ ਸਿੰਘ ਦੀ ਮਲਕਪੁਰ ਨੇੜੇ ਰੰਘੜਾਂ ਤੇ ਗੁੱਜਰਾਂ ਨਾਲ ਮੁੱਠਭੇੜ ਹੋਈ, ਕਾਫ਼ੀ ਜ਼ਖ਼ਮੀ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ, ਬਚਿੱਤਰ ਸਿੰਘ ਨੂੰ ਨਿਹੰਗ ਖ਼ਾਂ ਦੇ ਕਿਲ੍ਹੇ 'ਚ ਲੈ ਗਏ ਜਿੱਥੇ ਖ਼ਬਰ ਮਿਲਦਿਆਂ ਹੀ ਗੁਰੂ ਸਾਹਿਬ ਵੀ ਆਣ ਪਹੁੰਚੇ। ਗੁਰੂ ਜੀ ਭਾਈ ਬਚਿੱਤਰ ਸਿੰਘ ਨੂੰ ਨਿਹੰਗ ਖ਼ਾਂ ਦੇ ਸਪੁਰਦ ਕਰਕੇ ਆਪ ਚਮਕੌਰ ਸਾਹਿਬ ਨੂੰ ਕੂਚ ਕਰ ਗਏ। ਜਾਂਦੇ-ਜਾਂਦੇ ਗੁਰੂ ਜੀ ਇਸ ਪਠਾਣ ਪਰਿਵਾਰ ਨੂੰ ਸੌਗਾਤ ਵਜੋਂ ਇੱਕ ਤਲਵਾਰ ਜਿਸ ਉੱਤੇ ਫ਼ਾਰਸੀ 'ਚ ਲਿਖਿਆ ਹੈ, "ਸ਼ਹਿਨਸ਼ਾਹ-ਏ-ਮੀਰ ਮੁਹੰਮਦ ਮੈਮੂੰ ਖ਼ਾਂ" ਅਤੇ ਇੱਕ ਢਾਲ ਦੇ ਗਏ। ਇਹ ਪਠਾਣ ਪਰਿਵਾਰ ਪਾਕਿਸਤਾਨ ਜਾਣ ਵੇਲੇ ਆਪਣੇ ਘਰ 'ਚ ਰਹਿ ਰਹੇ ਪਰਿਵਾਰ ਸਪੁਰਦ ਕਰ ਗਏ ਸੀ। ਅੱਜ ਵੀ 16 ਤੋਂ 18 ਦਸੰਬਰ ਨੂੰ ਭਾਈ ਬਚਿੱਤਰ ਤੇ ਨਿਹੰਗ ਖ਼ਾਂ ਦੀ ਯਾਦ ਵਿੱਚ ਗੁਰੂ ਘਰ ਦਾ ਭਾਰੀ ਇਕੱਠ ਜੁੜਦਾ ਹੈ।

ਜਦੋਂ ਮੁਗ਼ਲਾਂ ਨੂੰ ਭਾਈ ਬਚਿੱਤਰ ਦੀ ਨਿਹੰਗ ਖ਼ਾਂ ਕੋਲ ਹੋਣ ਬਾਰੇ ਸੂਹ ਮਿਲੀ ਤਾਂ ਮੁਗ਼ਲਾਂ ਨੇ ਕਿਲ੍ਹੇ ਦੀ ਘੇਰਾਬੰਦੀ ਕਰ ਲਈ ਤੇ ਨਿਹੰਗ ਖ਼ਾਨ ਨੂੰ ਕਿਹਾ ਕਿ, "ਤੂੰ ਸਿੱਖਾਂ ਦੇ ਗੁਰੂ ਨੂੰ ਆਪਣੇ ਕਿਲ੍ਹੇ 'ਚ ਸ਼ਰਨ ਦਿੱਤੀ ਹੋਈ ਐ। ਅਸੀਂ ਤੇਰੇ ਕਿਲ੍ਹੇ ਦੀ ਤਲਾਸ਼ੀ ਲੈਣੀ ਐ।" ਨਿਹੰਗ ਖ਼ਾਂ ਨੇ ਤਲਾਸ਼ੀ ਦੇਣ ਲਈ ਹਾਮੀ ਭਰ ਦਿੱਤੀ, ਪਰ ਇੱਕ ਕਮਰੇ ਦੀ ਤਲਾਸ਼ੀ ਨਾ ਲੈਣ ਦਿੱਤੀ, ਜਿਸ ਕਮਰੇ ਵਿੱਚ ਉਸ ਦੀ ਸਪੁੱਤਰੀ ਮੁਮਤਾਜ਼ ਭਾਈ ਬਚਿੱਤਰ ਸਿੰਘ ਦੀ ਮਲਹਮ-ਪੱਟੀ ਕਰ ਰਹੀ ਸੀ। ਜਦੋਂ ਫ਼ੌਜ ਦੇ ਮੁਖੀ ਨੇ ਉਸ ਕਮਰੇ ਦੀ ਤਲਾਸ਼ੀ ਨਾ ਦੇਣ ਦਾ ਕਾਰਨ ਪੁੱਛਿਆ ਤਾਂ ਨਿਹੰਗ ਖ਼ਾਂ ਨੇ ਕਿਹਾ, "ਅੰਦਰ ਸਪੁੱਤਰੀ ਤੇ ਮੇਰਾ ਦਾਮਾਦ ਆਰਾਮ ਫ਼ਰਮਾ ਰਹੇ ਹਨ।" ਫ਼ੌਜ ਦੇ ਮੁਖੀ ਨੇ ਕਿਹਾ ਕਿ ਉਹ ਆਪਣੀ ਬੇਟੀ ਨੂੰ ਆਵਾਜ਼ ਮਾਰੇ। ਨਿਹੰਗ ਖ਼ਾਂ ਨੇ ਆਪਣੀ ਸਪੁੱਤਰੀ ਨੂੰ ਆਵਾਜ਼ ਮਾਰ ਕੇ ਪੁੱਛਿਆ, "ਮਹਿਮਾਨ ਸੌਂ ਰਹੇ ਹਨ ਕਿ ਜਾਗ ਰਹੇ ਹਨ?" ਮੁਮਤਾਜ਼ ਨੇ ਅੰਦਰੋਂ ਆਵਾਜ਼ ਦਿੱਤੀ, "ਆਰਾਮ ਫ਼ਰਮਾ ਰਹੇ ਹਨ।" ਇੰਨਾ ਸੁਣਨ ਤੋਂ ਮਗਰੋਂ ਮੁਗ਼ਲ ਫ਼ੌਜਾਂ ਬਿਨਾ ਤਲਾਸ਼ੀ ਲਏ ਚਲੀਆਂ ਗਈਆਂ। ਭਾਈ ਬਚਿੱਤਰ ਸਿੰਘ ਜ਼ਖ਼ਮਾਂ ਦੀ ਤਾਬ ਨਾ ਝੱਲਦਾ ਹੋਇਆ, ਵਾਹਿਗੁਰੂ ਨੂੰ ਪਿਆਰਾ ਹੋ ਗਿਆ। ਸਮਾਂ ਪਾ ਕੇ ਨਿਹੰਗ ਖ਼ਾਂ ਆਪਣੀ ਸਪੁੱਤਰੀ ਦਾ ਵਿਆਹ ਕਰਨ ਲੱਗਿਆ ਤਾਂ ਮੁਮਤਾਜ਼ ਨੇ ਵਿਆਹ ਕਰਵਾਣੋਂ ਇਨਕਾਰ ਕਰ ਦਿੱਤਾ ਅਤੇ ਆਪਣੇ ਅੱਬਾ ਨੂੰ ਕਿਹਾ, "ਆਪ ਨੇ ਖ਼ੁਦ ਭਾਈ ਬਚਿੱਤਰ ਜੀ ਨੂੰ ਮੇਰਾ ਪਤੀ ਆਖਿਆ ਸੀ, ਬਦਕਿਸਮਤੀ ਨਾਲ ਉਹ ਅੱਲ੍ਹਾ ਨੂੰ ਪਿਆਰੇ ਹੋ ਗਏ। ਹੁਣ ਮੈਂ ਉਨ੍ਹਾਂ ਦੀ ਸ਼ਹੀਦ ਬੇਗ਼ਮ ਹਾਂ ਤੇ ਇੱਕ ਵਿਧਵਾ ਹੋਣ ਨਾਤੇ ਮੈਂ ਸ਼ਾਦੀ ਕਰਵਾ ਕੇ ਇਸ ਪਵਿੱਤਰ ਰਿਸ਼ਤੇ ਨੂੰ ਲਾਜ ਨਹੀਂ ਲਾਉਣਾ ਚਾਹੁੰਦੀ।"

ਇਸ ਮਗਰੋਂ ਉਹ ਇਕਾਂਤ ਵਿੱਚ ਰਹਿਣ ਲੱਗੀ। ਜਿਸ ਦੀ ਯਾਦ ਵਿੱਚ ਲਗਭਗ 20 ਕਿਲੋਮੀਟਰ 'ਤੇ ਨਿਹੰਗ ਖ਼ਾਂ ਨੇ ਧੀ ਦੀ ਇੱਛਾ ਅਨੁਸਾਰ ਨਰੰਗਪੁਰ ਬੜੀ ਪਿੰਡ ਵਿਖੇ ਇੱਕ ਉੱਚੀ ਟਿੱਬੀ 'ਤੇ ਕਿਲ੍ਹਾ ਉਸਾਰ ਕੇ ਦਿੱਤਾ, ਜੋ ਅੱਜ ਆਪਣੀ ਹੋਂਦ ਗੁਆ ਚੁੱਕਿਆ ਹੈ, ਜਿੱਥੇ ਸਿਰਫ਼ ਇੱਕ ਅੱਧ-ਪੁਰੀ ਖੂਹੀ ਹੈ ਤੇ ਬੀਬੀ ਮੁਮਤਾਜ਼ ਦੀ ਯਾਦ ਵਿੱਚ 'ਤਪ ਸਥਾਨ ਮੁਮਤਾਜ਼ਗੜ੍ਹ' ਗੁਰੂ ਘਰ ਉਸਾਰਿਆ ਗਿਆ ਹੈ। ਇਸ ਦੀ ਸੇਵਾ ਬਾਬਾ ਕਰਤਾਰ ਸਿੰਘ, ਬੀਬੀ ਹਿੰਮਤ ਕੌਰ ਤੇ ਪਰਮਜੀਤ ਸਿੰਘ ਵੱਲੋਂ ਸਹਿਯੋਗ ਦੇ ਕੇ ਕੀਤੀ ਗਈ ਹੈ। ਕੁਝ ਫ਼ਰਕ ਉੱਤੇ ਜਾ ਕੇ ਬੀਬੀ ਮੁਮਤਾਜ਼ ਦੀ ਕਬਰ ਵੀ ਮੌਜੂਦ ਹੈ।

ਬਾਬਾ ਜਰਨੈਲ ਸਿੰਘ ਮੁੱਖ ਸੇਵਾਦਾਰ ਵਜੋਂ ਸੇਵਾ ਨਿਭਾਉਂਦੇ ਹਨ। ਇਨ੍ਹਾਂ ਦੀ ਗ਼ੈਰ-ਹਾਜ਼ਰੀ ਵਿੱਚ ਸ. ਰਣਜੀਤ ਸਿੰਘ ਟਕਸਾਲੀ ਸੇਵਾ ਕਰਦੇ ਹਨ। ਪੰਚਮੀ ਨੂੰ ਇੱਥੇ ਭਾਰੀ ਸੰਗਤ ਜੁੜਦੀ ਹੈ ਤੇ ਦੀਵਾਨ ਸਜਾਇਆ ਜਾਂਦਾ ਹੈ।

## ਹਕੀਮ ਅਬੂ ਤੁਰਾਬ

ਹਕੀਮ ਅਬੂ ਤੁਰਾਬ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਸਭ ਤੋਂ ਵੱਧ ਇਤਬਾਰੀ ਸਿਪਾਹੀਆਂ 'ਚੋਂ ਇੱਕ ਸੀ। ਔਰੰਗਜ਼ੇਬ ਨੇ ਅਬੂ ਤੁਰਾਬ ਨੂੰ ਭੇਸ ਬਦਲਾਅ ਕੇ ਅਨੰਦਪੁਰ ਸਾਹਿਬ ਵਿਖੇ ਸੂਹ ਲੈਣ ਲਈ ਤੋਰਿਆ। ਹਕੀਮ ਅਬੂ ਤੁਰਾਬ ਗੋਲਕੁੰਡਾ ਰਿਆਸਤ ਵਿੱਚ ਬ੍ਰਾਹਮਣੀ ਖ਼ਾਨਦਾਨ 'ਚੋਂ ਸੀ। ਇਸ ਨੇ ਆਪਣੀ ਰਿਆਸਤ ਦੇ ਗੁਪਤ ਭੇਦ ਦੱਸ ਕੇ ਔਰੰਗਜ਼ੇਬ ਪਾਸੋਂ ਭਾਰੀ ਜਗੀਰ ਹਾਸਲ ਕੀਤੀ। ਜਦੋਂ ਔਰੰਗਜ਼ੇਬ ਨੇ ਇਸ ਨੂੰ ਅਨੰਦਪੁਰ ਸਾਹਿਬ ਵੱਲ ਤੋਰਿਆ ਤਾਂ ਇਹ ਆਪਣੇ ਨਾਲ ਆਪਣੇ ਸੇਵਕ ਗੁਲਾਬਾ ਤੇ ਉਸ ਦੀ ਪਤਨੀ ਗੁਲਾਬੀ ਨੂੰ ਹਿੰਦੂ ਭੇਸ 'ਚ ਬਦਲ ਕੇ ਲੈ ਗਿਆ। ਜਿਨ੍ਹਾਂ ਨੂੰ ਗੁਰੂ ਘਰ ਦੇ ਭੇਦ ਜਾਣਨ ਦਾ ਕੰਮ ਸੌਂਪਿਆ। ਆਪ ਉਹ ਪਿੰਡਾਂ 'ਚ ਫਿਰ ਕੇ ਜਾਸੂਸੀ ਕਰਨ ਲੱਗਿਆ। ਗੁਲਾਬੇ ਨੇ ਭਾਈ ਕੇਸਰ ਸਿੰਘ ਤੋਂ ਸੇਵਾ ਮੰਗੀ ਤਾਂ ਉਨ੍ਹਾਂ ਨੂੰ ਬਾਗ਼ ਦੀ ਦੇਖ-ਰੇਖ ਦੀ ਸੇਵਾ ਸੌਂਪੀ। ਸਮਾਂ ਬੀਤਦਾ ਗਿਆ। ਗੁਲਾਬੇ ਦੇ ਦਿਲ ਉੱਤੇ ਹਕੀਮ ਵੱਲੋਂ ਸੰਭਾਲੀ ਜ਼ਿੰਮੇਵਾਰੀ ਦਾ ਬੋਝ ਚੁੱਕਣਾ ਔਖਾ ਹੋ ਗਿਆ। ਉਹ ਹੁਣ ਭਾਈ ਕੇਸਰ ਸਿੰਘ ਦੇ ਬਹੁਤ ਕਰੀਬ ਹੋ ਗਿਆ ਸੀ। ਆਖ਼ਰ ਇੱਕ ਦਿਨ ਉਸ ਨੇ ਆਪਣੀ ਸਾਰੀ ਕਹਾਣੀ ਤੇ ਮਕਸਦ ਭਾਈ ਕੇਸਰ ਸਿੰਘ ਨੂੰ ਦੱਸਿਆ ਕਿ ਅਸੀਂ ਕਿਸ ਕਾਰਜ ਲਈ ਅਨੰਦਪੁਰ ਸਾਹਿਬ ਪਹੁੰਚੇ ਹਾਂ ਤੇ ਸਾਨੂੰ ਧੱਕੇ ਨਾਲ ਇਸਲਾਮ ਕਬੂਲ ਕਰਵਾਇਆ ਗਿਆ ਹੈ। ਭਾਈ ਕੇਸਰ ਸਿੰਘ ਨੇ ਉਸ ਦੀ ਗੱਲ ਬੜੇ ਧਿਆਨ ਨਾਲ ਸੁਣੀ ਤੇ ਕਿਹਾ, "ਹੌਸਲਾ ਰੱਖੋ...। ਤੁਸੀਂ ਵੀ ਜਾਣੂੰ ਹੋ ਕਿ ਇੱਥੇ ਕਿਸੇ ਨਾਲ ਕੋਈ ਜਾਤੀ ਤੌਰ 'ਤੇ ਪੱਖਪਾਤ ਨਹੀਂ ਕੀਤਾ ਜਾਂਦਾ। ਹਰ ਮਨੁੱਖ ਗੁਰੂ ਦੇ ਘਰ ਇੱਕ ਸਮਾਨ ਹੈ।"

ਦੂਜੇ ਪਾਸੇ ਹਕੀਮ ਅਬੂ ਤੁਰਾਬ ਵੀ ਗੁਰਸਿੱਖਾਂ ਦੀਆਂ ਨਿੱਤ-ਨਵੀਆਂ ਵਡਿਆਈਆਂ ਸੁਣ ਕੇ ਹੈਰਾਨ ਸੀ। ਸਭ ਤੋਂ ਵੱਡੀ ਘਟਨਾ ਉਸ ਨਾਲ ਇਹ ਘਟੀ ਕਿ ਉਸ ਨੂੰ ਤਾਪ ਚੜ੍ਹ ਗਿਆ, ਜੋ ਲੱਥ ਨਹੀਂ ਸੀ ਰਿਹਾ। ਉਸ ਦੇ ਸੇਵਾਦਾਰ ਵੀ ਉਸ ਦਾ ਸਾਥ ਛੱਡ ਗਏ ਸਨ, ਉਹ ਬਿਲਕੁਲ ਇਕੱਲਾ ਰਹਿ ਗਿਆ ਸੀ। ਗੁਲਾਬੇ ਨੂੰ ਹਕੀਮ ਦੀ ਦਸ਼ਾ ਬਾਰੇ ਪਤਾ ਲੱਗਿਆ ਤੇ ਉਸ ਨੇ ਭਾਈ ਕੇਸਰ ਸਿੰਘ ਨੂੰ ਦੱਸਿਆ, "ਹਕੀਮ ਨੂੰ ਕੀਤੀ ਗ਼ੱਦਾਰੀ ਦੀ ਸਜ਼ਾ ਮਿਲ ਰਹੀ ਹੈ। ਅੱਜ ਉਹ ਬਿਲਕੁਲ 'ਕੱਲਾ ਪੈ ਗਿਆ ਹੈ।"

ਭਾਈ ਕੇਸਰ ਸਿੰਘ ਨੇ ਦੁੱਖ ਦਾ ਪ੍ਰਗਟਾਵਾ ਕੀਤਾ, ਭਾਵੇਂ ਦੁਸ਼ਮਣ ਵੀ ਕਿਉਂ ਨਾ ਹੋਵੇ ਉਸ ਦਾ ਵੀ ਬੁਰਾ ਨਾ ਮਨਾਓ!... ਗੁਰੂ ਮਰਯਾਦਾ ਇਸ ਗੱਲ ਦੀ ਸਖ਼ਤ ਮਨਾਹੀ ਕਰਦੀ ਹੈ। ਕਿਸੇ ਨੂੰ ਮੰਦੇ ਹਾਲ 'ਚ ਇਕੱਲਾ ਨਾ ਛੱਡੋ...।" ਭਾਈ ਕੇਸਰ ਸਿੰਘ ਆਪ ਹਕੀਮ ਦੀ ਸੇਵਾ ਕਰਦੇ। ਗੁਲਾਬਾ ਉਸ ਦੀ ਰੋਜ਼ ਦਵਾ ਦਾਰੂ ਕਰਨ ਲੱਗਾ। ਥੋੜ੍ਹੇ ਸਮੇਂ ਮਗਰੋਂ ਹਕੀਮ ਬਿਲਕੁਲ ਰਾਜ਼ੀ ਹੋ ਗਿਆ। ਉਸ ਨੂੰ ਆਪਣੀ ਕਰਨੀ 'ਤੇ ਸ਼ਰਮ ਆਉਣ ਲੱਗੀ ਕਿ ਉਹ ਗੁਰੂ ਪਿਆਰਿਆਂ ਬਾਰੇ ਕੀ ਸੋਚਦਾ ਸੀ। ਅੰਤ ਉਸ ਦਾ ਸਹਾਰਾ ਵੀ ਗੁਰੂ ਪਿਆਰਾ ਹੀ ਬਣਿਆ। ਜਿੱਥੇ ਉਸ ਦਾ ਸਾਥ ਉਸ ਦੇ ਆਪਣੇ ਛੱਡ ਗਏ ਸਨ, ਉਸ ਮੋੜ 'ਤੇ ਉਸ ਦਾ ਸਾਥ ਪਰਾਇਆਂ ਨੇ ਦਿੱਤਾ। ਉਸ ਨੇ ਗੁਰੂ ਦਾ ਸਿੱਖ ਬਣਨ ਦੀ ਠਾਣ ਲਈ ਸੀ। ਪੋਹ ਸੁਦੀ ਸੱਤਵੀਂ ਨੂੰ ਗੁਰੂ ਜੀ ਦੇ ਜਨਮ ਦਿਹਾੜੇ ਮੌਕੇ ਗੁਲਾਬੇ, ਗੁਲਾਬੀ ਤੇ ਹਕੀਮ ਅਬੂ ਤੁਰਾਬ ਨੇ ਅੰਮ੍ਰਿਤ ਛਕਿਆ ਜਿਸ ਪਿੱਛੋਂ ਇਹ ਗੁਲਾਬਾ-ਹੀਰਾ ਸਿੰਘ ਤੇ ਗੁਲਾਬੀ-ਹਰਵੰਤ ਕੌਰ ਬਣੀ ਅਤੇ ਹਕੀਮ ਅਬੂ ਤੁਰਾਬ-ਦੁਸ਼ਟ ਦਮਨ ਸਿੰਘ ਬਣਿਆ। ਗੁਰੂ ਜੀ ਨੇ ਦਮਨ ਸਿੰਘ ਨੂੰ ਘੋੜਿਆਂ ਦੇ ਅਸਤਬਲ ਦਾ ਦਰੋਗਾ ਨਿਯੁਕਤ ਕੀਤਾ। ਇਹ ਗੁਰੂ ਘਰ ਦੀ ਸੇਵਾ ਨਿਭਾਉਂਦਾ ਹੋਇਆ ਅਨੰਦਪੁਰ ਸਾਹਿਬ ਦੀ ਲੜਾਈ ਵਿੱਚ ਸ਼ਹੀਦ ਹੋ ਗਿਆ।

## ਕਰੀਮ ਖ਼ਾਂ ਪਠਾਣ

ਕਾਬੁਲ (ਅਫ਼ਗਾਨਿਸਤਾਨ) ਛੋਟੇ-ਛੋਟੇ ਕਬੀਲਿਆਂ 'ਚ ਵੰਡਿਆ ਹੋਇਆ ਸੀ। ਉੱਥੇ ਇੱਕ ਵਾਰ ਇੱਕ ਰਾਜੇ ਦੇ ਮਨ ਵਿੱਚ ਆਪਣੇ ਦੂਜੇ ਭਰਾ ਨੂੰ ਮਾਰ ਕੇ ਰਾਜ ਭਾਗ ਸਾਂਭਣ ਦੀ ਲਾਲਸਾ ਜਾਗ ਪਈ। ਜਦੋਂ ਉਸ ਦੇ ਭਤੀਜੇ ਨੂੰ ਇਸ ਸਭ ਕਾਸੇ ਦੀ ਸੂਹ ਲੱਗੀ ਤਾਂ ਉਹ ਮੌਤ ਦੇ ਡਰੋਂ ਆਪਣੇ ਘਰੋਂ ਜੰਗਲਾਂ ਵਿੱਚ ਆਣ ਪਹੁੰਚਿਆ। ਭੁੱਖ ਪਿਆਸ ਨਾ ਝੱਲਦਾ ਹੋਇਆ ਉਹ ਬੇਹੋਸ਼ ਹੋ ਕੇ ਡਿੱਗ ਪਿਆ। ਕੋਲੋਂ ਗੁਜ਼ਰ ਰਹੇ ਸਿੱਖਾਂ ਦੇ ਇੱਕ ਕਾਫ਼ਲੇ ਦੀ ਨਜ਼ਰ ਪਈ। ਉਨ੍ਹਾਂ ਨੇ ਜਦੋਂ ਯਤਨ ਕਰਕੇ ਬੇਹੋਸ਼ੀ ਦੀ ਹਾਲਤ 'ਚੋਂ ਬਾਹਰ ਕੱਢਿਆ ਤਾਂ ਉਸ ਨੇ ਆਪਣਾ ਨਾਂ ਕਰੀਮ ਖ਼ਾਂ ਦੱਸਿਆ ਤੇ ਆਪਣੀ ਸਾਰੀ ਵਿਥਿਆ ਉਸ ਕਾਫ਼ਲੇ ਨਾਲ ਸਾਂਝੀ ਕੀਤੀ। ਉਹ ਕਾਫ਼ਲਾ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਲਈ ਜਾ ਰਿਹਾ ਸੀ।

ਜਦੋਂ ਅਨੰਦਪੁਰ ਪਹੁੰਚੇ ਤਾਂ ਅਗਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਦਾ ਦੀਵਾਨ ਸਜਿਆ, ਜਿੱਥੇ ਸੰਗਤਾਂ ਅਰਦਾਸਾਂ ਕਰ ਰਹੀਆਂ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਕਰੀਮ ਖ਼ਾਂ ਨੂੰ ਕੋਲ ਸੱਦਿਆ। ਕਰੀਮ ਖ਼ਾਂ ਨੇ ਗੁਰੂ ਸਾਹਿਬ ਨੂੰ ਝੁਕ ਕੇ ਫ਼ਤਹਿ ਬੁਲਾਈ। ਗੁਰੂ ਗੋਬਿੰਦ ਜੀ ਨੇ ਕਰੀਮ ਖ਼ਾਂ ਤੋਂ ਦੁੱਖ ਪੁੱਛਿਆ ਤਾਂ ਉਸ ਨੇ ਆਪਣੀ ਸਾਰੀ ਕਹਾਣੀ ਦੱਸੀ- ਰਾਜ ਭਾਗ ਤੋਂ ਲੈ ਕੇ ਅਤੇ ਕਿਹਾ ਕਿ ਉਸ ਦੇ ਸਿਰੋਂ ਮਾਤਾ-ਪਿਤਾ ਦਾ ਸਾਇਆ ਉੱਠਣ ਦੇ ਨਾਲ-ਨਾਲ ਰਾਜ ਭਾਗ ਵੀ ਖੁੱਸ ਗਿਆ ਹੈ। ਗੁਰੂ ਜੀ ਨੇ ਉਸ ਨੂੰ ਹੌਸਲਾ ਦਿੱਤਾ ਕਿ ਗੁਰੂ ਘਰ ਦੇ ਦਰਵਾਜ਼ੇ ਸਾਰੀਆਂ ਕੌਮਾਂ ਲਈ ਹਮੇਸ਼ਾ ਖੁੱਲ੍ਹੇ ਹਨ। ਬੇ-ਫ਼ਿਕਰ ਰਹੋ, ਸਭ ਕੁਝ ਮਿਲੇਗਾ। ਗੁਰੂ ਜੀ ਦੇ ਹੁਕਮ ਨਾਲ ਉਸ ਨੂੰ ਮਕਾਨ, ਘੋੜਾ ਤੇ ਹੋਰ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕੀਤੀਆਂ। ਸਮਾਂ ਪਾ ਕੇ ਉਸ ਦਾ ਇੱਕ ਪਠਾਣ ਦੀ ਧੀ ਨਾਲ ਨਿਕਾਹ ਕਰਵਾਇਆ ਗਿਆ। ਕਰੀਮ ਖ਼ਾਂ ਦਾ ਜ਼ਿਆਦਾ ਸਮਾਂ ਗੁਰੂ ਘਰ ਬੀਤਣ ਲੱਗਿਆ। ਉਹ ਰੋਜ਼ਾਨਾ ਦੀਵਾਨ ਵਿੱਚ ਆਉਂਦਾ, ਬਾਣੀ ਸੁਣਦਾ। ਬਾਣੀ ਦੇ ਗਿਆਨ ਲਈ ਕਰੀਮ ਖ਼ਾਂ ਨੇ ਭਾਈ ਮਤੀ ਸਿੰਘ ਤੇ ਬਾਬਾ ਦੀਪ ਸਿੰਘ ਦੀ ਸੰਗਤ ਕਰਨੀ ਸ਼ੁਰੂ ਕੀਤੀ। ਹੌਲੀ ਹੌਲੀ ਉਸ 'ਤੇ ਬਾਣੀ ਦਾ ਇੰਨਾ ਪ੍ਰਭਾਵ ਹੋਇਆ ਕਿ ਉਹ ਗੁਰੂ ਦਾ ਸਿੰਘ ਸਜ ਗਿਆ।

*ਆਦਿ ਪੁਰਖ ਆਦੇਸੁ ਕਰਿ ਆਦਿ ਪੁਰਖ ਆਦੇਸੁ ਕਰਾਇਆ।*
*ਏਕੰਕਾਰ ਅਕਾਰੁ ਕਰਿ ਗੁਰ ਗੋਵਿੰਦੁ ਨਾਉ ਸਦਵਾਇਆ॥*
*(ਭਾਈ ਗੁਰਦਾਸ ਸਿੰਘ)*

ਖਾਲਸੇ ਦੀ ਸਿਰਜਣਾ ਕਰ ਕੇ ਜ਼ੁਲਮ ਦੇ ਟਾਕਰੇ ਲਈ ਇੱਕ ਨੂੰ ਸਵਾ ਲੱਖ ਨਾਲ ਲੜਾਉਣ ਦੇ ਸਮਰਥ ਕਰਨ ਵਾਲੇ

# ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ

ਪ੍ਰਕਾਸ਼ ਪੁਰਬ ਦੀ 'ਪੰਜਾਬੀ ਪਰਵਾਜ਼' ਦੇ ਪਾਠਕਾਂ ਨੂੰ

# ਲੱਖ ਲੱਖ ਵਧਾਈ ਹੋਵੇ


ਲਵਦੀਪ ਸਿੰਘ ਦੁੱਲਤ


ਗੁਰਮੀਤ ਸਿੰਘ ਭੋਲਾ


ਯਾਦਵਿੰਦਰ ਸਿੰਘ ਗਰੇਵਾਲ

# ਸਭ ਨੂੰ ਨਵੇਂ ਸਾਲ 2024 ਦੀ ਮੁਬਾਰਕਬਾਦ

ਅਰਦਾਸ ਕਰਦੇ ਹਾਂ ਕਿ ਨਵੇਂ ਵਰ੍ਹੇ ਵਿੱਚ ਅਕਾਲ ਪੁਰਖ ਸਭ ਨੂੰ ਚੜ੍ਹਦੀ ਕਲਾ ਵਿੱਚ ਰੱਖੇ ਅਤੇ ਸਭ ਭਾਈਚਾਰਿਆਂ ਵਿੱਚ ਪਿਆਰ-ਇਤਫਾਕ ਵਧੇ

**ਵੱਲੋਂ: ਲਵਦੀਪ ਸਿੰਘ ਦੁੱਲਤ, ਗੁਰਮੀਤ ਸਿੰਘ ਭੋਲਾ ਤੇ ਯਾਦਵਿੰਦਰ ਸਿੰਘ ਗਰੇਵਾਲ ਅਤੇ ਸਮੂਹ ਪਰਿਵਾਰ**

ਚਰਚਾ

ਰਵਿੰਦਰ ਸਿੰਘ ਸੋਢੀ, ਕੈਨੇਡਾ
ਫੋਨ: 1-604-369-2371




# 'ਵਾਇਰਸ ਪੰਜਾਬ ਦੇ'

## ਆਲੋਚਨਾ ਦੀ ਕਸਵੱਟੀ 'ਤੇ

ਕੈਨੇਡਾ ਪਰਵਾਸ ਕਰ ਚੁੱਕਿਆ ਸੁਖਿੰਦਰ 1972 ਤੋਂ ਸਾਹਿਤਕ ਕਾਰਜਾਂ ਵੱਲ ਰੁਚਿਤ ਹੈ ਅਤੇ ਹੁਣ ਤੱਕ ਉਸ ਦੀਆਂ 45 ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਸ ਨੇ ਵੱਖ-ਵੱਖ ਸਾਹਿਤਕ ਵਿਧਾਵਾਂ ਦੀ ਰਚਨਾ ਕੀਤੀ ਹੈ। ਕਿਉਂ ਜੋ ਉਹ ਵਿਗਿਆਨ ਦਾ ਵਿਦਿਆਰਥੀ ਰਿਹਾ ਹੈ, ਇਸ ਲਈ ਉਸ ਦੀਆਂ ਪਹਿਲੀਆਂ ਦੋ ਪੁਸਤਕਾਂ ਵਿਗਿਆਨ ਦੇ ਵਿਸ਼ਿਆਂ ਨਾਲ ਹੀ ਸਬੰਧਿਤ ਸਨ। ਵਿਗਿਆਨਕ ਵਿਸ਼ਿਆਂ ਸਬੰਧੀ ਉਸ ਦੀਆਂ ਕੁੱਲ ਤਿੰਨ ਪੁਸਤਕਾਂ ਹਨ। ਬਾਅਦ ਵਿੱਚ ਉਹ ਕਵਿਤਾ ਦੇ ਖੇਤਰ ਵਿੱਚ ਜ਼ਿਆਦਾ ਵਿਚਰਿਆ ਅਤੇ ਹੁਣ ਤੱਕ ਉਸ ਦੇ 22 ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਚਾਰ ਪੁਸਤਕਾਂ ਆਲੋਚਨਾ ਦੀਆਂ ਹਨ, ਪੰਜ ਵਾਰਤਕ ਦੀਆਂ, ਸੱਤ ਪੁਸਤਕਾਂ ਦਾ ਸੰਪਾਦਨ ਕੀਤਾ ਹੈ, ਦੋ ਨਾਵਲਾਂ ਦੀ ਰਚਨਾ ਤੋਂ ਇਲਾਵਾ ਇੱਕ ਪੁਸਤਕ ਬੱਚਿਆਂ ਲਈ ਵੀ ਹੈ ਅਤੇ ਇੱਕ ਅੰਗਰੇਜ਼ੀ ਕਵਿਤਾਵਾਂ ਦੀ।

ਸੁਖਿੰਦਰ ਇੱਕ ਪੰਜਾਬੀ ਮੈਗਜ਼ੀਨ (ਸੰਵਾਦ) ਦਾ ਸੰਪਾਦਕ ਵੀ ਹੈ ਅਤੇ ਫੇਸਬੁੱਕ 'ਤੇ ਵੀ ਬਹੁਤ ਸਰਗਰਮ ਰਹਿੰਦਾ ਹੈ। ਉਸ ਦੀਆਂ ਅਜੋਕੀਆਂ ਕਵਿਤਾਵਾਂ ਵਿੱਚ ਵਿਦਰੋਹ ਦੀ ਸੁਰ ਭਾਰੂ ਹੈ। ਗਲਤ ਵਰਤਾਰਾ ਕਿਸੇ ਵੀ ਖੇਤਰ ਅਤੇ ਪੱਧਰ 'ਤੇ ਹੋਵੇ, ਉਹ ਉਸ ਵਿਰੁੱਧ ਜ਼ੋਰਦਾਰ ਢੰਗ ਨਾਲ ਆਵਾਜ਼ ਉਠਾਉਂਦਾ ਹੈ ਅਤੇ ਵਿਅੰਗਾਤਮਕ ਸ਼ੈਲੀ ਵਿੱਚ ਆਪਣੀ ਗੱਲ ਕਰਦਾ ਹੈ। ਕੀ ਵਿਦਰੋਹ ਦੀ ਭਾਵਨਾ ਉਸ ਨੂੰ ਕੁਦਰਤ ਵੱਲੋਂ ਮਿਲੀ ਹੈ ਜਾਂ ਗਲਤ ਵਰਤਾਰਿਆਂ ਵਿਰੁਧ ਚੁੱਪ ਨਾ ਰਹਿ ਸਕਣਾ ਉਸ ਦੇ ਵਿਅਕਤਿਤਵ ਦਾ ਹਿੱਸਾ ਬਣ ਚੁੱਕਿਆ ਹੈ ਜਾਂ ਇਸ ਪਿੱਛੇ ਕੋਈ ਵਿਅਕਤੀਗਤ ਕਾਰਨ ਹੈ, ਇਸ ਦਾ ਜੁਆਬ ਉਹ ਆਪ ਹੀ ਦੇ ਸਕਦਾ ਹੈ। ਕਈ ਵਾਰ ਇੰਜ ਵੀ ਮਹਿਸੂਸ ਹੁੰਦਾ ਹੈ ਕਿ ਜਿਵੇਂ ਹੀ ਉਹ ਕੋਈ ਗੱਲ ਗਲਤ ਹੁੰਦੀ ਦੇਖਦਾ ਹੈ ਤਾਂ ਆਪਾ ਖੋ ਬੈਠਦਾ ਹੈ ਅਤੇ ਆਪਣੀ ਕਲਮ ਨੂੰ ਹਥਿਆਰ ਦੀ ਤਰ੍ਹਾਂ ਵਰਤਦਾ ਹੈ। ਇਹ ਇੱਕ ਜਾਗਰੂਕ ਸਾਹਿਤਕਾਰ ਦੀ ਵਿਲੱਖਣਤਾ ਹੀ ਕਹੀ ਜਾ ਸਕਦੀ ਹੈ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਸਕਦਾ ਕਿ ਉਸਦੀ ਇਹ ਵਿਦਰੋਹੀ ਸੁਰ ਕਈਆਂ ਨੂੰ ਖਟਕਦੀ ਵੀ ਹੈ, ਪਰ ਉਹ ਆਪਣੀ ਵਿਲੱਖਣ ਸ਼ੈਲੀ ਨੂੰ ਤਿਆਗ ਨਹੀਂ ਸਕਦਾ।

'ਵਾਇਰਸ' ਸ਼ਬਦ ਕੰਪਿਊਟਰ ਦੇ ਖੇਤਰ ਨਾਲ ਸਬੰਧਿਤ ਹੈ, ਜਿਸ ਦਾ ਭਾਵ ਹੈ ਕਿ ਕੰਪਿਊਟਰ ਵਿੱਚ ਕੋਈ ਖ਼ਰਾਬੀ ਆ ਜਾਣੀ ਜਾਂ ਨੁਕਸ ਪੈ ਜਾਣਾ। ਵਰਤਮਾਨ ਸਮੇਂ ਵਿੱਚ ਪੰਜਾਬੀ ਰਹਿਣ-ਸਹਿਣ, ਬੋਲ-ਚਾਲ, ਰਸਮਾਂ-ਰਿਵਾਜਾਂ, ਖਾਣ-ਪੀਣ, ਸਾਹਿਤਕ ਖੇਤਰ, ਧਾਰਮਿਕ ਅਤੇ ਸਮਾਜਿਕ ਕਦਰਾਂ-ਕੀਮਤਾਂ, ਗੱਲ ਕੀ ਸਮੁੱਚੇ ਤੌਰ 'ਤੇ ਪੰਜਾਬੀ ਸਭਿਆਚਾਰ ਹੀ ਨਿਘਾਰ ਵੱਲ ਜਾ ਰਿਹਾ ਹੈ। ਸੁਖਿੰਦਰ ਦੇ ਵਿਚਾਰ ਅਧੀਨ ਕਾਵਿ ਸੰਗ੍ਰਹਿ ਦਾ ਅਧਿਐਨ ਕਰਨ ਉਪਰੰਤ ਇਹ ਗੱਲ ਸਪਸ਼ਟ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਉਹ ਇਨ੍ਹਾਂ ਨਾਂਹ-ਪੱਖੀ ਬਦਲਾਵਾਂ ਵਿਰੁਧ ਜ਼ੋਰਦਾਰ ਆਵਾਜ਼ ਉਠਾਉਂਦਾ ਹੈ। ਉਸ ਦੀਆਂ ਕਵਿਤਾਵਾਂ ਦੇ ਸਿਰਲੇਖ ਪੜ੍ਹ ਕੇ ਹੀ ਇਸਦੀ ਪੁਸ਼ਟੀ ਹੋ ਜਾਂਦੀ ਹੈ। ਮਸਲਨ: ਸਾਹਿਤਕ ਦਲਾਲ, ਧੀਆਂ ਦੇ ਕਾਤਲ, ਪੰਜਾਬੀ ਮਾਨਸਿਕਤਾ, ਸਾਹਿਤਕ ਖਲਨਾਇਕ, ਗੈਂਗਸਟਰ ਗਾਇਕਾਂ ਦੇ ਹਿਮਾਇਤੀ, ਚੋਰਾਂ ਦੇ ਕਿੱਸੇ, ਮੌਜ-ਮੇਲਾ ਸਮਾਰੋਹ, ਬਲਾਤਕਾਰੀ ਕਾਨੂੰਨ ਘਾੜੇ ਅਤੇ ਅਦਾਲਤਾਂ, ਬਾਂਦਰਾਂ ਦੀ



ਸੁਖਿੰਦਰ ਅਤੇ ਪੁਸਤਕ ਦਾ ਸਰਵਰਕ

ਭੀੜ, ਮੱਠਧਾਰੀ, ਖਲਨਾਇਕ, ਧੜੇਬੰਦਕ ਮੁਖੌਟਿਆਂ ਦੀ ਕੁੱਤਾ-ਝਾਕ, 31 ਕਰੋੜੀ ਲੈਂਪ, ਬਲੈਕ ਲਿਸਟਿਡ ਕਵੀ, ਇੱਕ ਵਿਸ਼ਵ-ਵਿਦਿਆਲੇ ਦੀ ਮੌਤ, ਪਰੌਂਠਾ ਪਾਲਿਟਿਕਸ, ਮੋਇਆਂ ਹੋਇਆਂ ਦੇ ਜਸ਼ਨ, ਡਾਕਟਰ ਦੀ ਡਿਗਰੀ, ਸਾਜ਼ਿਸ਼ੀ ਚੁੱਪ ਹੈ ਹਰ ਪਾਸੇ, ਪੰਜਾਬ ਦੀਆਂ ਰਾਜਨੀਤਕ ਭੇਡਾਂ ਦੀ ਬਹਿਸ ਆਦਿ।

ਇਨ੍ਹਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸੁਖਿੰਦਰ ਦੀ ਗਹਿਰੀ ਅੱਖ ਹਰ ਖੇਤਰ ਵਿੱਚ ਫੈਲ ਰਹੇ ਭ੍ਰਿਸ਼ਟਾਚਾਰ ਨੂੰ ਨਿਹਾਰਦੀ ਹੀ ਨਹੀਂ, ਸਗੋਂ ਉਸ ਵਿਰੁਧ ਆਵਾਜ਼ ਉਠਾਉਣ ਦੀ ਹਿੰਮਤ ਵੀ ਰੱਖਦੀ ਹੈ। ਸੁਹਿਰਦ ਸਾਹਿਤਕਾਰ ਇਸ ਉਲਝ ਚੁੱਕੇ ਤਾਣੇ ਦੀ ਹਰ ਤੰਦ ਨੂੰ ਹੀ ਆਪਣੇ ਤੇਜ ਵਿਅੰਗ ਦੀ ਮਾਰ ਹੇਠ ਲੈ ਆਉਂਦਾ ਹੈ। ਅਜਿਹਾ ਕਰਦੇ ਹੋਏ ਉਹ ਇਸ ਦੇ ਪਿਛੋਕੜ ਦੀ ਪੈੜ ਨੱਪਦਾ ਹੋਇਆ ਦੋ ਸੌ ਸਾਲ ਪਿੱਛੇ ਪਹੁੰਚ ਜਾਂਦਾ ਹੈ ਅਤੇ 'ਕੁਝ ਸ਼ਬਦ ਮੇਰੇ ਵੱਲੋਂ ਵੀ' ਵਿੱਚ ਲਿਖਦਾ ਹੈ, "ਪਿਛਲੇ ਤਕਰੀਬਨ 200 ਸਾਲ ਤੋਂ ਪੰਜਾਬ, ਪੰਜਾਬੀ ਸਭਿਆਚਾਰ ਅਤੇ ਪੰਜਾਬੀ ਵਿਰਸੇ ਨੂੰ, ਭਾਂਤ-ਭਾਂਤ ਦੇ ਵਾਇਰਸ ਚਿੰਬੜੇ ਹੋਏ ਹਨ। ਇਹ ਵਾਇਰਸ ਰਾਜਨੀਤਿਕ, ਸਮਾਜਿਕ, ਸਭਿਆਚਾਰਕ, ਧਾਰਮਿਕ, ਵਿਦਿਅਕ ਅਤੇ ਨੈਤਿਕ ਖੇਤਰਾਂ ਨਾਲ ਸਬੰਧਿਤ ਹਨ।" ਇਸਦੇ ਨਾਲ ਹੀ ਉਸ ਨੇ ਇਹ ਵੀ ਲਿਖਿਆ ਹੈ ਕਿ ਇਹ ਵਾਇਰਸ ਪੰਜਾਬ ਨੂੰ ਵਾਰ-ਵਾਰ ਟੁਕੜਿਆਂ ਵਿੱਚ ਹੀ ਨਹੀਂ ਵੰਡ ਰਹੇ, ਬਲਕਿ ਪੰਜਾਬੀ ਸਭਿਆਚਾਰ ਅਤੇ ਵਿਰਸੇ ਦੇ ਨਿਰਮਲ ਪਾਣੀਆਂ ਨੂੰ ਗੰਧਲਾ ਵੀ ਕਰ ਰਹੇ ਹਨ। ਇਸ ਪਰਥਾਏ ਪ੍ਰਸਤੁਤ ਕਾਵਿ ਸੰਗ੍ਰਹਿ ਦੀ ਪਹਿਲੀ ਕਵਿਤਾ 'ਵਾਇਰਸ ਪੰਜਾਬ ਦੇ' ਵਿੱਚ ਉਹ ਲਿਖਦਾ ਹੈ:

"ਪਹਿਲੀ ਵਾਰ ਦੇਸ਼ ਪੰਜਾਬ ਨੂੰ
ਵਾਇਰਸ ਪੰਜਾਬ ਨੇ ਆਪਣੀ
ਜਕੜ 'ਚ ਉਦੋਂ ਲਿਆ ਜਦੋਂ
ਹਿੰਦੁਸਤਾਨ 'ਚ ਰਾਜ ਕਰ ਰਹੀ
ਅੰਗਰੇਜ਼ ਹਕੂਮਤ ਨੇ ਸਾਜਿਸ਼ੀ ਢੰਗ ਨਾਲ
ਦੇਸ ਪੰਜਾਬ 'ਚ ਖ਼ਾਨਾਜੰਗੀ ਸ਼ੁਰੂ ਕਰਾ
ਦੇਸ ਦੀ ਮਾਨਸਿਕਤਾ ਨੂੰ
ਖੇਰੂੰ ਖੇਰੂੰ ਕਰਨ ਦੇ ਇਰਾਦਿਆਂ ਨਾਲ
ਇਸ ਨੂੰ ਜੱਫ਼ਾ ਮਾਰ ਲਿਆ।"

ਇਸ ਤੋਂ ਬਾਅਦ ਕਵੀ ਨੇ ਦੇਸ਼ ਦੀ ਆਜ਼ਾਦੀ ਸਮੇਂ ਪੰਜਾਬ ਦੀ ਵੰਡ, 1961 ਵਿੱਚ ਦੂਜੀ ਵਾਰ ਹੋਈ ਵੰਡ ਅਤੇ ਉਸ ਤੋਂ ਬਾਅਦ ਰਾਜਨੀਤਿਕ ਭ੍ਰਿਸ਼ਟਾਚਾਰ, ਨਸ਼ਿਆਂ ਦਾ ਵੱਧਦਾ ਮੱਕੜ ਜਾਲ, ਗੈਂਗਸਟਰ ਪਸਾਰ, ਪੁਲਿਸ ਦੀ ਦਹਿਸ਼ਤ ਅਤੇ ਵਰਤਮਾਨ ਸਮੇਂ ਦੇ ਹੋਰ ਭੈੜੇ ਵਰਤਾਰੇ 'ਹੱਸਦੇ-ਵੱਸਦੇ ਹਿੱਸੇ ਨੂੰ ਕਬਰਸਤਾਨ' ਬਣਾਉਣ ਲਈ ਕਾਹਲੇ ਹਨ, ਆਦਿ ਵਾਇਰਸਾਂ ਦੀ ਗੱਲ ਕੀਤੀ ਹੈ। ਸੁਖਿੰਦਰ ਨੇ ਇਸ ਕਵਿਤਾ ਵਿੱਚ ਪੰਜਾਬ ਦੇ ਦੁਖਾਂਤ ਨੂੰ ਬਾ-ਖ਼ੂਬੀ ਪੇਸ਼ ਕਰ ਦਿੱਤਾ ਹੈ।

ਇਸੇ ਤਰ੍ਹਾਂ 'ਤੁਹਾਨੂੰ ਕੁਮੈਂਟ ਨਹੀਂ ਕਰਨਾ ਚਾਹੀਦਾ' ਕਵਿਤਾ 'ਚ ਵੀ ਕਵੀ ਨੇ ਪੰਜਾਬ ਦੇ ਨੌਜਵਾਨਾਂ ਦਾ ਨਸ਼ਿਆਂ ਵੱਲ ਪ੍ਰੇਰਿਤ ਹੋਣ, ਗੈਂਗਸਟਰ ਗਾਇਕਾਂ ਵੱਲ ਵੱਧਦਾ ਰੁਝਾਨ, ਫਿਰਕਾਪ੍ਰਸਤੀ ਤੇ ਅਤਿਵਾਦੀ ਸਰਗਰਮੀਆਂ ਵਿੱਚ ਰੁਚੀ ਲੈਣਾ ਆਦਿ 'ਤੇ ਵੀ ਵਿਅੰਗ ਕੀਤਾ ਹੈ।

ਸੁਖਿੰਦਰ ਪੰਜਾਬੀ ਸਾਹਿਤ ਵਿੱਚ ਪ੍ਰਫੁੱਲਤ ਹੋ ਰਹੇ ਮਾਫ਼ੀਆ ਸਭਿਆਚਾਰ ਨੂੰ ਵੀ ਕਰੜੇ ਹੱਥੀਂ ਲੈਂਦਾ ਹੈ। ਪ੍ਰਸਤੁਤ ਕਾਵਿ ਸੰਗ੍ਰਹਿ ਵਿੱਚ ਇਸ ਵਿਸ਼ੇ ਨੂੰ ਪ੍ਰਗਟਾਉਂਦੀਆਂ ਕਈ ਕਵਿਤਾਵਾਂ ਹਨ। 'ਸਾਹਿਤਕ ਦਲਾਲ' ਵਿੱਚ ਉਹ ਇਨਾਮਾਂ-ਸਨਮਾਨਾਂ ਲਈ ਹੋ ਰਹੀ ਦੌੜ-ਭੱਜ ਨੂੰ ਨਸ਼ਰ ਕਰਦਾ ਹੋਇਆ ਕਿਤੇ-ਕਿਤੇ ਲੋੜ ਨਾਲੋਂ ਵਧ ਤਿੱਖੀ ਭਾਸ਼ਾ ਦੀ ਵਰਤੋਂ ਕਰ ਜਾਂਦਾ ਹੈ। ਇਹ ਠੀਕ ਹੈ ਕਿ ਇਸ ਪੱਖ ਤੋਂ ਹਾਲਾਤ ਜ਼ਿਆਦਾ ਹੀ ਖ਼ਰਾਬ ਹਨ, ਪਰ ਫੇਰ ਵੀ ਸਾਹਿਤਕਾਰ ਨੂੰ ਭਾਸ਼ਾ ਦੀ ਮਰਿਆਦਾ ਦਾ ਖਿਆਲ ਰੱਖਣਾ ਚਾਹੀਦਾ ਹੈ। 'ਸਾਹਿਤਕ ਖਲਨਾਇਕ' ਵਿੱਚ ਵੀ ਉਹ ਪੰਜਾਬੀ ਸਾਹਿਤ ਵਿੱਚ ਫੈਲੇ 'ਮੱਠਵਾਦ' ਦਾ ਭਾਂਡਾ ਭੰਨਦਾ ਹੈ। ("ਸਾਹਿਤਕ ਸਰਗਰਮੀਆਂ ਨੂੰ ਵੀ ਅਸੀਂ ਹੀ/ਗਿਰਗਿਟ ਦੇ ਰੰਗਾਂ 'ਚ ਰੰਗਦੇ ਹਾਂ")

ਸੁਖਿੰਦਰ ਨੇ ਦੇਸ਼ ਵਿੱਚ ਫੈਲੇ ਇੱਕ ਹੋਰ ਭੈੜੇ ਚਲਨ ਵੱਲ ਵੀ ਇਸ਼ਾਰਾ ਕੀਤਾ ਹੈ ਕਿ ਰਾਜਸੀ ਨੇਤਾ ਧਰਮ ਨੂੰ ਆਪਣੇ ਫਾਇਦੇ ਲਈ ਵਰਤਣ ਤੋਂ ਦਰੇਗ ਨਹੀਂ ਕਰਦੇ, ਭਾਵੇਂ ਇਸ ਨਾਲ ਦੇਸ਼ ਦਾ ਮਾਹੌਲ ਖ਼ਰਾਬ ਹੀ ਕਿਉਂ ਨਾ ਹੋ ਜਾਵੇ। ਇਸ ਸਬੰਧੀ ਵੀ ਉਹ ਤਿੱਖੀ ਸੁਰ ਵਿੱਚ ਗੱਲ ਕਰਦਾ ਹੈ। 'ਧਰਮੀ ਬੇਅਦਬੀਆਂ ਦੀ ਰੁੱਤ' ਵਿੱਚ ਉਸਦਾ ਵਿਅੰਗ ਪਾਠਕਾਂ ਨੂੰ ਪ੍ਰਭਾਵਿਤ ਕਰਦਾ ਹੈ:

ਧਰਤੀ ਉੱਤੇ ਇੱਕ
ਅਜਿਹਾ ਦੇਸ਼ ਵੀ ਵੱਸਦਾ ਹੈ
ਜਿੱਥੇ ਚੋਣਾਂ ਦੀ ਰੁੱਤ ਆਉਣ ਨਾਲ ਹੀ
ਧਰਮੀ ਬੇਅਦਬੀਆਂ ਦੀ ਰੁੱਤ ਦਾ ਵੀ
ਆਗਮਨ ਹੋ ਜਾਂਦਾ ਹੈ।

ਇਸ ਕਾਵਿ ਸੰਗ੍ਰਹਿ ਦੇ ਇੱਕ ਹੋਰ ਪਹਿਲੂ ਵੱਲ ਮੈਂ ਵਿਦਵਾਨ ਸਾਹਿਤਕਾਰ ਦਾ ਧਿਆਨ ਦ੍ਰਿਸ਼ਟੀਗਤ ਕਰਨਾ ਚਾਹੁੰਦਾ ਹਾਂ ਕਿ ਉਸ ਨੇ ਆਪਣੀਆਂ ਕਵਿਤਾਵਾਂ ਵਿੱਚ ਵਿਸ਼ਰਾਮ ਚਿੰਨ੍ਹ ਕਾਮੇ (,) ਦੀ ਬੇਲੋੜੀ ਵਰਤੋਂ ਕੀਤੀ ਹੈ। ਉਦਾਹਰਣ ਦੇ ਤੌਰ 'ਤੇ:

ਕੁਝ, ਸਕੂਲ, ਹਸਪਤਾਲ, ਸ਼ੌਪਿੰਗ ਪਲਾਜ਼ੇ (ਪੰਨਾ 51); ਆਪਣਾ, ਜਲਵਾ (ਪੰਨਾ 51)

ਉਦੋਂ, ਧਰਮ-ਸਥਾਨਾਂ ਦੀ, ਮਾਣ-ਮਰਿਆਦਾ ਨਹੀਂ ਟੁੱਟਦੀ (ਪੰਨਾ 52)

ਹਕੂਮਤ, ਨੇ ਆਪਣੀ/ ਸ਼ਕਤੀ ਦੇ, ਰੀਮੋਟ ਕੰਟਰੋਲ ਦਾ (ਪੰਨਾ 56)

ਇਸ ਕਾਵਿ ਸੰਗ੍ਰਹਿ ਦੀ ਭੂਮਿਕਾ ਨਾਮੀ ਪੰਜਾਬੀ ਵਿਦਵਾਨ ਡਾ. ਮੋਹਨ ਸਿੰਘ ਤਿਆਗੀ ਨੇ ਬੜੀ ਮਿਹਨਤ ਨਾਲ ਲਿਖੀ ਹੈ, ਜਿਸ ਤੋਂ ਉਨ੍ਹਾਂ ਦੀ ਆਲੋਚਨਾਤਮਕ ਸੋਝੀ ਦਾ ਪਤਾ ਚਲਦਾ ਹੈ। ਉਨ੍ਹਾਂ ਨੇ ਸੁਖਿੰਦਰ ਦੀ ਕਾਵਿ ਕਲਾ ਸਬੰਧੀ ਵਿਸਤਾਰ ਵਿੱਚ ਚਰਚਾ ਕਰਦੇ ਹੋਏ ਸਾਰਥਕ ਸਿੱਟੇ ਵੀ ਕੱਢੇ ਹਨ। ਇਹ ਭੂਮਿਕਾ ਪੜ੍ਹ ਕੇ ਸੁਖਿੰਦਰ ਦੇ ਕਾਵਿ ਸੰਸਾਰ ਨੂੰ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ। ਅਜਿਹੀ ਭਾਵਪੂਰਤ ਭੂਮਿਕਾ ਲਿਖਣ ਲਈ ਡਾ. ਤਿਆਗੀ ਵਧਾਈ ਦੇ ਹੱਕਦਾਰ ਹਨ।

ਸਮੁੱਚੇ ਰੂਪ ਵਿੱਚ 'ਵਾਇਰਸ ਪੰਜਾਬ ਦੇ' ਕਾਵਿ ਸੰਗ੍ਰਹਿ ਸਬੰਧੀ ਕਿਹਾ ਜਾ ਸਕਦਾ ਹੈ ਕਿ ਕਵੀ ਦੇ ਤਿੱਖੇ ਵਿਦਰੋਹੀ ਸੁਰਾਂ ਤੋਂ ਘਬਰਾਉਣ ਦੀ ਲੋੜ ਨਹੀਂ, ਸਗੋਂ ਇਨ੍ਹਾਂ ਤੋਂ ਸਬੰਧਿਤ ਵਰਤਾਰਿਆਂ ਸਬੰਧੀ ਸੰਜੀਦਾ ਹੋ ਕੇ ਸੋਚਣ ਦੀ ਲੋੜ ਹੈ ਅਤੇ ਸਾਰੇ ਪੰਜਾਬ ਹਿਤੈਸ਼ੀਆਂ ਨੂੰ ਸਿਰ ਜੋੜ ਕੇ ਬੈਠਣ ਦੀ ਲੋੜ ਹੈ ਕਿ ਇਨ੍ਹਾਂ ਦਾ ਯੋਗ ਹੱਲ ਕਿਵੇਂ ਲੱਭਿਆ ਜਾਵੇ? ਇਹ 192 ਪੰਨਿਆਂ ਦੀ ਪੁਸਤਕ ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ, ਜਿਸ ਵਿੱਚ 81 ਕਵਿਤਾਵਾਂ ਹਨ।

---

ਉਜਾਗਰ ਸਿੰਘ
ਫੋਨ: +91-9417813072


# ਸਮਾਜਿਕ ਸਰੋਕਾਰਾਂ ਦਾ ਦਸਤਾਵੇਜ਼ ਹੈ 'ਤੋਕੜ'

ਕਮਲਜੀਤ ਸਿੰਘ ਬਨਵੈਤ ਮੁਢਲੇ ਤੌਰ 'ਤੇ ਪੱਤਰਕਾਰ ਹੈ। ਪੱਤਰਕਾਰੀ ਵਿੱਚੋਂ ਸੇਵਾ ਮੁਕਤੀ ਤੋਂ ਬਾਅਦ ਉਹ ਕਾਲਮ ਨਵੀਸ ਅਤੇ ਵਾਰਤਕਕਾਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਕਰੀਬ ਕਰੀਬ ਰੋਜ਼ ਹੀ ਉਸ ਦੇ ਲੇਖ ਅਖ਼ਬਾਰਾਂ ਦਾ ਸ਼ਿੰਗਾਰ ਬਣਦੇ ਹਨ। ਅਣਡਿੱਠ ਮੁੱਦਿਆਂ ਨੂੰ ਉਹ ਬੜੀ ਬਾਰੀਕੀ ਨਾਲ ਬਹੁਤ ਥੋੜ੍ਹੇ ਸ਼ਬਦਾਂ ਵਿੱਚ ਲਿਖ ਕੇ ਪਾਠਕਾਂ ਦੇ ਦਿਲਾਂ ਵਿੱਚ ਤੁਣਕੇ ਮਾਰਦਾ ਰਹਿੰਦਾ ਹੈ। ਉਸ ਨੇ ਹੁਣ ਤੱਕ ਇੱਕ ਦਰਜਨ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਹਨ। ਚਰਚਾ ਅਧੀਨ ਪੁਸਤਕ 'ਤੋਕੜ' ਵਿੱਚ ਛੋਟੇ-ਛੋਟੇ 28 ਲੇਖ ਹਨ, ਜਿਨ੍ਹਾਂ ਦੇ ਵਿਸ਼ੇ ਤੇ ਮੁੱਦੇ ਇਨਸਾਨੀਅਤ ਦੀ ਮਾਨਸਿਕਤਾ ਨਾਲ ਸਬੰਧਤ ਹਨ। ਇੱਕ ਸੁਜੱਗ ਕਾਲਮ ਨਵੀਸ ਤੇ ਲੇਖਕ ਹੋਣ ਕਰਕੇ ਉਹ ਵਰਤਮਾਨ ਸਮਾਜ ਦੀ ਮਾਨਸਿਕਤਾ ਨੂੰ ਮਹਿਸੂਸ ਕਰਦਾ ਹੋਇਆ ਲਘੂ ਲੇਖ ਲਿਖਦਾ ਹੈ।

ਪੁਸਤਕ ਦਾ ਨਾਮ 'ਤੋਕੜ' ਪੰਜਾਬ ਦੀ ਦਿਹਾਤੀ ਵਿਰਾਸਤ ਵਿੱਚ ਵਰਤਿਆ ਜਾਣ ਵਾਲਾ ਸ਼ਬਦ ਹੈ, ਜਿਸ ਬਾਰੇ ਸ਼ਹਿਰੀ ਸਭਿਆਚਾਰ ਵਾਲੇ ਲੋਕਾਂ ਨੂੰ ਜਾਣਕਾਰੀ ਨਹੀਂ। ਤੋਕੜ ਲੇਖ ਇੱਕ ਬਜ਼ੁਰਗ ਦੇ ਬੁਢਾਪੇ ਵਿੱਚ ਉਸ ਦੇ ਪਰਿਵਾਰ ਵੱਲੋਂ ਅਣਡਿੱਠ ਕਰਨ ਦੀ ਤ੍ਰਾਸਦੀ ਦਾ ਪ੍ਰਗਟਾਵਾ ਹੈ। ਬਜ਼ੁਰਗ ਨੇ ਆਪਣੇ ਪਰਿਵਾਰ ਦਾ ਬਾਖ਼ੂਬੀ ਪਾਲਣ ਪੋਸ਼ਣ ਕੀਤਾ, ਪ੍ਰੰਤੂ ਜਦੋਂ ਉਸ ਨੂੰ ਬੁਢਾਪੇ ਵਿੱਚ ਦੇਖ-ਭਾਲ ਦੀ ਲੋੜ ਪਈ ਤਾਂ ਬੱਚੇ ਉਸ ਨੂੰ ਵਾਧੂ ਭਾਰ ਸਮਝਣ ਲੱਗ ਪਏ। ਅਜਿਹੇ ਸ਼ਬਦਾਂ ਤੇ ਸਿਰਲੇਖਾਂ ਦੀ ਵਰਤੋਂ ਕਰਕੇ ਕਮਲਜੀਤ ਬਨਵੈਤ ਆਧੁਨਿਕ ਸਮੇਂ ਦੀ ਨਵੀਂ ਪੀੜ੍ਹੀ ਨੂੰ ਆਪਣੀ ਵਿਰਾਸਤ ਨਾਲ ਜੋੜਨ ਦਾ ਕਾਰਜ ਕਰ ਰਹੇ ਹਨ। 'ਦਸਵੰਧ' ਲੇਖ ਦਿਹਾਤੀ ਭਾਈਚਾਰੇ ਦੀ ਸਾਂਝੀਵਾਲਤਾ ਦੀ ਭਾਵਨਾ ਅਤੇ ਹਰ ਝਗੜੇ ਵਿੱਚ ਸਮਝੌਤਾ ਕਰਨ ਦੀ ਸਿਆਣਪ ਦੀ ਪ੍ਰਤੀਕ ਹੈ। 'ਡੇਰਾ ਸੰਤ ਬਾਬਾ ਰੱਬ ਸਿੰਘ' ਲੇਖ ਜੁਗਾੜੀ ਅਧਿਕਾਰੀਆਂ ਅਤੇ ਸਿਆਸਤਦਾਨਾਂ ਦਾ ਵੋਟਾਂ ਬਦਲੇ ਗ਼ਲਤ ਕੰਮ ਕਰਨ, ਡੇਰਿਆਂ ਦੀ ਮਹੱਤਤਾ ਅਤੇ ਕਾਨੂੰਨ ਵਿਵਸਥਾ ਬਾਰੇ ਸੁਚੱਜੇ ਢੰਗ ਨਾਲ ਜਾਣਕਾਰੀ ਪ੍ਰਦਾਨ ਕਰਦਾ ਹੈ। 'ਟੈਰਾਲੀਨ ਦੀ ਸ਼ਰਟ' ਪੁਰਾਤਨ ਤੇ ਆਧੁਨਿਕ ਜ਼ਿੰਦਗੀ ਦੀਆਂ ਲੋੜਾਂ ਦੇ ਅੰਤਰ ਦਾ ਪ੍ਰਗਟਾਵਾ ਕਰਦੀ ਹੈ।

'ਬੰਦਾ' ਲੇਖ ਵਿੱਚ ਉਚੇ ਅਹੁਦਿਆਂ ਵਾਲੇ ਵਿਅਕਤੀ ਹੋਰ ਲੋਕਾਂ ਨੂੰ ਬੰਦਾ ਹੀ ਨਹੀਂ ਸਮਝਦੇ, ਉਨ੍ਹਾਂ ਦੇ ਅਹੁਦਿਆਂ ਦੀ ਹਉਮੈ ਮੂੰਹ ਚੜ੍ਹ ਕੇ ਬੋਲਦੀ ਹੈ। 'ਇਨਸਾਨੀਅਤ' ਲੇਖ ਵਿੱਚ ਦਰਸਾਇਆ ਗਿਆ ਹੈ ਕਿ ਸਮੇਂ ਦੇ ਬਦਲਣ ਨਾਲ ਬੀਮਾਰੀਆਂ, ਉਨ੍ਹਾਂ ਦੇ ਇਲਾਜ ਅਤੇ ਇਨਸਾਨ ਬਦਲ ਗਏ ਹਨ। ਮਾਨਵਤਾ ਦੇ ਦਰਦ ਵਾਲਾ ਭਾਵਨਾਤਮਕ ਲੇਖ ਹੈ। 'ਧਨ ਪਿਰੁ' ਲੇਖ ਸਾਂਝੇ ਪਰਿਵਾਰਾਂ, ਵੱਡਿਆਂ ਦੀ ਕਦਰ, ਦਾਨ ਕਰਨ ਦਾ ਸਕੂਨ ਅਤੇ ਸਾਦਗੀ ਬਾਰੇ ਚਾਨਣਾ ਪਾਉਂਦਾ ਹੋਇਆ ਇਨਸਾਨੀਅਤ ਦੀ ਕਦਰ ਕਰਨ ਦੀ ਪ੍ਰੇਰਨਾ ਦਿੰਦਾ ਹੈ। 'ਇੰਝ ਮਿਲੀ ਮੈਨੂੰ ਕਾਰ' ਲੇਖ ਵਿੱਚ ਪੀ.ਜੀ.ਆਈ. ਵਿੱਚੋਂ ਚੋਰੀ ਹੋਈ ਕਾਰ ਲੱਭਣ ਵਿੱਚ ਪੀ.ਜੀ.ਆਈ. ਸਟਾਫ ਤੇ ਚੰਡੀਗੜ੍ਹ ਪੁਲਿਸ ਦੀ ਚੁਸਤੀ-ਫੁਰਤੀ ਅਤੇ ਪੰਜਾਬ ਪੁਲਿਸ ਦੀ ਅਵੇਸਲੀ ਕਾਰਗੁਜ਼ਾਰੀ ਦਾ ਪ੍ਰਗਟਾਵਾ ਹੈ।

'ਕੌਕਟੇਲ ਮੌਕਟੇਲ' ਵਿੱਚ ਦਰਸਾਇਆ ਗਿਆ ਹੈ ਕਿ ਪੁਰਾਣੀ ਸੋਚ ਵਾਲੇ ਮਾਪੇ ਲੜਕੀਆਂ ਨੂੰ ਬਰਾਬਰ ਦੇ ਮੌਕੇ ਦੇਣ ਦੇ ਵਿਰੁੱਧ ਹੁੰਦੇ ਹਨ, ਪ੍ਰੰਤੂ ਜਦੋਂ ਹੋਰ ਲੜਕੀਆਂ ਦੇ ਮਾਪਿਆਂ ਦੀ ਫਰਾਖਦਿਲੀ ਵੇਖਦੇ ਹਨ, ਫਿਰ ਉਨ੍ਹਾਂ ਨੂੰ ਸਮਝ ਆਉਂਦੀ ਹੈ। 'ਕੀੜੀ ਦਾ ਆਟਾ' ਲੇਖ ਮਾੜੀ ਮੋਟੀ ਤਕਲੀਫ਼ ਤੋਂ ਬੱਚਿਆਂ ਦਾ ਧਿਆਨ ਹਟਾਉਣ ਲਈ ਅਜਿਹੀ ਗੱਲ ਕਰਕੇ ਬਜ਼ੁਰਗ ਟਾਲ ਦਿੰਦੇ ਸਨ, ਪ੍ਰੰਤੂ ਅੱਜ ਕੱਲ੍ਹ ਦੇ ਲੋਕਾਂ ਵਿੱਚ ਇਹ ਘਾਟ ਮਹਿਸੂਸ ਹੁੰਦੀ ਹੈ, ਉਹ ਲੜਾਈ ਮੁੱਲ ਲੈਣ ਲਈ ਤਿਆਰ ਰਹਿੰਦੇ ਹਨ, ਕਿਉਂਕਿ ਉਨ੍ਹਾਂ ਵਿੱਚ ਬਰਦਾਸ਼ਤ ਕਰਨ ਲਈ ਸਹਿਨਸ਼ੀਲਤਾ ਦੀ ਅਣਹੋਂਦ ਹੈ। 'ਮੈਂ ਭਿਖਾਰੀ ਨਹੀਂ' ਲੇਖ ਸਾਈਬਰ ਫਰਾਡ ਅਤੇ ਸੋਸ਼ਲ ਮੀਡੀਆ/ਫੇਸ ਬੁੱਕ ਦੀ ਦੁਰਵਰਤੋਂ ਕਰਨ ਤੋਂ ਬਚਣ ਦੀ ਸਲਾਹ ਦਿੰਦਾ ਹੈ। 'ਬੇਬੀ' ਲੇਖ ਪਰਵਾਸ ਦੀ ਜ਼ਿੰਦਗੀ ਦੀ ਤਸਵੀਰ ਖਿੱਚਦਾ ਹੈ, ਜਿਸ ਵਿੱਚ ਪਤੀ-ਪਤਨੀ ਦੀ ਵਫ਼ਾਦਾਰੀ ਦੀ ਘਾਟ ਮਹਿਸੂਸ ਹੁੰਦੀ ਹੈ। 'ਕਿਤੇ ਮੈਂ ਮੰਤਰੀ ਨਹੀਂ ਸੰਤਰੀ ਹੁੰਦਾ' ਸਿਆਸਤਦਾਨਾਂ ਵੱਲੋਂ ਭ੍ਰਿਸ਼ਟਾਚਾਰ ਕਰਨ ਅਤੇ ਫਿਰ ਬਚਣ ਲਈ ਢੰਗ-ਤਰੀਕੇ ਲੱਭਣ ਬਾਰੇ ਜਾਣਕਾਰੀ ਦਿੰਦਾ ਹੈ।




'ਖਾਲਿਸਤਾਨੀ' ਲੇਖ ਭਾਰਤ ਵਿੱਚ ਘੱਟ-ਗਿਣਤੀਆਂ ਨਾਲ ਹੋ ਰਹੇ ਵਰਤਾਓ ਦਾ ਪਰਦਾ ਫਾਸ਼ ਕਰਦਾ ਹੈ, ਜਦੋਂ ਇੱਕ ਸਿੱਖ ਕਾਰੋਬਾਰ ਲਈ ਕਲੀਨ ਸ਼ੇਵ ਬਣਦਾ ਹੈ, ਪ੍ਰੰਤੂ ਫਿਰ ਵੀ ਬਚਾਅ ਨਹੀਂ ਹੁੰਦਾ। 'ਬਾਰ ਪਰਾਏ ਬੈਸਣਾ' ਵਿੱਚ ਇਸਤਰੀਆਂ ਦਾ ਆਮ ਤੌਰ 'ਤੇ ਆਪਣੇ ਮਰਦਾਂ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਣਾ, ਲੜਕੀਆਂ ਦੇ ਜੰਮਣ 'ਤੇ ਇਸਤਰੀਆਂ ਵੱਲੋਂ ਬੁਰਾ ਮਨਾਉਣਾ ਅਤੇ ਇਨਸਾਨ ਦੇ ਮਾੜੇ ਵਕਤ ਵਿੱਚ ਆਪਣਿਆਂ ਦਾ ਬੇਗਾਨੇ ਬਣਨ ਬਾਰੇ ਹੈ। 'ਗਹੁਣੀਆ ਆਈ.ਏ.ਐਸ.' ਲੇਖ ਨੌਜਵਾਨ ਵਿਦਿਆਰਥੀਆਂ ਨੂੰ ਮਾਪਿਆਂ ਵੱਲੋਂ ਆਪਣੇ ਅਨੁਸਾਰ ਚਲਾਉਣ ਦੇ ਗ਼ਲਤ ਨਤੀਜੇ ਨਿਕਲਣ ਬਾਰੇ ਚੇਤੰਨ ਕਰਦਾ ਹੈ। 'ਬਗਲੇ ਭਗਤ' ਅਤੇ 'ਮਨ ਮੰਦਰ' ਲੇਖ ਗੁਰਦੁਆਰਿਆਂ ਦੀ ਬਹੁਤਾਤ, ਸਕੂਲਾਂ ਤੇ ਹਸਪਤਾਲਾਂ ਦੀ ਘਾਟ ਪ੍ਰੰਤੂ ਗੁਰਦੁਆਰੇ ਗੋਲਕ ਦੀ ਮਾਇਆ ਕਰਕੇ ਝਗੜਿਆਂ ਦਾ ਕੇਂਦਰ ਬਣਨ ਬਾਰੇ ਹਨ। 'ਮਾਂ ਮਰੀ ਨਹੀਂ' ਲੇਖ ਵਿੱਚ ਕੈਂਸਰ ਦੀ ਬੀਮਾਰੀ ਦਾ ਵਧਣਾ, ਪੀ.ਜੀ.ਆਈ. ਵਿੱਚ ਇਲਾਜ ਲਈ ਖੱਜਲ ਖੁਆਰੀ ਪ੍ਰੰਤੂ ਵਧੀਆ ਇਲਾਜ, ਮੁਫ਼ਤ ਲੰਗਰ ਦੂਜੇ ਪਾਸੇ ਚੋਰੀਆਂ ਦੀ ਬਹੁਤਾਤ ਬਾਰੇ ਹੈ। ਚੋਣਵੇਂ ਪਰਿਵਾਰ ਮੁਫ਼ਤ ਲੰਗਰ ਦੀ ਥਾਂ ਆਪਣੀ ਹੱਕ ਦੀ ਕਮਾਈ 'ਤੇ ਵਿਸ਼ਵਾਸ਼ ਕਰਦੇ ਹਨ। 'ਬਦਲਾਅ' ਲੇਖ ਪਹਿਲੇ ਸਮੇਂ ਹੱਥੀਂ ਕੰਮ ਕਰਨ ਦੀ ਜਦੋਜਹਿਦ ਬਾਰੇ ਹੈ। 'ਤੇ ਅੱਕ ਚੱਬਣਾ ਪਿਆ' ਵਿੱਚ ਸਖ਼ਤ ਮਿਹਨਤ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਮਜ਼ਬੂਰੀ ਹਰ ਜਾਇਜ਼-ਨਜਾਇਜ਼ ਕੰਮ ਕਰਵਾਉਂਦੀ ਹੈ। 'ਹਵਾ 'ਚ ਲਟਕਦਾ ਮਨੁੱਖ' ਵਿੱਚ ਪੁਰਾਣੀਆਂ ਤੇ ਨਵੀਆਂ ਪਰੰਪਰਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। 'ਬੰਦਾ-ਕੁਬੰਦਾ' ਲੇਖ ਦੋ ਪਰਿਵਾਰਾਂ ਦੀ ਤੁਲਨਾ ਰਾਹੀਂ ਇੱਕ ਪਰਿਵਾਰ ਦਾ ਮਰਦ ਆਪਣੀ ਪਤਨੀ ਲਈ ਅਗਾਊਂ ਸੇਵਾ ਮੁਕਤੀ ਲੈਂਦਾ ਹੈ, ਦੂਜਾ ਪਤਨੀ ਦੀ ਦੇਖਭਾਲ ਦੀ ਥਾਂ ਸੈਰ ਸਪਾਟਾ ਕਰਨ ਨੂੰ ਤਰਜੀਹ ਦਿੰਦਾ ਹੈ।

'ਪੰਜਾਬ ਡੁੱਬਿਆ' ਲੇਖ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ ਦੀ ਤਰ੍ਹਾਂ ਪੰਜਾਬ ਦੇ ਲੋਕ ਕੁਦਰਤੀ ਆਫ਼ਤਾਂ ਦਾ ਖ਼ੁਦ ਮੁਕਾਬਲਾ ਕਰਦੇ ਹਨ ਤੇ ਸਰਕਾਰਾਂ ਨੂੰ ਕੋਸਦੇ ਤਾਂ ਹਨ ਪ੍ਰੰਤੂ ਬਹੁਤੀ ਆਸ ਨਹੀਂ ਰੱਖਦੇ। ਹੜ੍ਹਾਂ ਤੋਂ ਪ੍ਰਭਾਵਤ ਲੋਕ ਖ਼ੁਦ ਵੀ ਬਹੁਤੇ ਪ੍ਰਭਾਵਤ ਲੋਕਾਂ ਨੂੰ ਲੰਗਰ ਵੰਡਦੇ ਫਿਰਦੇ ਰਹਿੰਦੇ ਹਨ। ਇਹੋ ਸੋਚ ਪੰਜਾਬੀਆਂ ਦੀ ਖ਼ਾਸੀਅਤ ਦਾ ਵਰਣਨ ਕਰਦੀ ਹੈ। ਕਰੋਨਾ ਵਿੱਚ ਵੀ ਮਦਦਗਾਰ ਸਾਬਤ ਹੋਏ ਹਨ। ਸਿਆਸੀ ਲੋਕ ਤੇ ਫੁਕਰੇ ਲੋਕ ਵੀਡੀਓਜ਼ ਬਣਾ ਕੇ ਬਿਨਾ ਕੋਈ ਮਦਦ ਕੀਤੇ ਸ਼ਾਹਵਾ ਵਾਹਵਾ ਖੱਟਦੇ ਹਨ। 'ਮਾਂ ਦਾ ਢਿੱਡ', 'ਤੇਰਾਂ-ਤੇਰਾਂ', 'ਟੈਡੀ ਬਿਅਰ' ਲੇਖਾਂ ਵਿੱਚ ਵੀ ਬੜਾ ਕੁਝ ਪੇਸ਼ ਕੀਤਾ ਗਿਆ ਹੈ।

# ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ

## ਸਾਊਥ ਬੈਂਡ, ਇੰਡੀਆਨਾ

ਸਮੂਹ ਜਗਤ ਨੂੰ ਨਿਥਾਵਿਆਂ, ਨਿਮਾਣਿਆਂ, ਨਿਤਾਣਿਆਂ ਨੂੰ ਸਰਦਾਰੀਆਂ ਬਖਸ਼ਣ ਵਾਲੇ ਸਰਬ ਕਲਾ ਸਮਰੱਥ ਪਾਤਸ਼ਾਹ

**ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ**

**ਲੱਖ-ਲੱਖ ਵਧਾਈ ਹੋਵੇ**

## ਨਵਾਂ ਸਾਲ 2024 ਮੁਬਾਰਕ

ਨਵੇਂ ਸਾਲ 2024 ਦੀ ਆਮਦ 'ਤੇ ਸਮੂਹ ਭਾਈਚਾਰੇ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦੇ ਹਾਂ ਕਿ ਨਵਾਂ ਸਾਲ ਸਭ ਲਈ ਖੁਸ਼ਹਾਲੀ, ਤਰੱਕੀ ਤੇ ਸ਼ਾਂਤੀ ਨਾਲ ਭਰਪੂਰ ਹੋਵੇ। ਅਰਦਾਸ ਕਰਦੇ ਹਾਂ ਕਿ ਦੇਸ਼-ਵਿਦੇਸ਼ ਵਿੱਚ ਵੱਸਦਾ ਸਮੂਹ ਭਾਈਚਾਰਾ ਪੰਜਾਬੀ ਤੇ ਪੰਜਾਬੀਅਤ ਦੀ ਪ੍ਰਫੁਲਤਾ ਲਈ ਯਤਨਸ਼ੀਲ ਰਹੇ।



ਆਓ ! ਸਾਰੇ ਰਲ-ਮਿਲ ਕੇ ਤੇ ਤਕੜੇ ਹੋ ਕੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਹੋਰ ਪ੍ਰਫੁਲਤ ਕਰੀਏ ਅਤੇ ਆਪਣੇ ਬੱਚਿਆਂ ਨੂੰ ਖੇਡਾਂ ਨਾਲ ਜੋੜੀਏ।

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਪਾਲ ਸਿੰਘ ਖਲੀਲ (ਇੰਡੀਆਨਾ) ਫੋਨ: 269-861-1800
ਬਲਵਿੰਦਰ ਨਿੱਕ ਸਿੰਘ (ਸ਼ਿਕਾਗੋ) ਫੋਨ: 630-230-6425

ਗਾਥਾ

ਧਰਮ ਸਿੰਘ ਗੋਰਾਇਆ
ਫੋਨ: 301-653-7029



# ਦੁੱਲਾ ਭੱਟੀ ਦੀ ਨਾਬਰੀ ਤੇ ਲੋਹੜੀ ਦਾ ਤਿਓਹਾਰ

ਜ਼ਾਲਮ ਹਾਕਮਾਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨ ਵਾਲੇ ਬਹਾਦਰ ਲੋਕਾਂ ਨੂੰ ਇਤਿਹਾਸਕਾਰਾਂ ਨੇ ਚੰਗੀ ਪਹਿਚਾਣ ਨਹੀਂ ਦਿੱਤੀ। ਦੁੱਲੇ ਨੂੰ ਚੋਰ-ਉਚੱਕਾ, ਡਾਕੂ, ਮਾਰਖੋਰ, ਧਾੜਵੀ ਬਣਾ ਦਿੱਤਾ। ਕੀ ਕਾਰਨ ਕਿ ਉਹ ਅੱਜ ਵੀ ਲੋਕ-ਚੇਤਿਆਂ ਵਿੱਚ ਜਿਊਂਦਾ ਹੈ? ਕਿਉਂਕਿ ਉਹ ਹੱਕ-ਸੱਚ ਦਾ ਪਹਿਰੇਦਾਰ ਸੀ। ਉਸ ਨੇ ਇੱਕ ਧੀ ਸੁੰਦਰੀ ਦੀ ਇੱਜ਼ਤ ਨਹੀਂ ਸੀ ਬਚਾਈ, ਸਗੋਂ ਲੱਖਾਂ ਹੋਰਨਾਂ ਦੇ ਮਾਣ ਰੱਖਣ ਦਾ ਵਲ ਸਿਖਾਇਆ।

ਮੈਂ ਵੱਢ ਕੇ ਕਾਈਆਂ ਸਰਕੜਾ, ਲਾਂਬੂ ਲਾਊਂ ਲਾਹੌਰ।
ਜਿਨ੍ਹਾਂ ਪਿਓ-ਦਾਦੇ ਨੂੰ ਮਾਰਿਆ, ਰਾਹੇ ਪਾਊਂ ਪਿਸ਼ੌਰ।

ਤੇ ਉਸ ਅਣਖੀਲੇ ਪੰਜਾਬ ਦੇ ਜਾਏ ਦਾ ਨਾਮ ਸੀ ਦੁੱਲਾ ਭੱਟੀ। ਸੋਕਿਆਂ-ਔੜਾਂ ਦੇ ਸਤਾਏ ਰਾਜਪੂਤ ਕਬੀਲੇ ਨੂੰ ਕਰੀਬ ਸੱਤ ਸਦੀਆਂ ਪਹਿਲਾਂ ਰਾਜਸਥਾਨ ਦੇ ਜੈਸਲਮੇਰ ਤੋਂ ਪੰਜਾਬ ਅੰਦਰ ਝਨਾਂ ਦੇ ਕੰਢੇ ਲਿਆ ਬਿਠਾਇਆ।

ਸਾਂਦਲਬਾਰ ਦੇ ਇਲਾਕੇ ਦੀ ਅਹਿਲਕਾਰੀ ਸੇਹੂ ਹੰਜਰਾ ਕੋਲ ਸੀ। ਸੇਹੂ ਹੰਜਰਾ ਨੂੰ ਵੀ ਚੰਗੇ ਖੜਕੇ-ਦੜਕੇ ਵਾਲੇ ਲੋਕਾਂ ਦੀ ਲੋੜ ਸੀ, ਜਿਸ ਦੀ ਵਜ੍ਹਾ ਕਰਕੇ ਜੰਗਜੂ-ਲੜਾਕੇ-ਮਾਰਖੋਰ ਰਾਜਪੂਤਾਂ ਦਾ ਪੱਕਾ ਮੁਕਾਮ ਹੋ ਗਿਆ। ਇਨ੍ਹਾਂ ਨੇ ਚਾਰ-ਚੁਫੇਰੇ ਕਬਜ਼ੇ ਕਰ ਲਏ ਅਤੇ ਦੋ-ਢਾਈ ਸਦੀਆਂ ਬਾਅਦ ਮਾਲਕੀਆਂ ਵੀ ਬਣਾ ਲਈਆਂ। ਆਪਸ ਵਿੱਚ ਹੱਦਾਂ ਬਣਾ ਕੇ ਛੋਟੀਆਂ ਛੋਟੀਆਂ ਰਿਆਸਤਾਂ ਤੈਅ ਕਰ ਲਈਆਂ। ਜੇ ਇਨ੍ਹਾਂ ਦੀ ਪੀੜ੍ਹੀ ਦੀ ਦਰਜਾਬੰਦੀ ਕਰੀਏ ਤਾਂ ਕੁਝ ਇਸ ਤਰ੍ਹਾਂ ਚੱਲਦੀ ਹੈ: ਭੱਟੀ-ਰਾਜਪੂਤ-ਹੰਸਰਾਜ-ਤੰਨੋ-ਉਦੇ-ਲਾਖੜਾਂ-ਚੂੜ-ਧਿੰਗ-ਨੱਥੋ-ਬਿਜਲੀ ਖਾਂ-ਫਰੀਦ ਖਾਂ-ਦੁੱਲਾ ਭੱਟੀ।

ਮੰਗੋਲੀਆ ਤੋਂ ਚੱਲੇ ਆਏ ਮੰਗੋਲਾਂ ਵਿੱਚੋਂ ਚੰਗੇਜ਼ ਖਾਨ ਤੇ ਚੰਗੇਜ਼ ਤੋਂ ਚੁਗੱਤੇ ਰਾਜ ਦੀ ਬਹੁਤ ਲੰਮੀ ਦਾਸਤਾਨ ਹੈ, ਜੋ ਸਿਲਕ ਰੋਡ ਨਾਲ ਵੀ ਆ ਜੁੜਦੀ ਹੈ। ਇਨ੍ਹਾਂ ਦੀ ਪੰਜਾਬ ਨਾਲ ਸਾਂਝ ਦੀ ਗੱਲ 1221 ਤੋਂ ਤੁਰਦੀ ਹੋਈ ਅਖੀਰ ਬਹਾਦਰ ਸ਼ਾਹ ਦੂਜੇ ਭਾਵ 1857 ਵਿੱਚ ਆ ਕੇ ਮੁੱਕਦੀ ਹੈ। ਇਨ੍ਹਾਂ 636 ਸਾਲਾਂ ਦੇ ਇਤਿਹਾਸ ਵਿੱਚ ਬਹੁਤ ਵੱਡੀਆਂ ਘਟਨਾਵਾਂ ਪਨਪਦੀਆਂ ਰਹੀਆਂ, ਪਰ ਜੋ ਘਟਨਾ ਸਾਂਦਲਬਾਰ ਦੀ ਜੂਹ ਅੰਦਰ ਵਾਪਰੀ, ਉਸ ਨੂੰ ਲੋਕ ਅੱਜ ਵੀ ਯਾਦ ਕਰਦੇ ਹਨ।

ਹੁਣ ਤੱਕ ਬਿਜਲੀ ਖਾਂ ਵੀ ਆਪਣੇ ਇਲਾਕੇ ਦਾ ਖ਼ੁਦਮੁਖਤਾਰ ਬਣ ਚੁਕਾ ਸੀ। ਆਗਰਾ, ਫਤਿਹਪੁਰ ਸੀਕਰੀ, ਦਿੱਲੀ, ਲਾਹੌਰ ਤੋਂ ਕਾਬਲ, ਕੰਧਾਰ, ਤੁਰਕਸਤਾਨ, ਇਰਾਨ ਜਾਣ-ਆਉਣ ਲਈ ਇੱਕ ਰਸਤਾ ਪਿੰਡੀ-ਭੱਟੀਆਂ ਵਿੱਚੋਂ ਵੀ ਗੁਜ਼ਰਦਾ ਸੀ। ਕੁਦਰਤ ਇਸ ਇਲਾਕੇ ਉਪਰ ਬੜੀ ਮਿਹਰਬਾਨ ਸੀ।

ਹਰੀਆਂ-ਭਰੀਆਂ ਫਸਲਾਂ, ਖੁੱਲ੍ਹੀਆਂ ਚਾਰਗਾਹਾਂ, ਜੰਗਲੀ ਜਾਨਵਰਾਂ ਦਾ ਸ਼ਿਕਾਰ, ਮਰਦਾਂ-ਔਰਤਾਂ ਦੇ ਹੁਸਨ ਦੀ ਕਮਾਲ। ਵਪਾਰੀਆਂ-ਸੌਦਾਗਰਾਂ ਦੀ ਆਵਾਜਾਈ, ਮੁਗਲ ਫੌਜਾਂ ਦਾ ਆਉਣਾ-ਜਾਣਾ ਅਤੇ ਇੰਜ ਫਸਲਾਂ ਦਾ ਉਜਾੜਾ, ਲੋਕਾਂ ਦੇ ਘਰਾਂ ਵਿੱਚੋਂ ਧੱਕੇ ਨਾਲ ਅਨਾਜ ਚੁੱਕ ਲੈਣਾ, ਬਹੁ-ਬੇਟੀਆਂ ਨੂੰ ਤੰਗ-ਪ੍ਰੇਸ਼ਾਨ ਕਰਨਾ ਆਮ ਦਾ ਵਰਤਾਰਾ ਬਣ ਗਿਆ।

ਬਿਜਲੀ ਖਾਂ ਨੇ ਆਪਣੀ ਪਰਜਾ ਨਾਲ ਅਹਿਦ ਕੀਤਾ ਕਿ ਕੋਈ ਜ਼ਮੀਨੀ ਮਾਮਲਾ ਲਾਹੌਰ ਨਹੀਂ ਜਾਵੇਗਾ। ਜਿੰਨਾ ਕਿਸੇ ਕੋਲੋਂ ਸਰਦਾ-ਬਣਦਾ ਹੋਵੇ, ਉਹ ਸਾਡੀ ਬਣਾਈ ਸਭਾ ਕੋਲ ਦੇ ਜਾਇਆ ਕਰੇ। ਅਸੀਂ ਤੁਹਾਡੇ ਟੱਬਰਾਂ ਅਤੇ ਮਾਲ-ਡੰਗਰ ਦੀ ਹਿਫਾਜ਼ਤ ਕਰਾਂਗੇ। ਇਕੱਠਾ ਹੋਇਆ ਪੈਸਾ-ਧੇਲਾ-ਅਨਾਜ ਬਿਜਲੀ ਖਾਂ ਆਪਣੇ ਬਣਾਏ ਲੜਾਕੂ ਨੌਜਵਾਨਾਂ ਵਿੱਚ ਤਕਸੀਮ ਕਰ ਦਿੰਦਾ। ਉਸ ਦਾ ਪੁੱਤਰ ਫਰੀਦ ਖਾਂ ਉਸ ਤੋਂ ਵੀ ਜ਼ਿਆਦਾ ਚੇਤੰਨ ਹੋ ਚੁਕਾ ਸੀ।

ਇੰਜ 'ਰਾਜ ਦੇ ਅੰਦਰ ਰਾਜ' (state within the state) ਦੀ ਕਸ਼ਮਕਸ਼ ਕਿੰਨਾ ਕੁ ਚਿਰ ਚੱਲਦੀ ਰਹਿੰਦੀ! ਹਕੂਮਤ ਮੁਗਲ-ਚੁਗੱਤਿਆਂ ਦੀ ਹੋਵੇ ਤੇ ਮੁੱਠੀ ਭਰ ਸਾਂਦਲਬਾਰੀਏ ਇਨ੍ਹਾਂ ਦੇ ਕਾਬੂ ਵਿੱਚ ਕਿੰਝ ਨਾ ਆਵਣ! ਪਹਿਲਾਂ ਇਨ੍ਹਾਂ ਨੂੰ ਲਾਲਚ ਦੇਣ ਦੀ ਕੋਸ਼ਿਸ਼ ਕੀਤੀ ਗਈ, ਪਰ ਇਹ ਪੰਜਾਬ ਦੀ ਮਿੱਟੀ ਤੇ ਝਨਾਂ ਦੇ ਤਾਰੂ ਮੁਗਲਾਂ ਦੀ ਤੱਕੜੀ ਨਾ ਚੜ੍ਹੇ। ਕਿਧਰੇ ਅੱਜ ਵਰਗੇ ਹੁੰਦੇ ਤਾਂ ਘਰ ਦੇ ਘਰ ਭਰ ਲੈਂਦੇ ਤੇ ਫਿਰ ਵੀ ਭੁੱਖੇ ਦੇ ਭੁੱਖੇ ਜਿਵੇਂ ਧੋਬੀ ਦਾ...!

ਮੁਗਲਾਂ ਦੀ ਆਖਰੀ ਚਾਲ। ਪਿਓ-ਪੁੱਤਰ ਫੜ ਕੇ ਲਾਹੌਰ ਲਿਆਂਦੇ ਗਏ। ਸਿਰ ਧੜਾਂ ਤੋਂ ਵੱਖ ਤੇ ਫਿਰ ਧੜਾਂ ਨੂੰ ਲਾਹੌਰੀ ਸ਼ਾਹੀ ਕਿਲੇ ਦੇ ਦਰਵਾਜ਼ੇ ਟੰਗ ਦਿੱਤਾ। ਲੋਕਾਂ ਵਿੱਚ ਖੌਫ਼ ਤੇ ਡਰ ਬਣਾਉਣ ਲਈ, ਤਾਂ ਕਿ ਕੋਈ ਹੋਰ ਨਾ ਸਿਰ ਚੁੱਕ ਸਕੇ।

ਪਰ ਇੰਜ ਨਹੀਂ ਸੀ ਹੋਣਾ। ਅਜੇ ਇਤਿਹਾਸ ਦੇ ਖਾਲੀ ਵਰਕੇ ਫੜ-ਫੜਾਅ ਰਹੇ ਸਨ।

ਪਿਓ-ਦਾਦੇ ਦੇ ਤੁਰ ਜਾਣ ਮਗਰੋਂ ਕਰੀਬ ਚਾਰ ਮਹੀਨੇ ਬਾਅਦ ਦਰਿਆ ਝਨਾਂ ਵਿੱਚੋਂ ਇੱਕ ਕਿਲਕਾਰੀ ਦੀ ਆਵਾਜ਼ ਨੇ ਸਭ ਨੂੰ ਹੈਰਾਨ ਕਰ ਦਿੱਤਾ, ਜਦੋਂ ਬਦਰ ਵਿਖੇ ਮਾਈ ਲੱਧੀ ਨੇ ਬੇੜੀ ਰਾਹੀਂ ਦਰਿਆ ਪਾਰ ਕਰਦਿਆਂ ਦੁੱਲੇ ਨੂੰ ਜਨਮ ਦਿੱਤਾ। ਲੱਧੀ ਨੇ ਝਨਾਂ ਦੇ ਵੱਗਦੇ ਤੇਜ ਪਾਣੀ ਵਿੱਚ ਤਲਵਾਰ ਡੋਬ ਕੇ ਦੁੱਲੇ ਨੂੰ ਗੁੜ੍ਹਤੀ ਦਿੱਤੀ। ਇਸ ਦੀ ਗਵਾਹੀ ਅੱਜ ਵੀ ਪਿੰਡੀ-ਭੱਟੀਆਂ ਵਾਲੇ ਆਪਣੇ ਫਰਜ਼ੰਦਾਂ ਰਾਹੀਂ ਸਹੀ ਪੁਗਾਉਂਦੇ ਹਨ।

ਪਿੰਡ ਬਰ ਨਹੀਂ ਰਿਹਾ, ਪਰ ਉਸ ਦੀ ਥਾਂ ਪਿੰਡ ਚੂਚਕ ਸੋਹਣਾ ਵੱਸਦਾ-ਰੱਸਦਾ ਹੈ। ਪੰਜਾਬ ਦੀ ਮਿੱਟੀ ਦਾ ਜਾਇਆ, ਬੇਖੌਫ, ਦਿਲਦਾਰ, ਸੁਭਾਅ ਦਾ ਅੜੀਅਲ ਆਮ ਪੁਰਾਣੇ ਜ਼ਮਾਨਿਆਂ ਦੇ ਰੀਤੀ-ਰਿਵਾਜ਼ਾਂ ਨਾਲ ਯਾਰਾਂ-ਦੋਸਤਾਂ ਦੀਆਂ ਮਿੱਤਰ-ਮੰਡਲੀਆਂ ਵਿੱਚ ਜੁਆਨ ਹੋਇਆ। ਖੁੱਲ੍ਹਾ ਖਾਣ-ਪੀਣ, ਤੀਰ-ਅੰਦਾਜ਼ੀ, ਘੋੜਿਆਂ ਦੀ ਸਵਾਰੀ, ਝਨਾਂ ਤੋਂ ਰਾਵੀ ਤੱਕ ਦੀਆਂ ਜੂਹਾਂ, ਜਿੱਥੇ ਲੜਦੇ-ਭਿੜਦੇ, ਰੁੱਸਦੇ ਫਿਰ ਮੰਨਦੇ ਜਿਵੇਂ ਆਉਣ ਵਾਲੇ ਸਮੇਂ ਦੇ ਹਾਣੀ ਬਣ ਖਲੋਵਣਾ।

ਪੰਡਤ ਕਹਿੰਦਾ, ਚੰਗੇ ਕੰਮ ਕਰੋ, ਲੋਕ ਯਾਦ ਕਰਨਗੇ, ਮਸ਼ਹੂਰ ਹੋ ਜਾਵੋਗੇ। ਪੰਡਤਾ ਛੇਤੀ ਮਸ਼ਹੂਰ ਕਿੰਝ? ਕਹਿੰਦਾ, ਮਾੜੇ ਕੰਮੀਂ। ਅਗਲੇ ਦਿਨ ਮਦਰੱਸੇ ਜਾ ਕੇ ਮੌਲਵੀ ਕੁੱਟ ਦੇਣਾ। ਦੁੱਲੇ ਨੂੰ ਮੌਲਵੀ ਦੇ ਮੂੰਹੋਂ ਮੁਗਲਾਂ ਦੀ ਤਾਰੀਫ ਚੰਗੀ ਨਾ ਲੱਗੀ। ਚਾਰ-ਚੁਫੇਰੇ ਦੁੱਲਾ-ਦੁੱਲਾ ਹੋ ਉਠਿਆ।

ਮੁਗਲਾਂ ਦੇ ਰਾਹ ਰੋਕੇ ਜਾਣ ਲੱਗੇ। ਲਗਾਨ ਲਾਹੌਰ ਨਹੀਂ, ਪਿੰਡੀ-ਭੱਟੀਆਂ ਆਉਣ ਲੱਗਾ। ਆਪਣੇ ਨਾਨਕੇ ਪਿੰਡ ਚੰਨਿਓਟ ਤੋਂ ਸ਼ੁਰੂਆਤ ਕੀਤੀ। ਮੁਗਲ ਹਕੂਮਤ ਦੇ ਜਗੀਰਦਾਰ ਹੱਥ-ਠੋਕਿਆਂ ਨੂੰ ਲੁੱਟਿਆ ਗਿਆ। ਲੋਕਾਂ ਦੇ ਫੈਸਲੇ ਪਿੰਡੀ-ਭੱਟੀਆਂ ਹੋਣ ਲੱਗੇ।

ਅਲੀ ਸੁਦਾਗਰ ਦੇ ਚੰਗੀ ਨਸਲ ਦੇ 5 ਸੌ ਘੋੜੇ ਜੋ ਕੰਧਾਰ ਤੋਂ ਲਾਹੌਰ ਜਾ ਰਹੇ ਸਨ, ਖੋਹ ਲਏ। ਬਲਖ ਬੁਖਾਰੇ ਤੋਂ ਮੇਦਾ ਖੱਤਰੀ ਦੀਆਂ ਖੱਚਰਾਂ ਉਪਰ ਭਰੀਆਂ ਛੱਟਾਂ ਖੋਹ ਕੇ ਚਾਰ-ਚੁਫੇਰੇ ਦੇ ਗਰੀਬਾਂ ਵਿੱਚ ਵੰਡ ਦਿੱਤੀਆਂ। ਸਾਂਦਲਬਾਰ ਅੰਦਰ ਮੁਗਲਾਂ ਦੀਆਂ ਫੌਜੀ ਟੁਕੜੀਆਂ ਨਾਲ ਆਮ ਕਿਸਾਨਾਂ ਦੇ ਪੁੱਤਰ, ਲੁਹਾਰ-ਤਰਖਾਣ, ਸੋਪੀ, ਮਰਾਸੀ, ਮੁਜਾਂਰੇ ਟੱਕਰਾਂ ਲੈ ਰਹੇ ਸਨ।

ਦੁੱਲਾ ਭੱਟੀ ਦੀ ਮੁਗਲਾਂ ਨਾਲ ਲੜਾਈ ਹੁਣ ਨਿੱਜ ਦੀ ਨਹੀਂ ਸੀ ਰਹਿ ਗਈ। ਇਹ ਲੋਕ ਲਹਿਰ ਦਾ ਰੂਪ ਧਾਰ ਚੁਕੀ ਸੀ। ਆਤਜਿਜ਼ ਅਹਿਸਨ ਨੇ ਇਸ ਲੋਕ ਲਹਿਰ ਨੂੰ ਆਪਣੀ ਕਿਤਾਬ 'ਸਿੰਧ ਸਾਗਰ' ਵਿੱਚ 'ਕਿਸਾਨ ਅੰਦੋਲਨ' ਲਿਖਿਆ ਹੈ। ਵੱਖ ਵੱਖ ਰੂਪ ਧਾਰਦਾ ਇਹ ਅੰਦੋਲਨ ਕਦੇ ਬੰਦਾ ਸਿੰਘ ਬਹਾਦਰ ਦੀ 'ਜ਼ਮੀਨ ਹਲ ਵਾਹਕ ਦੀ', ਕਦੇ ਰਾਇ ਅਹਿਮਦ ਖ਼ਰਲ ਦੀ ਜੰਗ, ਕਦੇ 1948-52 ਤੇਜਾ ਸਿੰਘ ਸੁਤੰਤਰ ਦੀ ਪੈਪਸੂ ਲਹਿਰ ਤੇ ਕਦੇ ਤਿਲੰਗਾਨਾ ਦਾ ਕਿਸਾਨੀ ਘੋਲ।

ਜਗੀਰਦਾਰੀ ਕਲਚਰ ਉਤੇ ਉਦੋਂ ਤਿੱਖੀ ਚੋਟ ਮਾਰੀ, ਜਦ ਸਾਂਦਲਬਾਰ ਅੰਦਰ ਮੁਫਤ ਕੰਮ ਕਰਾਉਣ ਭਾਵ 'ਬੇਗਾਰ' ਨੂੰ ਖਤਮ ਕੀਤਾ। ਇੱਕ ਹਿੰਦੂ ਮੂਲ ਚੰਦ ਪਿੰਡ ਕੋਟ ਨੱਕਾਂ ਤੋਂ ਜਿਸ ਦੀ ਖ਼ੂਬਸੂਰਤ ਲਕੜੀ ਸੁੰਦਰ ਮੁੰਦਰੀ ਨੂੰ ਆਪਣੀ ਧੀ ਬਣਾ ਕੇ ਹਿੰਦੂ ਪਰਿਵਾਰ ਵਿੱਚ ਵਿਆਹਿਆ ਅਤੇ ਧੱਕੇਸ਼ਾਹੀ ਕਰਦੇ ਜਗੀਰਦਾਰ ਨੂੰ ਸਜ਼ਾ ਦਿੱਤੀ। ਫਿਰ ਸੁੰਦਰ ਮੁੰਦਰੀਏ ਤੇਰਾ ਕੌਣ ਵਿਚਾਰਾ? ਉਹ ਦੁੱਲਾ ਭੱਟੀ ਸੀ। ਲੋਹੜੀ 'ਤੇ ਇਹ ਗੀਤ ਰੱਜ ਕੇ ਗਾਇਆ ਜਾਂਦਾ ਹੈ ਤੇ ਉਹ ਹੈ:

ਸੁੰਦਰ ਮੁੰਦਰੀਏ, ਹੋ
ਤੇਰਾ ਕੌਣ ਵਿਚਾਰਾ, ਹੋ
ਦੁੱਲਾ ਭੱਟੀ ਵਾਲਾ, ਹੋ
ਦੁੱਲੇ ਧੀ ਵਿਆਹੀ, ਹੋ
ਸੇਰ ਸ਼ੱਕਰ ਆਈ, ਹੋ
ਕੁੜੀ ਦੇ ਬੋਝੇ ਪਾਈ, ਹੋ
ਕੁੜੀ ਦਾ ਲਾਲ ਪਟਾਕਾ, ਹੋ
ਕੁੜੀ ਦਾ ਸ਼ਾਲੂ ਪਾਟਾ, ਹੋ
ਸ਼ਾਲੂ ਕੌਣ ਸਮੇਟੇ, ਹੋ
ਚਾਚਾ ਗਾਲੀ ਦੇਸੇ, ਹੋ
ਚਾਚੇ ਚੂਰੀ ਕੁੱਟੀ, ਹੋ
ਜ਼ਿਮੀਂਦਾਰਾਂ ਲੁੱਟੀ, ਹੋ
ਜ਼ਿਮੀਂਦਾਰ ਸਦਾਏ, ਹੋ
ਗਿਣ ਗਿਣ ਪੌਲੇ ਲਾਏ, ਹੋ...।

ਹਿੰਦੋਸਤਾਨ 'ਤੇ ਅਕਬਰ 33 ਸਾਲਾਂ ਤੋਂ ਕਦੇ ਆਗਰਾ, ਕਦੇ ਫਤਿਹਪੁਰ ਸੀਕਰੀ ਤੇ ਕਦੇ ਲਾਹੌਰ ਆਉਂਦਾ ਸੀ। ਲਾਹੌਰ ਦੇ ਨੱਕ ਹੇਠ ਦੁੱਲਾ ਭੱਟੀ ਅਤੇ ਉਸ ਦੇ ਜੁਝਾਰੂ ਯੋਧਿਆਂ ਵੱਲੋਂ ਚਲਾਈ ਬਗਾਵਤ ਦੀ ਅੱਗ ਦੇ ਸੇਕ ਨੇ ਅਕਬਰ ਨੂੰ ਫਤਿਹਪੁਰ ਸੀਕਰੀ ਤੋਂ ਲਾਹੌਰ ਲੈ ਆਂਦਾ। ਪੰਜਾਬ ਦੀ ਗਵਰਨਰੀ ਸ਼ਮਸਉਦ-ਦੀਨ ਦੇ ਹੱਥਾਂ ਵਿੱਚ ਸੀ।

ਜ਼ਮੀਨੀ ਲਗਾਨ ਦਾ ਲਾਹੌਰ ਨਾ ਪਹੁੰਚਣਾ, ਹਕੂਮਤ ਨਾਲ ਸਿੱਧੀ ਟੱਕਰਬਾਜ਼ੀ, ਜਗੀਰਦਾਰਾਂ ਵੱਲੋਂ ਸ਼ਾਹੀ ਕਿਲ੍ਹੇ ਅੰਦਰ ਪਿੰਡੀ-ਭੱਟੀਆਂ ਵਿਰੁੱਧ ਸ਼ਿਕਾਇਤਾਂ ਆਦਿ ਦੇ ਮੱਦੇਨਜ਼ਰ ਅਖੀਰ ਹਕੂਮਤ ਨੇ ਫੈਸਲਾ ਕੀਤਾ- ਜਿਵੇਂ ਵੀ ਹੋਵੇ, ਇਨ੍ਹਾਂ ਨਾਬਰਾਂ ਨੂੰ ਫੜੋ, ਮਾਰੋ, ਕਿਸੇ ਤਰ੍ਹਾਂ ਬਗਾਵਤ ਕੁਚਲੋ। ਮਿਰਜ਼ਾ ਨਿਜ਼ਾਮੂਦੀਨ ਨੂੰ ਕਈ ਹਜ਼ਾਰ ਹਥਿਆਰਬੰਦ ਫੌਜ ਨਾਲ ਪਿੰਡੀ-ਭੱਟੀਆਂ ਤੋਰਿਆ ਗਿਆ। ਤਿੰਨ ਦਿਨ ਲੜਾਈ ਹੁੰਦੀ ਰਹੀ। ਜਦ ਦੁੱਲਾ ਭੱਟੀ ਨਿਜ਼ਾਮੂਦੀਨ ਦਾ ਸਿਰ ਕਲਮ ਕਰਨ ਲੱਗਦਾ, ਉਹ ਮਾਈ ਲੱਧੀ ਨੂੰ ਵਾਸਤਾ ਪਾਉਂਦਾ, ਜਾਨ ਬਖਸ਼ੀ ਲਈ। ਮਾਈ ਲੱਧੀ ਨੇ ਰਾਜਪੂਤ ਰਵਾਇਤ ਨਿਭਾਈ, ਪਰ ਪੁੱਤ ਨੂੰ ਲਾਹੌਰ ਦੇ ਰਾਹੇ ਪਾ ਦਿੱਤਾ। ਪੈਰੀਂ ਪਿਆਂ 'ਤੇ ਵਾਰ ਨਹੀਂ ਕਰਦੇ। ਨਿਜ਼ਾਮੂਦੀਨ ਚਾਲ ਖੇਡ ਚੁਕਾ ਸੀ। ਲਾਹੌਰ ਦਰਬਾਰ ਵਿੱਚ ਦੁੱਲਾ ਭੱਟੀ ਨੂੰ ਬਾਗੀ ਕਰਾਰ ਦੇ ਕੇ ਫਾਂਸੀ ਦਾ ਹੁਕਮ ਸੁਣਾ ਦਿੱਤਾ ਗਿਆ।

26 ਮਾਰਚ 1589 ਨੂੰ ਜਦ ਦੁੱਲਾ ਭੱਟੀ ਨੂੰ ਸ਼ਾਹੀ ਕਿਲ੍ਹੇ ਤੋਂ ਕੋਤਵਾਲ ਮਲਿਕ ਅਲੀ ਨੌ ਲੱਖਾ ਬਾਜ਼ਾਰ ਲਿਜਾ ਰਿਹਾ ਸੀ ਤਾਂ ਅਚਾਨਕ ਆਪਣੇ ਰੰਗ ਵਿੱਚ ਝੂਮਦਾ ਸ਼ਾਹ ਹੁਸੈਨ ਆ ਦਸਤਕ ਦਿੰਦਾ। ਮਲਿਕ ਦੇ ਮਾੜੇ ਵਤੀਰੇ ਤੋਂ ਸ਼ਾਹ ਹੁਸੈਨ ਉਸ ਨੂੰ ਬਦਦੁਆ ਵੀ ਦਿੰਦਾ ਅਤੇ ਫਿਰ ਕੁਝ ਬੋਲ:

"ਯਾ ਦਿਲਬਰ ਯਾ ਮਰ ਕੇ ਪਿਆਰਾ
ਦੁੱਲੇ ਦੇ ਲਾਲ ਲਬਾਂ ਦੇ ਲਾਰੇ
ਸੂਲੀ ਪਰ ਚੜ੍ਹ ਲੈ ਹੁਲਾਰੇ
ਆਣ ਮਿਲਾਸੀ ਦਿਲਬਰ ਯਾਰਾ
ਯਾ ਦਿਲਬਰ ਯਾ ਸਰ ਕਰ ਪਿਆਰਾ।"

ਦੁੱਲਾ ਭੱਟੀ ਇਤਿਹਾਸ ਵਿੱਚ ਵੱਖਰੀ ਥਾਂ ਬਣਾ ਗਿਆ। ਲੋਕ ਅੱਜ ਵੀ ਉਸ ਨੂੰ ਆਪਣੇ ਦਿਲਾਂ ਵਿੱਚ ਵਸਾਈ ਬੈਠੇ ਹਨ।

ਦੁੱਲਾ ਨਾਮ ਹੈ ਹੱਕ-ਸੱਚ ਲਈ ਲੜਨ ਦਾ।

ਦੁੱਲਾ ਨਾਮ ਹੈ ਹਾਰੇ-ਥੱਕੇ-ਟੁੱਟੇ ਲੋਕਾਂ ਅੰਦਰ ਨਵਾਂ ਜਜ਼ਬਾ ਦੇਣ ਦਾ।

ਦੁੱਲਾ ਨਾਮ ਹੈ ਭ੍ਰਿਸ਼ਟ ਸਿਸਮਟ ਵਿਰੁੱਧ ਖੜ੍ਹ ਜਾਣ ਦਾ।

ਦੁੱਲੇ ਕਦੇ ਨਹੀਂ ਮਰਦੇ, ਉਹ ਅੱਜ ਵੀ ਜਿਊਂਦੇ ਹਨ।

ਮੈਨੂੰ ਬਹੁਤ ਫਖਰ ਮਹਿਸੂਸ ਹੁੰਦਾ ਹੈ ਕਿ ਮੇਰੀ ਕਿਤਾਬ 'ਅਣਖੀਲਾ ਧਰਤੀ ਪੁੱਤਰ- ਦੁੱਲਾ ਭੱਟੀ' ਨੂੰ ਜਦੋਂ ਆਸ਼ਫ ਰਜ਼ਾ ਹੁਰਾਂ ਵੱਲੋਂ ਸ਼ਾਹਮੁਖੀ ਵਿੱਚ ਲਾਹੌਰ ਤੋਂ ਛਾਪ ਕੇ ਮੇਰੇ ਪਿਆਰੇ ਲਹਿੰਦੇ ਪੰਜਾਬੀ ਦੇ ਸਪੁਰਦ ਕੀਤਾ ਤਾਂ ਲਹਿੰਦੇ ਪੰਜਾਬ ਅੰਦਰ ਲੋਹੜੀ ਨੂੰ ਬੜੇ ਜੋਸ਼-ਖਰੋਸ਼ ਨਾਲ ਮਨਾਇਆ ਗਿਆ। ਇਹ ਤਮੰਨਾ ਆਉਣ ਵਾਲੇ ਵਕਤਾਂ ਵਿੱਚ ਜਾਗਦੀ ਰਵ੍ਹੇ।

---

# ਨਵੇਂ ਸਾਲ ਦੀ ਆਮਦ

ਵਿਸ਼ੇਸ਼

ਨਿੰਮਾ ਡੱਲੇਵਾਲ
ਫੋਨ: 513-432-9754



ਹਰ ਨਵਾਂ ਸਾਲ ਚੜ੍ਹਦਿਆਂ ਅਸੀਂ ਖ਼ੁਸ਼ਆਮਦੀਦ ਆਖਦੇ ਹਾਂ ਤੇ ਉਹੀ ਨਵਾਂ ਸਾਲ ਹੌਲੀ-ਹੌਲੀ ਬਾਰਾਂ ਮਹੀਨਿਆਂ ਵਿੱਚ ਵੰਡ ਹੋ ਜਾਂਦਾ ਹੈ, ਤੇ ਹਰ ਮਹੀਨਾ ਵੰਡਿਆ ਜਾਂਦਾ ਹੈ- ਹਫੀਤਿਆਂ ਤੇ ਫਿਰ ਦਿਨਾਂ ਵਿੱਚ। ਇੰਜ 365 ਦਿਨਾਂ ਵਾਲੀ ਇੱਕ ਮੁੱਠੀ ਬਣ ਜਾਂਦੀ ਹੈ ਤੇ ਹਰ ਦਿਨ ਚੜ੍ਹਦਾ-ਲੱਥਦਾ ਹੋਇਆ ਇੱਕ ਪੁੱਠੀ ਗਿਣਤੀ ਸ਼ੁਰੂ ਕਰ ਦਿੰਦਾ ਹੈ। ਦਸੰਬਰ ਦੀ ਇਕੱਤੀ ਤਰੀਕ ਰਾਤ ਨੂੰ ਬਾਰਾਂ ਵਜੇ ਨਵੇਂ ਸਾਲ ਦੇ ਗਲ਼ ਤਖਤੀ ਪਾ ਦਿੱਤੀ ਜਾਂਦੀ ਹੈ। ਇਹ ਸਭ ਸਾਡੇ ਦਿਲ ਦੇ ਭਰਮ ਅਤੇ ਮਨ ਦੇ ਟਿਕਾਓ ਤੋਂ ਇਲਾਵਾ ਕੁਝ ਵੀ ਨਹੀਂ, ਕਿਉਂਕਿ ਇਸ ਨਾਲ ਸਾਡੇ ਜੀਵਨ ਜਾਂ ਸਮਾਜ ਵਿੱਚ ਕੋਈ ਬਦਲਾਅ ਨਹੀਂ ਆਉਂਦਾ। ਜ਼ਿੰਦਗੀ ਵਾਲਾ ਪਹੀਆ ਪਹਿਲਾਂ ਵਾਲੀ ਰਫਤਾਰ ਹੀ ਰੁੜ੍ਹਦਾ ਹੈ ਅਤੇ ਦਿਨ ਵੀ ਪਹਿਲਾਂ ਵਾਂਗ ਹੀ ਚੜ੍ਹਦੇ ਤੇ ਛੁਪਦੇ ਹਨ। ਪੁਰਾਣੇ ਸਾਲ ਦੀਆਂ ਪ੍ਰੇਸ਼ਾਨੀਆਂ ਨਵੇਂ ਸਾਲ ਵਿੱਚ ਆਣ ਖਤਮ ਨਹੀਂ ਹੁੰਦੀਆਂ। ਹਾਂ, ਇੱਕ ਆਸ ਦੀ ਕਿਰਨ ਅਤੇ ਉਮੀਦ ਵਾਲੀ ਰੋਸ਼ਨੀ ਜ਼ਰੂਰ ਨਜ਼ਰ ਆਉਂਦੀ ਹੈ ਕਿ ਜੋ ਕਾਰਜ ਇਸ ਸਾਲ ਸੰਪੂਰਨ ਨਹੀਂ ਹੋਏ, ਸ਼ਾਇਦ ਉਸ ਸਾਲ ਨੇਪਰੇ ਚੜ੍ਹ ਜਾਣਗੇ, ਤੇ ਕਿਸੇ ਹੱਦ ਤੱਕ ਚੜ੍ਹਦੇ ਵੀ ਹਨ।

ਲੰਘੇ ਸਾਲ ਨੂੰ ਬੇਸ਼ੱਕ ਅਲਵਿਦਾ ਆਖ ਦਿੰਦੇ ਹਾਂ, ਪਰ ਉਹ ਸਾਡੀਆਂ ਯਾਦਾਂ 'ਚ ਰਹਿੰਦਾ ਹੈ, ਜਿਸ ਦੀ ਛਤਰ-ਛਾਇਆ ਹੇਠ ਅਸੀਂ ਵਰ੍ਹੇ ਦਾ 'ਕੱਲਾ- 'ਕੱਲਾ ਦਿਨ ਗੁਜਾਰਿਆ ਹੈ, ਜਿਸ ਵਿੱਚ ਅਸੀਂ ਕਈ ਦਰਦਾਂ ਦਾ ਸੇਕ ਵੀ ਹੰਢਾਇਆ ਹੋਵੇਗਾ ਤੇ ਚਾਵਾਂ ਭਰੇ ਸੁੱਖ ਵੀ ਮਾਣੇ ਹੋਣਗੇ; ਜਿਸ ਵਿੱਚ ਕਈਆਂ ਸਾਨੂੰ ਰੁਸਾਇਆ/ਮਨਾਇਆ ਹੋਵੇਗਾ ਅਤੇ ਕਈਆਂ ਨੂੰ ਅਸੀਂ ਵੀ ਰੁਸਾਇਆ ਤੇ ਮਨਾਇਆ ਹੋਵੇਗਾ। ਕਈਆਂ ਮੁਨਾਫੇ ਖੱਟੇ ਹੋਣਗੇ ਤੇ ਕਈਆਂ ਘਾਟੇ ਖਾਧੇ ਹੋਣਗੇ।

ਖੈਰ! ਨਵੇਂ ਸਾਲ ਦੀਆਂ ਬਰੂਹਾਂ 'ਤੇ ਤੇਲ ਚੋਅ ਕੇ ਪਰਵੇਸ਼ ਕਰੀਏ ਇਸ ਅੰਦਰ। ਇੰਝ ਅੱਗੇ ਹੋ ਕੇ ਗੱਲਵੱਕੜੀ ਪਾ ਮਿਲੀਏ, ਜਿਵੇਂ ਕੋਈ ਮੁੱਦਤਾਂ ਮਗਰੋਂ ਪਰਦੇਸ ਆਏ ਨੂੰ ਦਿੱਲੀ ਏਅਰਪੋਰਟ 'ਤੇ ਮਿਲਦਾ ਹੈ। ਨਵੇਂ ਸਾਲ ਨੂੰ ਜ਼ਿੰਦਗੀ ਦੇ ਉਨ੍ਹਾਂ ਸੁਨਹਿਰੀ ਪਲਾਂ ਵਾਂਗ ਜੀ ਆਇਆਂ ਆਖੀਏ, ਜਿਹੜੇ ਜ਼ਿੰਦਗੀ ਵਿੱਚ ਰੰਗ ਭਰਦੇ ਹਨ ਤੇ ਜੀਵਨ ਸਤਰੰਗੀ ਪੀਂਘ ਵਰਗਾ ਬਣਾ ਦਿੰਦੇ ਹਨ।

ਲੰਘੇ ਹੋਏ ਸਾਲ ਵਿੱਚ ਕਈਆਂ ਨੇ ਦੁੱਖ ਝੱਲੇ ਹੋਣੇ।
ਲੰਘੇ ਹੋਏ ਸਾਲ ਸੁੱਖ ਪਾਏ ਕਈਆਂ ਦੇ ਪੱਲੇ ਹੋਣੇ।
ਰੋਗ ਟੁੱਟੇ ਹੋਣੇ ਕਈਆਂ ਦੇ ਲੱਗੇ ਕਈਆਂ ਨੂੰ ਅਵੱਲੇ ਹੋਣੇ।
ਦਰਦਾਂ ਕਈ ਛੱਡੇ ਹੋਣੇ ਕਈਆਂ ਦੇ ਵਿਹੜੇ ਮੱਲੇ ਹੋਣੇ।
ਕਈਆਂ ਵੱਟੇ ਮੁੰਦੀਆਂ ਵਟਾਏ ਵੀ ਨੇ ਛੱਲੇ ਹੋਣੇ।
ਕਈਆਂ ਦੇ ਖਾਲੀ ਹੋਏ ਹੋਣੇ ਕਈਆਂ ਭਰੇ ਗੱਲੇ ਹੋਣੇ।
ਕਈ ਤੁਰ'ਗੇ ਬਾਹਰ ਹੋਣੇ ਕਈ ਬੈਠੇ 'ਡੱਲੇ' ਹੋਣੇ।

ਪਰਮਾਤਮਾ ਕਰੇ ਇਸ ਸਾਲ ਦਾ ਹਰ ਸੂਰਜ ਭਾਗਾਂ ਭਰਿਆ ਹੋਵੇ, ਖੁਸ਼ੀਆਂ ਨਾਲ ਭਰੀ ਇਸਦੀ ਗਾਗਰ ਹਰ ਇੱਕ ਦੇ ਵਿਹੜੇ ਛਲਕੇ। ਇਸ ਦੀ ਝਾਂਜਰ ਦਾ ਛਣਕਾਰਾ ਹਰ ਇੱਕ ਦਿਲ ਉਤੇ ਦਸਤਕ ਦੇਵੇ। ਹਰ ਘਰ ਖੁਸ਼ੀਆਂ ਦਾ ਐਸਾ ਰੰਗ ਬਖੇਰੇ ਕਿ ਬਨੇਰਿਆਂ 'ਤੇ ਸਤਰੰਗੀਆਂ ਪੀਂਘਾਂ ਪਈਆਂ ਨਜ਼ਰ ਆਉਣਾ। ਪੂਰੇ ਸਮਾਜ ਲਈ ਨਵਾਂ ਸਾਲ ਚਾਵਾਂ ਦੇ ਉਜਾਲਿਆਂ ਨਾਲ ਭਰਪੂਰ ਹੋਵੇ, ਜਿਸ ਨਾਲ ਸਭ ਦਰਦਾਂ ਭਰੇ ਹਨੇਰੇ ਕੂਚ ਕਰ ਜਾਣ। ਸੁਪਨੇ ਸਾਕਾਰ ਹੋਣ ਤੇ ਜੋ ਅੱਧਵਾਟੇ ਰਹਿ ਗਏ ਹਨ, ਉਨ੍ਹਾਂ ਨੂੰ ਮੰਜ਼ਿਲਾਂ ਮਿਲ ਜਾਣ ਅਤੇ ਅਧੂਰੇ ਨਿਰਣੇ ਪੂਰਨਤਾ ਵੱਲ ਨੂੰ ਪੁਲਾਂਘਾ ਪੁੱਟਣ। ਨਵੇਂ ਸਾਲ ਵਿੱਚ ਕੋਈ ਵੈਰ ਵਿਰੋਧ ਨਹੀਂ ਰੱਖਣਾ ਚਾਹੀਦਾ, ਸਗੋਂ ਈਰਖਾ ਵਾਲਾ ਪਹਿਰਾਵਾ ਉਤਾਰ ਪਿਆਰ ਭਰੀ ਗਲਵੱਕੜੀ ਪਾਉਣੀ ਚਾਹੀਦੀ ਹੈ। ਸਰਬੱਤ ਦਾ ਭਲਾ ਮੰਗਣ ਨਾਲ ਹੀ ਭਲਾ ਹੁੰਦਾ ਹੈ। ਹਮੇਸ਼ਾ ਨਿਮਰਤਾ ਉਤੇ ਹੀ ਰਹਿਮਤਾਂ ਹੁੰਦੀਆਂ ਨੇ।

ਸੋ, ਨਵੇਂ ਸਾਲ ਦੇ ਗਲ਼ ਫੁੱਲਾਂ ਦੇ ਹਾਰ ਪਾਉਣ ਵੇਲੇ ਸਭ ਬਿਗਾਨਿਆਂ ਵਿੱਚੋਂ ਸੱਜਣਾਂ ਦੀਆਂ ਸੂਰਤਾਂ ਵੇਖੀਏ। ਇੰਝ ਕਰਿਆਂ ਹੋ ਸਕਦਾ ਬੇਗਾਨੇ ਵੀ ਮਿੱਤਰ ਬਣ ਜਾਣ! ਪਿਛਲੇ ਸਭ ਸ਼ਿਕਵੇ-ਸ਼ਿਕਾਇਤਾਂ ਨੂੰ ਭੁੱਲ ਨਵੇਂ ਸਿਰਿਉਂ ਦਿਲਾਂ ਦੀ ਮਿਲਣੀ ਹੀ ਮੁੱਖ ਮਕਸਦ ਹੋਵੇ। ਦੁਸ਼ਮਣ ਨੂੰ ਵੀ ਦਿਲ ਦੇ ਵਿਹੜੇ ਲੰਘ ਆਉਣ ਦਿਓ, ਤੇ ਅਗਲੇ ਦੇ ਦਿਲ ਦੀ ਦਹਿਲੀਜ਼ ਖੁਦ ਲੰਘ ਜਾਵੋ।

ਨਵੀਆਂ ਰਾਹਾਂ ਨਵੇਂ ਸੁਪਨੇ
ਸਜਾਇਓ ਨਵੇਂ ਸਾਲ ਵਿੱਚ।
ਬੁਰੀਆਂ ਰਾਹਾਂ ਤੇ ਬੇਈਮਾਨੀ
ਨਾ ਲਿਆਇਓ ਖਿਆਲ ਵਿੱਚ।
ਪਿਆਰ ਸੁਰਗਮਾਂ ਬਣ ਜਾਏਗਾ
ਰਹੋਗੇ ਜੇ ਸੁਰ ਤਾਲ ਵਿੱਚ।
ਭੁੱਲ ਜਾਇਓ ਕਿਤੇ ਪੁਰਾਣੇ ਨਾ
'ਨਿੰਮਾ' ਕਹੇ ਨਵੇਂ ਦੀ ਭਾਲ ਵਿੱਚ।

ਵੇਖਿਆ ਜਾਵੇ ਤਾਂ ਨਵਾਂ ਸਾਲ, ਸਾਲਾਂ ਦੀ ਗਿਣਤੀ ਵਿੱਚ ਵਾਧੇ ਤੋਂ ਇਲਾਵਾ ਕੁਝ ਵੀ ਨਹੀਂ। ਅਸੀਂ ਨਵੇਂ ਸਾਲ ਦੀ ਵਿਹੜੇ ਆਈ ਬਰਾਤ ਦੇ ਸਵਾਗਤ ਦੀ ਖੁਸ਼ੀ ਵਿੱਚ ਇਹ ਭੁੱਲ ਜਾਂਦੇ ਹਾਂ ਕਿ ਇਸ ਨੇ ਸਾਡੀ ਜ਼ਿੰਦਗੀ ਦਾ ਇੱਕ ਸਾਲ ਵੀ ਵਿਆਹ ਕੇ ਮੁੜਨਾ ਹੈ। ਇਸ ਤਰ੍ਹਾਂ ਹੀ ਅਸੀਂ ਆਪਣੇ ਜਨਮ ਦਿਨ ਮਨਾਉਣ ਵੇਲੇ ਯਾਦ ਨਹੀਂ ਰੱਖਦੇ ਕਿ ਕੇਕ ਵਿੱਚ ਮੋਮਬੱਤੀ ਦਾ ਵਾਧਾ ਸਾਡੀ ਜ਼ਿੰਦਗੀ ਦੇ ਸਭ ਸੱਜਣਾ-ਮਿੱਤਰਾਂ ਨੂੰ ਅਤੇ ਕਈ ਪਰਿਵਾਰ ਤੋਂ ਵਿਛੜੇ ਵਤਨੀਂ ਬੈਠੇ ਪਰਿਵਾਰ ਨੂੰ ਫੋਨ ਰਾਹੀਂ ਨਵੇਂ ਸਾਲ ਦੀਆਂ ਵਧਾਈਆ ਦਿੰਦਾ ਹੈ। ਇਸ ਫੋਨ ਨੇ ਚਿੱਠੀਆਂ ਦਾ ਖਾਤਮਾ ਕੀਤਾ ਹੀ ਹੈ, ਪਰ ਨਵੇਂ ਸਾਲ ਦੇ ਵਧਾਈ ਵਾਲੇ ਕਾਰਡ ਨੂੰ ਵੀ ਅਲੋਪ ਕਰ ਦਿੱਤਾ। ਕੁਝ ਵਰ੍ਹੇ ਪਹਿਲਾਂ ਬੜਾ ਚਾਅ ਅਤੇ ਬੜਾ ਰਿਵਾਜ ਹੁੰਦਾ ਸੀ, ਸੋਹਣੇ-ਸੋਹਣੇ ਕਾਰਡਾਂ ਉਤੇ ਵਧੀਆ-ਵਧੀਆ ਸ਼ਿਅਰ ਲਿਖ ਕੇ ਨਵੇਂ ਸਾਲ ਦੀ ਵਧਾਈ ਡਾਕ ਰਾਹੀਂ ਭੇਜਦੇ ਸੀ, ਪਰ ਅਸੀਂ ਉਸਨੂੰ ਵੀ ਪਿੱਛੇ ਛੱਡ ਦਿੱਤਾ। ਉਦੋਂ ਰੂਹਾਂ ਅਤੇ ਦਿਲ ਦੇ ਸੁਮੇਲ ਹੁੰਦੇ ਸਨ, ਤੇ ਅੱਜ ਦਿਮਾਗ ਦੇ ਖੇਲ ਬਣ ਗਏ। ਉਦੋਂ ਮੁਬਾਰਕਾਂ ਦਿਲੋਂ ਹੁੰਦੀਆਂ ਸਨ, ਤੇ ਹੁਣ ਫਰਜ਼ੀ ਬਣ ਗਈਆਂ।

ਜੇ ਅਸੀਂ ਸਾਲਾਂ ਦੇ ਬਦਲਣ ਵਾਲੇ ਮਤਭੇਦਾਂ 'ਤੇ ਵਿਸ਼ਵਾਸ ਰੱਖਦੇ ਹਾਂ, ਤਾਂ ਇਹ ਜੋ ਸਾਨੂੰ ਚੰਗਿਆਈਆਂ ਵੱਲ ਬਦਲਣ ਦਾ ਸੁਨੇਹਾ ਦਿੰਦੇ ਹਨ, ਉਸ ਉਤੇ ਵੀ ਅਮਲ ਕਰਨਾ ਚਾਹੀਦਾ ਹੈ। ਲੰਘੇ ਸਾਲ ਵਿਚਲੇ ਚੰਗੇ ਕੰਮਾਂ ਨੂੰ ਕੁੱਛੜ ਚੁੱਕ ਕੇ ਅੰਦਰ ਲੈ ਆਵੋ, ਪਰ ਬੁਰਿਆਈਆਂ ਉਥੇ ਹੀ ਛੱਡ ਬੂਹੇ ਭੇੜ ਲਵੋ। ਪ੍ਰਣ ਕਰ ਲਵੋ ਕਿ ਜੋ ਕੁਤਾਹੀਆਂ ਅਸੀਂ ਵਿਛੜੇ ਵਰ੍ਹੇ ਕਰ ਬੈਠੇ ਹਾਂ, ਇਸ ਵਰ੍ਹੇ ਨਹੀਂ ਕਰਨੀਆਂ। ਦਿਲਾਂ ਵਿੱਚ ਸਜਾਏ ਖਾਬ, ਜੋ ਪਿਛਲਾ ਵਰ੍ਹਾ ਨਹੀਂ ਪੂਰ ਚੜ੍ਹਾਅ ਸਕਿਆ, ਉਨ੍ਹਾਂ ਨੂੰ ਨਵਾਂ ਸਾਲ ਪੂਰਾ ਕਰ ਦੇਵੇਗਾ। ਦਿਲ ਛੋਟਾ ਕਰ ਉਮੀਦਾਂ ਛੱਡਣ ਵਾਲਿਆਂ ਨੂੰ ਆਖਾਂਗਾ ਕਿ ਆਸ ਨਾਲ ਹੀ ਮੁਰਾਦ ਹੁੰਦੀ ਹੈ, ਮਿੱਥੇ ਟੀਚਿਆਂ ਉਤੇ ਡਟੇ ਰਹਿਣਾ ਹੀ ਸਫਲਤਾ ਦੀ ਨਿਸ਼ਾਨੀ ਹੈ।

ਚੜ੍ਹੇ ਨਵੇਂ ਸਾਲ ਦੀਆਂ ਹੋਣ ਸਭ ਨੂੰ ਮੁਬਾਰਕਾਂ।
ਪੂਰੇ ਭਾਈਚਾਰੇ ਅਤੇ ਪੂਰੇ ਜੱਗ ਨੂੰ ਮੁਬਾਰਕਾਂ।
ਸਾਧ ਨੂੰ ਵੀ ਚੋਰ ਨੂੰ ਵੀ ਨਾਲੇ ਠੱਗ ਨੂੰ ਮੁਬਾਰਕਾਂ।
ਹਵਾ ਨੂੰ ਵੀ ਪਾਣੀ ਨੂੰ ਵੀ ਨਾਲੇ ਅੱਗ ਨੂੰ ਮੁਬਾਰਕਾਂ।
ਵਿਰਸੇ ਨੂੰ ਤੇ ਧਰਮ ਨੂੰ ਸਾਡੀ ਪੱਗ ਨੂੰ ਮੁਬਾਰਕਾਂ।
ਨਿੰਮੇ ਡੱਲੇਵਾਲੇ ਵੱਲੋਂ ਸੱਚੇ ਰੱਬ ਨੂੰ ਮੁਬਾਰਕਾਂ।

# AVANTE'

## BANQUETS & CONFERENCE CENTER







**Cheers to 2024 as a new year!**

## CATERED WEDDING PACKAGE

*INCLUDES THE FOLLOWING:*

6 Hour Venue Rental *Time Extensions are Available
Custom Wedding Cake
Elegant White Linen & Napkins with Floor Length Tablecloth
Champagne Chiavari Chairs
Silk Floral Centerpieces with 12" Mirror
Private Bridal Suite Featuring a Makeup Table & Private Restroom 4
4 Hours Open Bar with Premium Alcohol (with Alcohol Package)
Wine Service Through-out Dinner (with Alcohol Included)
Includes All White Plate-ware, Upgraded Silver Flatware and Glassware
Room Floor-plan Coordinator *Complimentary Parking*
Beautiful Landscape with Carriage, Perfect for Photo Opportunities
20% Service Charge and 8% Sales Tax will be added to All Services



## ADDITIONAL UPGRADES

**LUXURIOUS WHITE LEATHER GUEST OF HONOR CHAIRS**
Choose our plush chairs to help you stand out. And make you feel even more special on your beautiful wedding day.

**CHAMPAGNE TOAST FOR EVERYONE**
Let your guests help to celebrate YOU on YOUR day while raising a glass in your honor.

**DRAPERY:** Beautiful, flowing white drapery to use behind your head table.
**UPLIGHTING:** Includes 6 multicolor LED up lights (Multiple Sets Available)

**SWEET TABLE PACKAGES**
TRADITIONAL and DELUXE

**DISPLAYS:**
ANTIPASTO DISPLAY
MEDITERRANEAN DISPLAY
SEAFOOD TOWER DISPLAY
CALAMARI PLATTER

**Late Night Eats Packages**

**(847) 287-1006**

**1050 Northwest Hwy,
Fox River Grove, IL 60021**

**Office@AvanteBanquets.com
www.AvanteBanquets.com**